Restaurant Supply (Wholesaler)
ਉੱਚ ਕੁਆਲਿਟੀ ਦੇ ਭਾਂਡਿਆਂ, ਪਤੀਲੇ, ਕੁੱਕਵੇਅਰ, ਸਰਵਵੇਅਰ, ਕਮਰਸ਼ੀਅਲ ਜੂਸਰ, ਐਸਪਰੈਸੋ ਮਸ਼ੀਨਾਂ ਅਤੇ ਰੈਸਟੋਰੈਂਟ ਸਪਲਾਈ ਲਈ ਹਰ ਤਰ੍ਹਾਂ ਦੇ ਸਾਮਾਨ ਲਈ ਸਾਡੇ ਨਾਲ ਸੰਪਰਕ ਕਰੋ:
Prag International
Ravi Kapoor (CEO)
1125 Howard Street. Elk Grove Village. IL 60007
Ph: 847-979-5970. 847-979-5990. 847-228-0150, pragint@aol.com

Regal Jewels
773-262-4377 www.RegalJewels.com
22KT 24KT


Buying/Selling *in Michigan*
All types of Residential & Commercial properties. Gas Stations, Liquor Stores, Hotels, Plazas, Truck Terminals etc.
CANTON REALTY
Raj S. Shergill
Broker
5820 N Canton Center Rd, Suite 145
734-751-4455 (Cell)
Rajsshergill@Yahoo.com

Twenty-Fifth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 26, Issue 9; March 1, 2025
20451 N. Plum Grove Rd., Palatine, IL 60074
Ph:847-359-0746, Fax:847-705-9388

## ਸੱਜਣ ਕੁਮਾਰ ਨੂੰ ਦੋਹਰੀ ਉਮਰ ਕੈਦ



ਨਵੀਂ ਦਿੱਲੀ: ਦਿੱਲੀ ਦੇ ਸਿੱਖ ਵਿਰੋਧੀ ਦੰਗਿਆਂ ਨਾਲ ਜੁੜੇ ਕਤਲੇਆਮ ਵਿਚ 41 ਸਾਲ ਬਾਅਦ ਸਾਊਥ ਐਵੇਨਿਊ ਦੀ ਵਿਸ਼ੇਸ਼ ਅਦਾਲਤ ਨੇ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਨੂੰ ਉਮਰਕੈਦ ਦੀ ਸਜ਼ਾ ਸੁਣਾਈ। ਉਹ ਪਹਿਲਾਂ ਵੀ ਇਕ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਹੈ।ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਪਹਿਲੀ ਨਵੰਬਰ, 1984 ਨੂੰ ਦਿੱਲੀ ਦੇ ਸਰਸਵਤੀ ਵਿਚਾਰ ਵਿਚ ਜਸਵੰਤ ਸਿੰਘ ਤੇ ਉਨ੍ਹਾਂ ਦੇ ਪੁੱਤ ਤਰੁਣਦੀਪ ਸਿੰਘ ਦੀ ਹੱਤਿਆ ਦੇ ਮਾਮਲੇ ਵਿਚ ਇਹ ਸਜ਼ਾ ਸੁਣਾਈ। ਇਸ ਦੇ ਨਾਲ ਹੀ ਆਈਪੀਸੀ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਉਸਨੂੰ ਇਕ ਤੋਂ ਲੈ ਕੇ ਦਸ ਸਾਲ ਤੱਕ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ। ਸਾਰੀਆਂ ਸਜ਼ਾਵਾਂ ਇਕੱਠਿਆਂ ਚੱਲਣਗੀਆਂ।

ਅਦਾਲਤ ਨੇ ਕਿਹਾ ਕਿ ਸੱਜਣ ਕੁਮਾਰ ਦੀ ਉਮਰ (30 ਸਾਲ) ਅਤੇ ਬਿਮਾਰੀ ਨੂੰ ਦੇਖਦੇ ਹੋਏ ਉਸਨੂੰ ਮੌਤ ਦੀ ਸਜ਼ਾ ਦੀ ਬਜਾਏ ਘੱਟ ਸਜ਼ਾ ਮਿਲਣੀ ਚਾਹੀਦੀ ਹੈ। ਹਾਲਾਂਕਿ, ਮਾਮਲੇ ਵਿਚ ਦੇ ਨਿਰਦੇਸ਼ ਵਿਅਕਤੀਆਂ ਦੀ ਹੱਤਿਆ

ਕੋਈ ਘੱਟ ਗੰਭੀਰ ਅਪਰਾਧ ਨਹੀਂ ਹੈ ਪਰ ਇਹ ਦੁਰਲਭ ਤੋਂ ਦੁਰਲਭ (ਰੇਅਰੇਸਟ ਆਫ ਫੇਅਰ) ਨਹੀਂ ਹੈ। ਜੱਜ ਨੇ ਕਿਹਾ ਕਿ ਵਰਤਮਾਨ ਮਾਮਲੇ ਦੇ ਤੱਥਾਂ ਤੋਂ ਪਤਾ ਲੱਗਦਾ ਹੈ ਕਿ ਸੱਜਣ ਕੁਮਾਰ ਵੱਲੋਂ ਕੀਤੇ ਗਏ ਅਪਰਾਧ ਬਿਨਾਂ ਤੱਕ ਤਾਲਮਾਨਾ ਤੇ ਨਿੰਦਣਯੋਗ ਹਨ।

ਜੇਲ੍ਹ ਰਿਪੋਰਟ ਵਿਚ ਸੱਜਣ ਦੇ ਵਿਵਹਾਰ ਬਾਰੇ ਕੁਛ ਵੀ ਉਲਟ ਨਹੀਂ ਦੱਸਿਆ ਗਿਆ, ਉਸਦਾ ਆਚਰਣ ਸੰਤੋਸ਼ਜਨਕ ਸੀ।ਅਦਾਲਤ ਨੇ ਕਿਹਾ ਕਿ ਸਰਸਵਤੀ ਵਿਹਾਰ ਵਿਚ ਘਟੀ ਘਟਨਾ ਉਸੇ ਵਾਰਦਾਤ ਦਾ ਹਿੱਸਾ ਹੈ, ਜਿਸਦੇ ਲਈ ਦੋਸ਼ੀ ਨੂੰ ਹਾਈ ਕੋਰਟ ਵੱਲੋਂ 17 ਦਸੰਬਰ 2018 ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਉਸ ਮਾਮਲੇ ਵਿਚ ਸੱਜਣ ਨੂੰ ਪੰਜ ਨਿਰਦੋਸ਼

(ਬਾਕੀ ਸਫ਼ਾ 4 ’ਤੇ)

## ਹੁਕਮਨਾਮਾ ਲਾਗੂ ਕਰਵਾਉਣ ਲਈ ਸ਼ਹਾਦਤ ਦੇਣ ਤੋਂ ਗੁਰੇਜ਼ ਨਹੀਂ ਕਰਾਂਗਾ: ਗਿਆਨੀ ਹਰਪ੍ਰੀਤ ਸਿੰਘ

### ਸ਼੍ਰੋਮਣੀ ਅਕਾਲੀ ਦਲ ਦੇ ਰਹਿ ਚੁੱਕੇ ਪ੍ਰਧਾਨ, ਮੈਂਬਰ ਪਾਰਲੀਮੈਂਟ, ਵਿਧਾਇਕ, ਆਗੂ, ਮੈਂਬਰ ਆਦਿ ਨੂੰ ਸੱਤ ਮੈਂਬਰੀ ਕਮੇਟੀ ਵਿਚ ਕੀਤਾ ਗਿਆ ਹੈ ਸ਼ਾਮਲ



**ਫਰੀਦਕੋਟ:** ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਉਹ 2 ਦਸੰਬਰ 2024 ਦੇ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮੇ ਨੂੰ ਲਾਗੂ ਕਰਵਾਉਣ ਲਈ ਸੰਘਰਸ਼ ਜਾਰੀ ਰੱਖਣਗੇ। ਗੁਰਦੁਆਰਾ ਗਰੀਨ ਐਵੀਨਿਊ ਫਰੀਦਕੋਟ ‘ਚ ਸਮਾਗਮ ਮੌਕੇ ਉਨ੍ਹਾਂ ਦਾਅਵਾ ਕੀਤਾ ਕਿ ਉਹ ਉਕਤ ਹੁਕਮਨਾਮਾ ਲਾਗੂ ਕਰਵਾਉਣ ਲਈ ਸ਼ਹਾਦਤ ਦੇਣ ਤੋਂ ਵੀ ਗੁਰੇਜ਼ ਨਹੀਂ ਕਰਨਗੇ। ਉਹਨਾਂ ਕਿਹਾ ਕਿ ਰਾਜਨੀਤਕ ਅਤੇ ਧਾਰਮਿਕ ਖੇਤਰ ਵਿੱਚ ਨੌਜਵਾਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ, ਕਿਉਂਕਿ ਕਿਸੇ ਵੀ ਸਿੱਖ ਸੰਸਥਾ, ਸਿੱਖ ਜਥੇਬੰਦੀ ਜਾਂ ਕੌਮ ਨੂੰ ਮਜ਼ਬੂਤ ਕਰਨ ਲਈ ਸਿਰਫ ਨੌਜਵਾਨ ਹੀ ਅਹਿਮ ਯੋਗਦਾਨ ਪਾ ਸਕਦੇ ਹਨ। ਉਨ੍ਹਾਂ ਕਿਹਾ ਕਿ ਮਨਜਿੰਦਰ ਸਿੰਘ ਸਿਰਸਾ ਨੂੰ ਲੈ ਕੇ ਉਨ੍ਹਾਂ ਵੱਲੋ ਕੋਈ ਬਿਆਨ ਨਹੀਂ ਦਿੱਤਾ ਗਿਆ, ਜਿਸ ਦਾ ਵੀਡੀਓ ਕਲਿਪ ਦੇਖ ਕੇ ਪਤਾ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਧਰਮ ਲਈ ਅਕਾਲ ਤਖ਼ਤ ਸਾਹਿਬ ਵਿੱਚ ਮਰਿਆਦਾ ਹੈ ਕਿ ਕਿਸੇ ਦਾੜ੍ਹੀ ਕੱਟਣ ਜਾਂ ਰੰਗਣ ਵਾਲੇ ਨੂੰ ਅਕਾਲ ਤਖਤ ਸਾਹਿਬ ਸਾਹਮਣੇ ਪੇਸ਼ ਨਹੀਂ ਕੀਤਾ ਜਾ ਸਕਦਾ,ਇਹ ਸ਼ਬਦ ਜਥੇਦਾਰ ਸੁਲਤਾਨ ਸਿੰਘ ਨੇ ਬੋਲੇ ਸਨ।

7 ਮੈਂਬਰੀ ਕਮੇਟੀ ਵਿੱਚ ਕੁਝ ਪਤਿਤ ਲੋਕ ਸ਼ਾਮਲ ਹੋਣ ਦੇ ਸਵਾਲ ਦੇ ਜਵਾਬ ‘ਚ ਉਹਨਾਂ ਕਿਹਾ ਕਿ ਉਨ੍ਹਾਂ ਕਿਸੇ ਵੀ ਪਤਿਤ ਨੂੰ ਮੈਂਬਰ ਨਹੀਂ ਬਣਾਇਆ। ਸਭ ਸ੍ਰੋਮਣੀ ਅਕਾਲੀ ਦਲ ਦੇ ਰਹਿ ਚੁੱਕੇ ਪ੍ਰਧਾਨ, ਮੈਂਬਰ ਪਾਰਲੀਮੈਂਟ, ਵਿਧਾਇਕ, ਆਗੂ, ਮੈਂਬਰ ਆਦਿ ਹਨ, ਜਿਨ੍ਹਾਂ ਨੂੰ ਸੱਤ ਮੈਂਬਰੀ ਕਮੇਟੀ ਵਿੱਚ ਸ਼ਾਮਲ ਕੀਤਾ ਗਿਆ ਹੈ।

(ਬਾਕੀ ਸਫ਼ਾ 4 ’ਤੇ)

ਘਰ ਦੀ ਵਿਕਰੀ ਅਤੇ ਖਰੀਦ ਲਈ ਅੱਜ ਹੀ ਕਾਲ ਕਰੋ
Buying or Selling Home?
Contact PRADEEP SINGH
COLDWELL BANKER REALTY
SCAN TO BEGIN YOUR HOME SEARCH
847-322-5832
ishowhomes@yahoo.com
1501 E Woodfield Rd Ste 113E, Schaumburg 60173

India Palace Restaurant And Banquet Hall
Best Price Wholesale
Ph: 630-400-0996
Lakhvir S. Johal
Ph: 317-709-7800
Restaurant-Fine Indian Cuisine
(Ph: 317-298-0773)
Banquet Hall Available Up to 550 People
Amber Carmel Ph: 317-580-0828
Amber Indianapolis Ph: 317-578-4400
Royal, Indianapolis, 317-893-2633
Desi Bazar Grocery Store Restaurant, Ph: 317-888-2040
Desi Bazar Indianapolis, Ph: 317-709-7800

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com
University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

Bhaura Transport LLC
Noblesville, IN
ਡਰਾਈਵਰਾਂ ਦੀ ਲੋੜ ਹੈ
*ਵੈਲਿਡ ਸੀ ਡੀ ਐਲ ਏ ਲਾਈਸੈਂਸ
*ਘੱਟੋ ਘੱਟ 2 ਸਾਲ ਦਾ ਤਜਰਬਾ
*ਖਾਲੀ ਅਤੇ ਲੋਡ ਸਮੇਤ ਮੀਲ .55 ਸੈਂਟ
*ਸਾਈਨ ਔਨ ਬੋਨਸ
*ਹਰ ਵੀਕਐਂਡ ’ਤੇ ਪੱਕਾ ਘਰ
*ਡਾਇਰੈਕਟ ਡਿਪਾਜ਼ਿਟ ਵੀ ਹੋ ਸਕਦਾ ਹੈ
*ਹਫਤਾਵਾਰ ਮੀਲ 3000 ਤੋਂ 4000
*ਪ੍ਰੀ-ਪਾਸ, ਈ ਜ਼ੀ ਪਾਸ ਅਤੇ ਫਿਊਲ ਕਾਰਡ ਦਿੱਤਾ ਜਾਵੇਗਾ
*ਇੰਡੀਆਨਾ, ਨਿਊ ਜਰਸੀ, ਨਿਊ ਯਾਰਕ ਅਤੇ ਪੈਨਸਿਲਵੇਨੀਆ ਦੇ ਪੱਕੇ ਲੋਡ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਅਵਤਾਰ ਸਿੰਘ
ਫੋਨ: 317-403-0493

Devon COME VISIT US
Regal Jewels
773-262-4377 www.RegalJewels.com
LITTLE INDIA CHICAGO
2625 W. Devon Ave. Chicago, IL 60659
www.RegalJewels.com
PH: 773-262-4377 WA: 773-517-0574

# ਕੁਰੂਕਸ਼ੇਤਰ ਯੂਨੀਵਰਸਿਟੀ ਨੇ ਕਰਵਾਇਆ 15ਵਾਂ ਪ੍ਰੋਫ਼ੈਸਰ ਅਮਰਜੀਤ ਸਿੰਘ ਕਾਂਗ ਯਾਦਗਾਰੀ ਭਾਸ਼ਣ

## ‘ਪੰਜਾਬ ਟਾਈਮਜ਼’ ਦੁਨੀਆ ਦਾ ਨੰਬਰ ਇਕ ਅਖਬਾਰ: ਹਰਪਾਲ ਸਿੰਘ ਪੰਨੂ

**ਕੁਰੂਕਸ਼ੇਤਰ:** ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਦੇ ਪੰਜਾਬੀ ਵਿਭਾਗ ਵੱਲੋਂ ਫ਼ੈਕਲਟੀ ਲਾਂਜ ਵਿਚ ਵਿਸ਼ਵ ਮਾਤ-ਭਾਸ਼ਾ ਦਿਹਾੜੇ ਨੂੰ ਸਮਰਪਿਤ 15ਵਾਂ ਪ੍ਰੋਫ਼ੈਸਰ ਅਮਰਜੀਤ ਸਿੰਘ ਕਾਂਗ ਯਾਦਗਾਰੀ ਭਾਸ਼ਣ ਕਰਵਾਇਆ ਗਿਆ, ਜਿਸ ਦਾ ਵਿਸ਼ਾ ‘ਪੰਜਾਬੀ ਸਾਹਿਤ ਵਿਚ ਜਨਮਸਾਖੀ ਪਰੰਪਰਾ’ ਰਿਹਾ। ਜ਼ਿਕਸਯੋਗ ਹੈ ਕਿ ਡਾ. ਕਾਂਗ ਨੇ ਹਰਿਆਣਾ ਵਿਚ ਪੰਜਾਬੀ ਭਾਸ਼ਾ ਲਈ ਬਹੁਤ ਕੰਮ ਕੀਤਾ ਹੈ, ਜਿਸ ਤਹਿਤ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵੱਲੋਂ ਹਰ ਸਾਲ ਉਨ੍ਹਾਂ ਦੀ ਯਾਦ ਵਿਚ ਸਮਾਗਮ ਕਰਵਾਇਆ ਜਾਂਦਾ ਹੈ। ਉਹ ਯੂਨੀਵਰਸਿਟੀ ਦੇ ਪੰਜਾਬੀ ਡਿਪਾਰਟਮੈਂਟ ਦੇ ਪਹਿਲੇ ਹੈੱਡ ਸਨ।

ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਕੁਲਦੀਪ ਸਿੰਘ ਨੇ ਆਪਣੇ ਸੁਆਗਤੀ ਸ਼ਬਦਾਂ ਰਾਹੀਂ ਡਾ. ਅਮਰਜੀਤ ਸਿੰਘ ਕਾਂਗ ਦੀ ਸ਼ਖਸੀਅਤ ਤੋਂ ਵਿਦਿਆਰਥੀਆਂ ਅਤੇ ਆਏ ਹੋਏ ਮਹਿਮਾਨਾਂ ਨੂੰ ਜਾਣੂ ਕਰਵਾਇਆ ਅਤੇ ਪ੍ਰੋਗਰਾਮ ਵਿਚ ਪਹੁੰਚੇ ਮਹਿਮਾਨਾਂ ਦਾ ਫੁੱਲਾਂ ਦੇ ਗੁਲਦਸਤੇ ਭੇਟ ਕਰ ਕੇ ਸੁਆਗਤ ਕੀਤਾ। ਉਨ੍ਹਾਂ ਕਿਹਾ ਕਿ ਪ੍ਰੋਫੈਸਰ ਅਮਰਜੀਤ ਸਿੰਘ ਕਾਂਗ ਨੇ 1979 ਵਿਚ ਪੰਜਾਬੀ ਵਿਭਾਗ ਦੀ ਸਥਾਪਨਾ ਤੋਂ ਹੀ ਵਿਭਾਗ ਦੇ ਸਾਰੇ ਅਧਿਆਪਕਾਂ ਨਾਲ ਇਕ ਸੂਤਰ ਹੋ ਕੇ ਅਕਾਦਮਿਕ ਅਤੇ ਪ੍ਰਸ਼ਾਸਨਿਕ ਸਰਗਰਮੀਆਂ ਰਾਹੀਂ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਜਿਉਂਦਾ ਰੱਖਿਆ। ਇਸ ਮੌਕੇ ਪ੍ਰੋ. ਹਰਪਾਲ ਸਿੰਘ ਪੰਨੂ ਚੇਅਰਮੈਨ, ਗੁਰੂ ਗੋਬਿੰਦ ਸਿੰਘ ਚੇਅਰ, ਸੈਂਟਰਲ ਯੂਨੀਵਰਸਿਟੀ, ਬਠਿੰਡਾ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕਰਦਿਆਂ ਆਪਣੇ ਬਚਪਨ ਵਿਚ ਪੜ੍ਹਾਈ ਲਈ ਕੀਤੇ ਸੰਘਰਸ਼ ਬਾਰੇ ਦੱਸਿਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਲਗਨ ਅਤੇ ਪ੍ਰਤੀਬੱਧਤਾ ਨਾਲ ਹਰੇਕ ਕੰਮ ਕਰਨ ਲਈ ਪ੍ਰੇਰਿਆ। ਉਨ੍ਹਾਂ ਨੇ ਵਿਭਿੰਨ ਗ੍ਰੰਥਾਂ ਦੇ ਬਚਨਾਂ ਦੇ ਹਵਾਲੇ ਨਾਲ ਭਾਰਤੀ ਪੁਰਾਤਨ ਦਰਸ਼ਨ ਦੀ ਪਰੰਪਰਾ ਦੀ ਮਹਾਨਤਾ ਬਾਰੇ ਚਰਚਾ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪੰਜਾਬੀ ਸਾਹਿਤ ਵਿਚ ਜਨਮ ਸਾਖੀ ਸਾਹਿਤ ਦੇ ਮਹੱਤਵ ਨੂੰ ਉਜਾਗਰ ਕਰਦਿਆਂ ਦੱਸਿਆ ਕਿ ਜਨਮ ਸਾਖੀਆਂ ਪ੍ਰਤੀਕਾਂ ਰਾਹੀਂ ਸਾਡੀ ਰਹਿਨੁਮਾਈ ਕਰਦੀਆਂ ਹਨ। ਉਨ੍ਹਾਂ ਚਾਰ ਪ੍ਰਮੁੱਖ ਜਨਮ ਸਾਖੀਆਂ ਦਾ ਜ਼ਿਕਰ ਕੀਤਾ ਅਤੇ ਭਾਈ ਬਾਲੇ ਵਾਲੀ ਜਨਮ ਸਾਖੀ ਨੂੰ ਸਾਰੀਆਂ ਜਨਮ ਸਾਖੀਆਂ ਵਿਚੋਂ ਵਧੇਰੇ ਦਿਲਚਸਪ ਦੱਸਦਿਆਂ ਇਸ ਸਾਖੀ ਵਿਚਲੀਆਂ ਵੱਖ-ਵੱਖ ਸਾਖੀਆਂ ਬਾਰੇ ਵਿਚਾਰ-ਚਰਚਾ ਕੀਤੀ। ਉਨ੍ਹਾਂ ਦੇ ਪੰਜਾਬੀ ਦੇ ਪ੍ਰਸਿੱਧ ਵਿਦਵਾਨ ਪ੍ਰੋ. ਪੂਰਨ ਸਿੰਘ ਅਤੇ ਪ੍ਰੋ. ਮੋਹਨ ਸਿੰਘ ਦੀਵਾਨਾ ਦੀ ਵਿਚਾਰਧਾਰਾ ਦੇ ਹਵਾਲੇ ਨਾਲ ਜਨਮਸਾਖੀ ਪਰੰਪਰਾ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਭਾਈ ਸੰਤੋਖ ਸਿੰਘ ਜੀ ਰਚਿਤ ‘ਗੁਰਪ੍ਰਤਾਪ ਸੂਰਜ ਗ੍ਰੰਥ’ ਵਿਚ ਗੁਰੂ ਨਾਨਕ ਦੇਵ ਜੀ ਦੀ ਸ਼ਖਸੀਅਤ ਬਾਰੇ ਚਰਚਾ ਕੀਤੀ। ਉਨ੍ਹਾਂ ਦੱਸਿਆ ਕਿ ਚਾਰ ਪ੍ਰਮੁੱਖ ਜਨਮ ਸਾਖੀਆਂ ਨੂੰ ਪੰਜਾਬੀ ਯੂਨਿਵਰਸਿਟੀ ਪਟਿਆਲਾ ਵੱਲੋਂ ‘ਜਨਮਸਾਖੀ ਪਰੰਪਰਾ’ ਦੇ ਸਿਰਲੇਖ ਹੇਠ ਛਾਪਿਆ ਗਿਆ ਹੈ ਅਤੇ ਸਾਹਿਤ ਦੇ ਹਰ ਵਿਦਿਆਰਥੀ ਨੂੰ ਇਨ੍ਹਾਂ ਜਨਮ ਸਾਖੀਆਂ ਦਾ ਅਧਿਐਨ ਲਾਜ਼ਮੀ ਕਰਨਾ ਚਾਹੀਦਾ ਹੈ। ‘ਪੰਜਾਬ ਟਾਈਮਜ਼’ ਬਾਰੇ ਗੱਲਬਾਤ ਕਰਦਿਆਂ ਪ੍ਰੋ. ਹਰਪਾਲ ਸਿੰਘ ਪੰਨੂ ਨੇ ਕਿਹਾ ਕਿ ਦੁਨੀਆ ਭਰ ਵਿਚ ਇਹ ਅਖਬਾਰ ਪੜ੍ਹਿਆ ਜਾਂਦਾ ਹੈ ਅਤੇ ਇਹ ਦੁਨੀਆ ਦਾ ਨੰਬਰ ਇਕ ਅਖਬਾਰ ਹੈ।

ਇਸ ਮੌਕੇ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਰਜਿਸਟਰਾਰ ਲੈਫਟੀਨੈਂਟ ਡਾ. ਵੀਰੇਂਦਰ ਪਾਲ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਉਨ੍ਹਾਂ ਨੇ ਪ੍ਰੋ. ਅਮਰਜੀਤ ਸਿੰਘ ਕਾਂਗ ਵੱਲੋਂ ਹਰਿਆਣੇ ਵਿਚ ਪੰਜਾਬੀ ਭਾਸ਼ਾ ਲਈ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਪ੍ਰੋ. ਹਰਪਾਲ ਸਿੰਘ ਪੰਨੂ ਦੇ ਚਿਰਕਾਲੀ ਅਧਿਐਨ ਕਾਰਜ ਨੂੰ ਗਿਆਨ ਦਾ ਇਨਸਾਈਕਲੋਪੀਡੀਆ ਆਖਿਆ। ਪ੍ਰੋ. ਸੁਹਿੰਦਰ ਬੀਰ ਨੇ ਪ੍ਰੋ. ਅਮਰਜੀਤ ਸਿੰਘ ਦੀ ਕਾਬਲੀਅਤ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਦੀ ਪੰਜਾਬੀ ਭਾਸ਼ਾ ਨੂੰ ਅਦੁੱਤੀ ਦੇਣ ਬਾਰੇ ਦੱਸਿਆ। ਮਾਤ ਭਾਸ਼ਾ ਦਿਵਸ ਬਾਰੇ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਮਾਤ-ਭਾਸ਼ਾਵਾਂ ਨੂੰ ਅਲੋਪ ਹੋਣ ਤੋਂ ਬਚਾਉਣ ਲਈ ਯੂਨੈਸਕੋ ਕਮੇਟੀ ਨੇ 1999 ਵਿਚ ਸਾਰੇ ਵਿਸ਼ਵ ਵਿਚ ਮਾਤ ਭਾਸ਼ਾ ਦਿਵਸ ਮਨਾਉਣਾ ਸ਼ੁਰੂ ਕੀਤਾ। ਸਮਾਗਮ ਦੌਰਾਨ ‘ਪੰਜਾਬ ਟਾਈਮਜ਼’ ਤੋਂ ਮੈਡਮ ਜਸਪ੍ਰੀਤ ਕੌਰ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ ਆਪਣੇ ਸੰਬੋਧਨ ਦੌਰਾਨ ਵਿਦਿਆਰਥੀਆਂ ਨੂੰ ਪੱਤਰਕਾਰੀ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਪ੍ਰੋ. ਕਾਂਗ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਵਲੋਂ ਪੰਜਾਬੀ ਭਾਸ਼ਾ ਲਈ ਕੀਤੇ ਕਾਰਜਾਂ ਦੀ ਸ਼ਲਾਘਾ ਕੀਤੀ। ਪੰਜਾਬੀ ਵਿਭਾਗ ਵਲੋਂ ਉਨ੍ਹਾਂ ਦੇ ਕੀਤੇ ਮਾਣ-ਸਨਮਾਨ ਲਈ ਉਨ੍ਹਾਂ ਵਿਭਾਗ ਦਾ ਧੰਨਵਾਦ ਵੀ ਕੀਤਾ।























ਪ੍ਰੋਗਰਾਮ ਦੀ ਪ੍ਰਧਾਨਗੀ ਸਾਬਕਾ ਚੇਅਰਪਰਸਨ ਗੁਰੂ ਨਾਨਕ ਸਿੱਖ ਅਧਿਐਨ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪ੍ਰੋਫ਼ੈਸਰ ਜਸਪਾਲ ਕੌਰ ਕਾਂਗ ਨੇ ਕੀਤੀ। ਉਨ੍ਹਾਂ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਪ੍ਰੋ. ਅਮਰਜੀਤ ਸਿੰਘ ਕਾਂਗ ਦੀ ਕੰਮ ਪ੍ਰਤੀ ਲਗਨ, ਆਦਰਸ਼ਮਈ ਸੁਭਾਅ ਅਤੇ ਪ੍ਰਤੀਬੱਧਤਾ ਪੰਜਾਬੀ ਸਾਹਿਤ ਜਗਤ ਲਈ ਸਦੀਵੀ ਪ੍ਰੇਰਨਾ ਸ੍ਰੋਤ ਹੈ। ਇਸ ਮੌਕੇ ਸ਼ਿਰਕਤ ਕਰਨ ਵਾਲੇ ਮਹਿਮਾਨਾਂ ਨੂੰ ਵਿਭਾਗ ਵੱਲੋਂ ਫੁਲਕਾਰੀਆਂ ਅਤੇ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ। ਯੂਨੀਵਰਸਟੀ ਵਿਚ ਸੇਵਾਵਾਂ ਨਿਭਾ ਰਹੇ ਪ੍ਰੋਫ਼ੈਸਰ ਪੁਸ਼ਪਾ ਰਾਣੀ (ਡੀਨ, ਕਲਾ ਅਤੇ ਭਾਸ਼ਾਵਾਂ), ਪ੍ਰੋਫ਼ੈਸਰ ਮਨੋਜ ਜੋਸ਼ੀ, ਪ੍ਰੋਫ਼ੈਸਰ ਸੰਜੀਵ ਸ਼ਰਮਾ, ਪ੍ਰੋਫ਼ੈਸਰ ਸੁਭਾਸ਼, ਪ੍ਰੋਫ਼ੈਸਰ ਰਮੇਸ਼ ਸਿਰੋਹੀ, ਪ੍ਰੋਫ਼ੈਸਰ ਨੀਰਾ ਰਾਘਵ, ਪ੍ਰੋਫ਼ੈਸਰ ਮਹਾਵੀਰ ਰੰਗਾ, ਡਾ. ਅਜਾਇਬ ਸਿੰਘ, ਡਾ. ਗੁਰਚਰਨ ਸਿੰਘ ਗੈਰੀ, ਡਾ. ਹਰਵਿੰਦਰ ਸਿੰਘ ਲੌਂਗੋਵਾਲ, ਜਿਤੇਂਦਰ ਜਾਂਗੜਾ, ਡਾ. ਵਿਜੈ ਸ੍ਰੀ, ਡਾ. ਸੁਖਜੀਤ ਕੌਰ ਨੇ ਸਮਾਰੋਹ ਵਿਚ ਸ਼ਿਰਕਤ ਕਰ ਕੇ ਪ੍ਰੋਗਰਾਮ ਦੀ ਸ਼ੋਭਾ ਵਿਚ ਵਾਧਾ ਕੀਤਾ। ਹਰਿਆਣਾ ਪ੍ਰਾਂਤ ਦੇ ਵੱਖ-ਵੱਖ ਕਾਲਜਾਂ ਅਤੇ ਸਕੂਲਾਂ ਤੋਂ ਪੁੱਜੇ ਅਧਿਆਪਕ ਸਾਹਿਬਾਨ ਡਾ. ਬਲਵਾਨ, ਡਾ. ਵੇਦਪਾਲ, ਡਾ. ਬਲਵਿੰਦਰ, ਸਹਾਇਕ ਪ੍ਰੋਫ਼ੈਸਰ ਅੰਮ੍ਰਿਤਪਾਲ, ਜਿਤੇਂਦਰ ਪਾਲ, ਦਲਵੀਰ ਕੌਰ, ਮਾਸਟਰ ਰਾਮ ਕੁਮਾਰ, ਬਲਜੀਤ, ਪ੍ਰਦੀਪ ਅਤੇ ਸਮਾਜ ਸੇਵੀ ਕੈਪਟਨ ਪਰਮਜੀਤ ਸਿੰਘ ਅਤੇ ਜਸਵਿੰਦਰ ਸਿੰਘ ਸ਼ੇਰਗਿੱਲ ਦੀ ਸ਼ਮੂਲੀਅਤ ਨੇ ਇਸ ਪ੍ਰੋਗਰਾਮ ਦੀ ਸਾਰਥਕਤਾ ਵਿਚ ਵਿਸ਼ੇਸ਼ ਭੂਮਿਕਾ ਨਿਭਾਈ। ਪ੍ਰੋਗਰਾਮ ਦਾ ਮੰਚ ਸੰਚਾਲਨ ਵਿਭਾਗ ਦੇ ਅਸਿਸਟੈਂਟ ਪ੍ਰੋਫ਼ੈਸਰ ਡਾ. ਗੁਰਪ੍ਰੀਤ ਸਿੰਘ ਸਾਹੂਵਾਲਾ ਨੇ ਕੀਤਾ। ਪ੍ਰੋਗਰਾਮ ਦੇ ਅੰਤ ਵਿਚ ਡਾ. ਲਤਾ ਖੇੜਾ ਨੇ ਹਾਜ਼ਰੀਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਵਿਚੋਂ ਵਿਦਵਾਨਾਂ ਨੇ ਸ਼ਿਰਕਤ ਕੀਤੀ।

*-ਰਿਪੋਰਟ: ਡਾ. ਲਤਾ ਖੇੜਾ*
*ਫੋਨ: 99924-15320*

# Change of Name

I SATISH KUMAR S/O Yash Pal Rai, mother Mansa Devi Residence of H. No 148 MS Enclave Dhakol, Zirakpur SAS Nagar, 160104. Now living at 104 Irondale CT, Louisville, KY, 40245. Declared that I have spitting my name as Given name SATISH Surname KUMAR. Concerned may note. For contact My phone #5026500140

## ਕੁੱਕ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ

Mansfield (Ohio) ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਭਾਰਤੀ ਕੁੱਕ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ।

* ਕੰਮ ਦੇ ਤਜਰਬੇ ਦੇ ਆਧਾਰ 'ਤੇ ਚੰਗੀ ਤਨਖਾਹ ਦਿੱਤੀ ਜਾਵੇਗੀ। * ਰਿਹਾਇਸ਼ ਫਰੀ



ਚਾਹਵਾਨ ਸੰਪਰਕ ਕਰੋ:

**ਕੇ.ਬੀ., ਫੋਨ: 419-709-2732**

## ਤੰਦੂਰੀਏ ਅਤੇ ਕਿਚਨ ਹੈਲਪਰ ਦੀ ਫੌਰੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਅਤੇ ਕਿਚਨ ਹੈਲਪਰ ਦੀ ਲੋੜ ਹੈ।

* ਚੰਗੀ ਤਨਖਾਹ ਅਤੇ ਰਿਹਾਇਸ਼ ਫਰੀ



ਚਾਹਵਾਨ ਕਾਲ ਕਰੋ:

**ਮਿ. ਸਿੰਘ ਫੋਨ: 515-291-1961**


## SUPER TRAVEL

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

For Emergency Call anytime at 847-436-9010

EARLY BIRD SALE!!!!

Domestic fares available

## UMA TRAVELS



2541 W. Devon Ave.,
Chicago, IL 60659

For Delhi Amritsar-Bombay Ahmedabad, Hydrabad-Madras

Call For Special Sale Fares

**Call: 773-338-5603**


# Matrimonials

## ਲੜਕੇ ਦੀ ਲੋੜ ਹੈ

Ramgarhia family seeks a suitable match for their 35 Years old daughter, 5'-5", MBA, Divorced, 8 years old daughter, US citizen. All family well settled in California, USA. For more information please contact: +1 (559) 803-8860 or Email: Onelifeusa17@gmail.co

8-11

Sikh parents looking for a suitable match for their daughter, USA born 1992, 5'4" , vegetarian, non-drinker. She has completed B.S. EHS and Paralegal Studies. She is currently working in a reputable law firm. Looking for a Sikh groom who is a USA born, non-drinker, well-educated, respectful, kind heart and compatible with her personality. Caste no bar. Please send biodata and recent photos at 1-248-840-7938 (WhatsApp only). Marriage bureau, please excuse."

6-9

Jat Sikh family is looking for a suitable match for their beautiful daughter 38, 5'4". She has done her Bachelor of Commerce and Charted Accountant degree from India. Currently she is working as Finance Manager for Amazon in Seattle. She belongs to a well settled family in Mohali. Her Father is running his own business in Punjab. She is deeply rooted in strong family values. She has L1 Visa and her Green Card application is in progress. She moved to the USA in 2022. If interested please contact Darshan Dhillon at dhillondans@gmail.com, Phone: (360) 961-4387.

2-5

## ਲੜਕੀ ਦੀ ਲੋੜ ਹੈ

**Seeking a suitable match** (American citizen or Permanent Resident) for a 1992-born in Punjab, Boy, 5'8'' Education: B.Tech, MBA, MS in Business Analytics. Currently working as a **Business Analyst** in Chicago, USA. Belongs to a well-educated family: father (Retd. Principal), mother (Retd. Lecturer), and one elder brother (married, Production Engineer in the US). Looking for an educated and professional match. Caste No bar. Please contact at +91-7589242016(Whatsapp) and +1-7204996020

9-12

Jatt Sikh SF Bay Area family seeking bride for their USA born Son 25, 5'10". Our Son wears a turban and keeps his hair. He has a BS and MS in Computer Science and is well settled in his profession. Beyond education, girl must have a joint family-oriented mindset with good moral family values. Please Contact ph: 510 861 6491 or email: pgrrealty@gmail.com

Ramgarhia family seeks a suitable match for their son, born on 35, 5'-6", born in Ludhiana and raised in the US. He is a US citizen, never married, and working in healthcare field. Seeking a kind-hearted, family-oriented, and educated girl, preferably settled in the US or Canada. Please call 1 (312) 217-8849 or 1 262-515-8955

6-9

USA Citizen, handsome, Jatt Sinkh boy, 31, 5'8". Highly educated, high profile job as coordinator in California Govt. education department, Salary $ 12000/- per month. No sibling. Parents are well educated, US citizen, financially sound & contented. No bargaining, no demand, no bar. Whatsapp: +1-661-578-2261

5-8

Sikh Family looking for a professionally qualified match for their 36, 5'8" handsome, turbaned son. Shortly divorced with no kids. Currently working as a Senior Software Engineer in Investment Banking, Owns a house. On H1B with I-140 approved. Caste no bar. Contact us at +1 631-624-8279

5-8

ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੇ 24 ਸਾਲਾ 5'10" ਕੈਨੇਡੀਅਨ ਜੰਮਪਲ ਪਗੜੀਧਾਰੀ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨੀਅਰ ਦੀ ਡਿਗਰੀ ਕਰ ਕੇ ਵਧੀਆ ਨਾਮੀ ਇੰਜੀਨੀਅਰਿੰਗ ਫਰਮ ਵਿਚ ਕੰਮ ਕਰ ਰਿਹਾ ਹੈ। ਪਰਿਵਾਰਕ ਅਤੇ USA ਦੀ ਲੜਕੀ ਨੂੰ ਪਹਿਲ। ਚਾਹਵਾਨ ਸੰਪਰਕ ਕਰਨ: 604-763-7068 ਜਾਂ ਈ-ਮੇਲ ਕਰੋ gillco1977@gmail.com

5-8

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.


**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**

*847-359-0746*

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

## ਸੱਜਣ ਕੁਮਾਰ ਨੂੰ ਦੋਹਰੀ ਉਮਰ ਕੈਦ

*(ਪਹਿਲੇ ਸਫ਼ੇ ਦਾ ਬਾਕੀ)*

ਵਿਅਕਤੀਆਂ ਦੀ ਹੱਤਿਆ ਦਾ ਜ਼ਿੰਮੇਵਾਰ ਪਾਇਆ ਗਿਆ ਸੀ। ਰਿਕਾਰਡ 'ਤੇ ਮੌਜੂਦ ਤੱਥਾਂ ਨਾਲ ਸਾਬਤ ਹੋ ਗਿਆ ਹੈ ਕਿ ਦੋਸ਼ੀ ਭੀੜ ਦਾ ਹਿੱਸਾ ਸੀ, ਜਿਸ ਨੇ ਪਹਿਲੀ ਨਵੰਬਰ 1984 ਨੂੰ ਦੰਗਿਆਂ ਦੌਰਾਨ ਪੀੜਤਾਂ ਦੇ ਘਰ ਨੂੰ ਵੀ ਅੱਗ ਦੇ ਹਵਾਲੇ ਕਰ ਦਿੱਤਾ ਸੀ।

## ਸ਼੍ਰੋਮਣੀ ਕਮੇਟੀ ਨੇ ਫ਼ੈਸਲੇ ਦਾ ਕੀਤਾ ਸਵਾਗਤ

ਅੰਮ੍ਰਿਤਸਰ:ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਿੱਲੀ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਨੂੰ ਹੋਈ ਸਜ਼ਾ ਦਾ ਸਵਾਗਤ ਕੀਤਾ ਹੈ। ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਇਸ ਫ਼ੈਸਲੇ ਨਾਲ ਚਾਰ ਦਹਾਕਿਆਂ ਤੋਂ ਇਨਸਾਫ਼ ਦੀ ਆਸ 'ਚ ਬੈਠੇ ਪੀੜਤ ਪਰਿਵਾਰਾਂ ਨੂੰ ਕੁਝ ਹੱਦ ਤੱਕ ਧਰਵਾਸ ਮਿਲੇਗਾ। ਉਨ੍ਹਾਂ ਕਿਹਾ ਕਿ ਇਨਸਾਫ਼ ਲਈ ਪੀੜਤਾਂ ਨੇ 40 ਸਾਲ ਤੋਂ ਵੱਧ ਕਾਨੂੰਨੀ ਲੜਾਈ ਲੜੀ। ਉਨ੍ਹਾਂ ਕਿਹਾ ਕਿ ਆਸ ਸੀ ਕਿ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਹੋਵੇਗੀ, ਪਰ ਉਮਰ ਕੈਦ ਦੀ ਸਜ਼ਾ ਸੁਣਾਈ ਗਈ, ਜੋ ਦੋਸ਼ੀਆਂ ਦੇ ਜ਼ੁਲਮਾਂ ਦੇ ਮੁਕਾਬਲੇ ਬਹੁਤ ਘੱਟ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਲਈ ਅੱਗੇ ਵੀ ਕਾਨੂੰਨੀ ਲੜਾਈ ਜਾਰੀ ਰੱਖੇਗੀ।

## 'ਸ੍ਰੀ ਅਕਾਲ ਤਖ਼ਤ ਦਾ ਹੁਕਮ ਚਾਰਦੀਵਾਰੀ ਤੱਕ ਸੀਮਤ'

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਇਕ ਵੱਡਾ ਬਿਆਨ ਦਿੰਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਇਆ ਹੁਕਮ ਵਿਸ਼ਵ ਵਿਆਪੀ ਨਹੀਂ, ਉਹ ਸਿਰਫ਼ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਚਾਰਦੀਵਾਰੀ ਦੇ ਅੰਦਰ ਹੀ ਹੁੰਦਾ ਹੈ ਤੇ ਇੱਥੇ ਹੀ ਖ਼ਤਮ ਹੋ ਜਾਂਦਾ ਹੈ। ਉਨਾਂ ਕਿਹਾ ਕਿ ਕੱਲ੍ਹ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਨੇ ਉਨ੍ਹਾਂ ਨੂੰ ਇਸ ਕਮੇਟੀ ਦੇ ਅਧਿਕਾਰਾਂ ਤੋਂ ਜਾਣੂ ਕਰਵਾਉਂਦਿਆਂ ਦੱਸਿਆ ਕਿ ਕਮੇਟੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ, ਜਥੇਦਾਰ ਜਾਂ ਕਿਸੇ ਵੀ ਮੁਲਾਜ਼ਮ ਨੂੰ ਸੇਵਾ ਦੇਣ ਜਾਂ ਵਾਪਸ ਲੈਣ ਦੇ ਅਧਿਕਾਰ ਰੱਖਦੀ ਹੈ। ਉਨ੍ਹਾਂ ਕਿਹਾ ਕਿ ਉਹ ਸਮਝਦੇ ਸਨ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਇਆ ਹੁਕਮ ਵਿਸ਼ਵ ਵਿਆਪੀ ਹੈ ਪਰ ਅਜਿਹਾ ਨਹੀਂ ਹੈ।

# ਦਿੱਲੀ ਵਿਧਾਨ ਸਭਾ ਵਿਚ ਕੈਗ ਰਿਪੋਰਟ ਪੇਸ਼

## ਕੇਜਰੀਵਾਲ ਦੀਆਂ ਮੁਸ਼ਕਿਲਾਂ ਹੋਰ ਵਧੀਆਂ

**ਨਵੀਂ ਦਿੱਲੀ:** ਦਿੱਲੀ ਵਿਧਾਨ ਸਭਾ ਸੈਸ਼ਨ ਦੇ ਦੂਸਰੇ ਦਿਨ ਮੰਗਲਵਾਰ ਨੂੰ ਮੁੱਖ ਮੰਤਰੀ ਰੇਖਾ ਗੁਪਤਾ ਵਲੋਂ ਸ਼ਰਾਬ ਨੀਤੀ ਨਾਲ ਸੰਬੰਧਿਤ ਕੈਗ ( ਸੀ. ਏ. ਜੀ.) ਰਿਪੋਰਟ ਵਿਧਾਨ ਸਭਾ ਦੀ ਟੇਬਲ ਉਤੇ ਰਖੇ ਜਾਣ ਨਾਲ ਆਮ ਆਦਮੀ ਪਾਰਟੀ ਅਤੇ ਇਸ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੀਆਂ ਮੁਸ਼ਕਿਲਾਂ ਹੋਰ ਵੱਧ ਗਈਆਂ ਹਨ। ਕੈਗ ਰਿਪੋਰਟ ਵਿੱਚ ਸਾਹਮਣੇ ਆਏ ਖੁਲਾਸਿਆਂ ਅਨੁਸਾਰ ਸ਼ਰਾਬ ਨੀਤੀ ਵਿੱਚ ਨਿਯਮਾਂ ਦੀ ਘੋਰ ਉਲੰਘਣਾ ਕੀਤੀ ਗਈ ਅਤੇ ਕੇਜਰੀਵਾਲ ਨੇ ਆਪਣੈ ਚਹੇਤਿਆਂ ਨੂੰ ਲਾਭ ਪਹੁੰਚਾਉਣ ਲਈ ਅਤੇ ਭਰਿਸ਼ਟਾਚਾਰ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ। ਇਸ ਰਿਪੋਰਟ ਦੇ ਆਧਾਰ ਉਤੇ ਅੱਗੇ ਵਧਣ ਵਾਲੀ ਜਾਂ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਦੇ ਨਾਲ ਨਾਲ ਸਮੁੱਚੀ ਆਮ ਆਦਮੀ ਪਾਰਟੀ ਲਈ ਪਹਿਲਾਂ ਹੀ ਪੈਦਾ ਹੋ ਚੁੱਕੀਆਂ ਮੁਸ਼ਕਿਲਾਂ ਹੋਰ ਵਧ ਗਈਆਂ ਹਨ। ਭਾਰੀ ਸ਼ੋਰ ਸ਼ਰਾਬੇ ਵਿੱਚ ਪੇਸ਼ ਹੋਈ ਰਿਪੋਰਟ ਵੇਲੇ ਹੰਗਾਮਾ ਕਰਨ ਵਾਲੇ ਇੱਕੀ ਵਿਧਾਇਕਾਂ ਨੂੰ ਵਿਧਾਨ ਸਭਾ ਦੇ ਸਪੀਕਰ ਵਿਜੇਂਦਰ ਗੁਪਤਾ ਨੇ ਤਿੰਨ ਦਿਨਾਂ ਲਈ ਮੁਅੱਤਲ ਕਰ ਦਿੱਤਾ।



### ਸ਼ਹੀਦ ਭਗਤ ਸਿੰਘ ਤੇ ਅੰਬੇਡਕਰ ਦੀਆਂ ਤਸਵੀਰਾਂ 'ਤੇ ਹੰਗਾਮਾ


ਵਿਧਾਨ ਸਭਾ ਸੈਸ਼ਨ ਦੇ ਪਹਿਲੇ ਦਿਨ ਸੋਮਵਾਰ ਨੂੰ ਸੀ.ਐਮ. ਦਫ਼ਤਰ 'ਚ ਬਾਬਾ ਸਾਹਿਬ ਕੰਮ ਰਾਓ ਅੰਬੇਡਕਰ ਤੇ ਭਗਤ ਸਿੰਘ ਦੀਆਂ ਤਸਵੀਰਾਂ ਨੂੰ ਲੈ ਕੇ ਭਾਜਪਾ ਤੇ ਆਮ ਆਦਮੀ ਪਚਟੀ ਆਹਮੋ-ਸਾਹਮਣੇ ਆ ਗਏ। ਆਪ ਨੇ ਦੋਸ਼ ਲਗਾਇਆ ਕਿ ਮੁੱਖ ਮੰਤਰੀ ਰੇਖਾ ਗੁਪਤਾ ਦੇ ਦਫ਼ਤਰ 'ਚ ਅੰਬੇਡਕਰ ਤੇ ਭਗਤ ਸਿੰਘ ਦੀਆਂ ਤਸਵੀਰਾਂ ਹਟਾ ਦਿੱਤੀਆਂ ਗਈਆਂ ਹਨ। ਇਸ ਨੂੰ ਲੈ ਕੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੀ ਆਗੂ ਆਤਿਸ਼ੀ ਦੀ ਅਗਵਾਈ 'ਚ ਆਪ ਵਿਧਾਇਕਾ ਨੇ ਹੰਗਾਮਾ ਕੀਤਾ।

# ਸ਼ਕਤੀਕਾਂਤ ਦਾਸ ਪ੍ਰਧਾਨ ਮੰਤਰੀ ਦੇ ਪ੍ਰਮੁੱਖ ਸਕੱਤਰ ਨਿਯੁਕਤ

## ਇੱਕੋ ਸਮੇਂ ਹੋਣਗੇ ਪ੍ਰਧਾਨ ਮੰਤਰੀ ਦੇ ਦੋ ਪ੍ਰਮੁੱਖ ਸਕੱਤਰ

**ਨਵੀਂ ਦਿੱਲੀ:** ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਦੇ ਸਾਬਕਾ ਗਵਰਨਰ ਸ਼ਕਤੀਕਾਂਤ ਦਾਸ ਨੂੰ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਦੂਜਾ ਪ੍ਰਮੁੱਖ ਸਕੱਤਰ ਨਿਯੁਕਤ ਕੀਤਾ ਗਿਆ ਹੈ। ਗੁਜਰਾਤ ਕਾਡਰ ਦੇ ਸੇਵਾਮੁਕਤ ਆਈ.ਏ.ਐੱਸ ਅਫਸਰ ਪੀ.ਕੇ. ਮਿਸ਼ਰਾ ਇਸ ਸਮੇਂ ਪ੍ਰਧਾਨ ਮੰਤਰੀ ਦੇ ਪ੍ਰਮੁੱਖ ਸਕੱਤਰ ਵਜੋਂ ਕੰਮ ਕਰ ਰਹੇ ਹਨ। ਇੱਕ ਅਧਿਕਾਰਤ ਹੁਕਮ ਅਨੁਸਾਰ, ਤਾਮਿਲਨਾਡੂ ਕਾਡਰ ਦੇ ਸੇਵਾਮੁਕਤ ਆਈ.ਏ.ਐੱਸ. ਅਧਿਕਾਰੀ ਸ਼ਕਤੀਕਾਂਤ ਦਾਸ ਦਾ ਕਾਰਜਕਾਲ ਪ੍ਰਧਾਨ ਮੰਤਰੀ ਦੇ ਕਾਰਜਕਾਲ ਤੱਕ ਜਾਂ ਅਗਲੇ ਹੁਕਮਾਂ ਤੱਕ ਹੋਵੇਗਾ। ਇਹ ਪਹਿਲੀ ਵਾਰ ਹੈ ਜਦੋਂ ਦੋ ਵਿਅਕਤੀ ਇੱਕੋ ਸਮੇਂ ਪ੍ਰਧਾਨ ਮੰਤਰੀ ਦੇ ਪ੍ਰਮੁੱਖ ਸਕੱਤਰ ਹੋਣਗੇ।

ਮਿਸ਼ਰਾ ਤੇ ਦਾਸ ਦੋਵੇਂ ਹੀ ਉੜੀਸਾ ਨਾਲ ਸੰਬੰਧਤ ਹਨ। ਹੁਕਮਾਂ 'ਚ ਕਿਹਾ ਗਿਆ, ਮੰਤਰੀ ਮੰਡਲ ਦੀ ਨਿਯੁਕਤੀ ਕਮੇਟੀ ਨੇ ਸ਼ਕਤੀਕਾਂਤ ਦਾਸ, ਆਈ.ਏ.ਐੱਸ (ਸੇਵਾਮੁਕਤ) ਨੂੰ ਪ੍ਰਧਾਨ ਮੰਤਰੀ ਦੇ ਪ੍ਰਮੁੱਖ ਸਕੱਤਰ-2 ਵਜੋਂ ਨਿਯੁਕਤ ਕਰਨ ਨੂੰ ਮਨਜ਼ੂਰੀ ਦਿੱਤੀ ਹੈ। ਉਨ੍ਹਾਂ ਦੀ ਨਿਯੁਕਤੀ ਕਾਰਜਭਾਰ ਸੰਭਾਲਣ ਦੀ ਤਰੀਕ ਤੋਂ ਅਮਲ ਵਿੱਚ ਹੋਵੇਗੀ।'



ਦਾਸ ਨੇ ਇੱਕ ਸਿਵਲ ਸੇਵਕ ਵਜੋਂ ਮੁੱਖ ਤੌਰ 'ਤੇ ਵਿੱਤ, ਟੈਕਸੇਸ਼ਨ, ਨਿਵੇਸ਼ ਤੇ ਬੁਨਿਆਦੀ ਢਾਂਚਾ ਖੇਤਰਾਂ 'ਚ ਕੰਮ ਕੀਤਾ ਹੈ। ਉਹ ਭਾਰਤੀ ਰਿਜ਼ਰਵ ਬੈਂਚ ਦੇ 25ਵੇਂ ਗਵਰਨਰ ਬਣੇ ਅਤੇ ਉਨ੍ਹਾਂ ਭਾਰਤ ਦੇ ਜੀ20 ਸ਼ੇਰਪਾ ਤੇ 15ਵੇਂ ਵਿੱਤ ਕਮਿਸ਼ਨ ਦੇ ਮੈਂਬਰ ਵਜੋਂ ਵੀ ਕੰਮ ਕੀਤਾ।2016 'ਚ ਆਰਥਿਕ ਮਾਮਲਿਆਂ ਦੇ ਸਕੱਤਰ ਵਜੋਂ ਉਨ੍ਹਾਂ ਦੇ ਕਾਰਜਕਾਲ ਦੌਰਾਨ ਮੋਦੀ ਸਰਕਾਰ ਨੇ ਨੋਟਬੰਦੀ ਦਾ ਐਲਾਨ ਕੀਤਾ ਸੀ। ਦਾਸ ਨੇ ਉਸ ਸਮੇਂ ਅਹਿਮ ਭੂਮਿਕਾ ਨਿਭਾਈ ਜਦੋਂ ਕਈ ਅਸਿੱਧੇ ਟੈਕਸਾਂ ਨੂੰ ਇੱਕ ਜੀਐੱਸਟੀ 'ਚ ਮਿਲਾ ਦਿੱਤਾ ਗਿਆ ਸੀ। ਉਰਜਿਤ ਪਟੇਲ ਦੇ ਅਸਤੀਫਾ ਦੇਣ ਮਗਰੋਂ ਦਾਸ ਨੇ 2018 'ਚ ਆਰਬੀਆਈ ਦੇ 25ਵੇਂ ਗਵਰਨਰ ਵਜੋਂ ਅਹੁਦਾ ਸੰਭਾਲਿਆ। ਸ਼ੁਰੂਆਤ 'ਚ ਉਨ੍ਹਾਂ ਨੂੰ ਤਿੰਨ ਸਾਲ ਲਈ ਨਿਯੁਕਤ ਕੀਤਾ ਗਿਆ।

# ਜਥੇਦਾਰ ਨੇ ਧਾਮੀ ਨੂੰ ਅਸਤੀਫ਼ਾ ਵਾਪਸ ਲੈਣ ਲਈ ਕਿਹਾ

*(ਪਹਿਲੇ ਸਫ਼ੇ ਦਾ ਬਾਕੀ)*

**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇਣਾ ਦੁੱਖਦਾਈ ਹੈ। ਉਨ੍ਹਾਂ ਕਿਹਾ ਕਿ ਐਡਵੋਕੇਟ ਧਾਮੀ ਨੇ ਇਹ ਅਸਤੀਫ਼ਾ ਉਨ੍ਹਾਂ ਦੀ ਗਿਆਨੀ ਹਰਪ੍ਰੀਤ ਸਿੰਘ ਦੇ ਹੱਕ ਵਿਚ ਪਾਈ ਗਈ ਪੋਸਟ ਤੋਂ ਬਾਅਦ ਨੈਤਿਕਤਾ ਦੇ ਆਧਾਰ 'ਤੇ ਦਿੱਤਾ ਹੈ। ਜਥੇਦਾਰ ਨੇ ਕਿਹਾ ਕਿ ਮੈਂ ਵੀ ਉਨ੍ਹਾਂ ਨੂੰ ਨੈਤਿਕਤਾ ਦੇ ਆਧਾਰ 'ਤੇ ਅਪੀਲ ਕਰਦਾ ਹਾਂ ਕਿ ਉਹ ਆਪਣਾ ਅਸਤੀਫ਼ਾ ਵਾਪਸ ਲੈਣ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀਆਂ ਸੇਵਾਵਾਂ ਨੂੰ ਜਾਰੀ ਰੱਖਣ। ਇਸ ਨਾਲ ਹੀ ਐਡਵੋਕੇਟ ਧਾਮੀ ਨੂੰ ਬੇਨਤੀ ਹੈ ਕਿ ਦੋ ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲਗਾਈ ਗਈ ਜ਼ਿੰਮੇਵਾਰੀ ਨੂੰ ਨਿਭਾਉਂਦਿਆਂ ਸੱਤ ਮੈਂਬਰੀ ਕਮੇਟੀ ਦੀ ਅਗਵਾਈ ਕਰਨ ਅਤੇ ਜੋ ਜ਼ਿੰਮੇਵਾਰੀਆਂ ਉਸ





ਕਮੇਟੀ ਨੂੰ ਸੌਂਪੀਆਂ ਗਈਆਂ ਹਨ, ਉਸ ਨੂੰ ਪੂਰੀਆਂ ਕਰਨ। ਜਥੇਦਾਰ ਨੇ ਕਿਹਾ ਕਿ ਕੱਲ੍ਹ ਉਨ੍ਹਾਂ ਨੂੰ ਅੰਗ ਕਮੇਟੀ ਮੈਂਬਰ ਮਿਲਣ ਲਈ ਪਹੁੰਚੇ ਸਨ। ਕਮੇਟੀ ਮੈਂਬਰਾਂ ਨੇ 1925 ਐਕਟ ਦੇ ਮੁਤਾਬਕ ਸਿੰਘ ਸਾਹਿਬਾਨ, ਜਥੇਦਾਰ ਤੇ ਹਰੇਕ ਮੁਲਾਜ਼ਮ ਸੰਬੰਧੀ ਫ਼ੈਸਲਾ ਲੈਣ ਦਾ ਅਧਿਕਾਰ ਅੰਤ੍ਰਿੰਗ ਕਮੇਟੀ ਪਾਸ ਦੱਸਿਆ ਹੈ, ਜੋ ਠੀਕ ਹੈ। ਉਨ੍ਹਾਂ ਕਿਹਾ ਕਿ ਮੈਂ ਸਮਝਦਾ ਹਾਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਰਗਾ ਇਮਾਨਦਾਰ, ਸਮਰਪਿਤ ਤੇ ਚੰਗੀ ਸ਼ਖ਼ਸੀਅਤ ਵਾਲਾ ਪ੍ਰਧਾਨ ਮਿਲਣਾ ਮੁਸ਼ਕਿਲ ਹੈ। ਗਿਆਨੀ ਹਰਪ੍ਰੀਤ ਸਿੰਘ ਦੇ ਮਾਮਲੇ 'ਚ ਉਨ੍ਹਾਂ ਕਿਹਾ ਕਿ ਇਹ ਸਭਨਹੀਂ ਸੀ ਹੋਣਾ ਚਾਹੀਦਾ।

## 'ਭਾਰਤ ਤੇ ਚੀਨ 'ਤੇ ਜਲਦੀ ਜਵਾਬੀ ਟੈਕਸ ਲਾਵਾਂਗੇ'

ਨਿਊਯਾਰਕ:ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਨ੍ਹਾਂ ਦੀ " ਸਰਕਾਰ ਭਾਰਤ ਤੇ ਚੀਨ ਜਿਹੇ ਮੁਲਕਾਂ 'ਤੇ ਜਲਦੀ ਹੀ ਜਵਾਬੀ ਟੈਕਸ ਲਾਏਗੀ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਾਲੀਆ ਅਮਰੀਕਾ ਯਾਤਰਾ ਦੌਰਾਨ ਕਹੀ ਗੱਲ ਮੁੜ ਦੁਹਰਾਈ। ਟਰੰਪ ਬੀਤੇ ਦਿਨ ਵਣਜ ਮੰਤਰੀ ਹਾਵਰਡ ਲੁਟਨਿਕ ਦੇ ਸਹੁੰ ਚੁੱਕ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਟਰੰਪ ਨੇ ਵਾਸ਼ਿੰਗਟਨ 'ਚ ਕਿਹਾ, 'ਅਸੀਂ ਜਲਦੀ ਹੀ ਜਵਾਬੀ ਟੈਕਸ ਲਾਵਾਂਗੇ। ਇਸ ਦਾ ਮਤਲਬ ਹੈ ਕਿ ਉਹ ਸਾਡੇ ਤੋਂ ਟੈਕਸ ਲੈਂਦੇ ਹਨ, ਅਸੀਂ ਉਨ੍ਹਾਂ ਤੋਂ ਟੈਕਸ ਲੈਂਦੇ ਹਾਂ। ਇਸ ਬਹੁਤ ਸੌਖਾ ਹੈ। ਕੋਈ ਵੀ ਕੰਪਨੀ ਜਾਂ ਦੇਸ਼, ਜਿਵੇਂ ਭਾਰਤ ਜਾਂ ਚੀਨ ਜਾਂ ਕੋਈ ਹੋਰ। ਉਹ ਜੋ ਵੀ ਟੈਕਸ ਲੈਂਦੇ ਹਨ, ਓਨਾ ਹੀ। ਅਸੀਂ ਨਿਰਪੱਖ ਹੋਣਾ ਚਾਹੁੰਦੇ ਹਾਂ। ਇਸ ਲਈ ਜਵਾਬੀ ਟੈਕਸ।' ਉਨ੍ਹਾਂ ਕਿਹਾ, 'ਜਵਾਬੀ ਦਾ ਮਤਲਬ ਹੈ, ਉਹ ਸਾਡੇ ਤੋਂ ਟੈਕਸ ਲੈਂਦੇ ਹਨ, ਅਸੀਂ ਉਨ੍ਹਾਂ ਤੋਂ ਟੈਕਸ ਲੈਂਦੇ ਹਾਂ।'

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਸੁਰਿੰਦਰ ਸਿੰਘ ਸੁੰਨੜ


# 'ਸੁਖ਼ਨਵਰ ਪੰਜਾਬ' ਨੇ ਆਲਮੀ ਮਾਂ ਬੋਲੀ ਦਿਹਾੜਾ ਮਨਾਇਆ






















**ਸ਼ਿਕਾਗੋ:** ਇੱਥੋਂ ਦੀ ਉੱਘੀ 'ਸੁਖ਼ਨਵਰ ਪੰਜਾਬ' ਸੰਸਥਾ ਵਲੋਂ ਲੰਘੀ 23 ਫਰਵਰੀ ਨੂੰ ਪੰਜਾਬੀ ਮਾਂ ਬੋਲੀ ਦਿਹਾੜੇ ਨੂੰ ਸਮਰਪਿਤ ਪੰਜਾਬੀ ਮੁਸ਼ਾਇਰਾ ਗਲਿੱਨਡੇਲ ਲਾਇਬ੍ਰੇਰੀ ਵਿਚ ਕਰਵਾਇਆ ਗਿਆ। ਇਹ ਸਮਾਗਮ ਕਰਵਾਉਣ ਵਿਚ ਕੁਝ ਹੋਰਨਾਂ ਸੰਸਥਾਵਾਂ ਵਲੋਂ ਵੀ ਸੁਖ਼ਨਵਰ ਪੰਜਾਬ ਨੂੰ ਸਹਿਯੋਗ ਦਿੱਤਾ ਗਿਆ।

ਪੰਜਾਬ ਮਾਂ ਬੋਲੀ ਦਿਹਾੜੇ ਨੂੰ ਸਮਰਪਿਤ ਇਸ ਮੁਸ਼ਇਰੇ ਵਿਚ ਵੱਖ ਵੱਖ ਥਾਵਾਂ ਤੋਂ ਖਾਸ ਤੌਰ 'ਤੇ ਪੁੱਜੇ ਸ਼ਾਇਰਾਂ ਰਾਜ ਰੰਗੂਨੀ, ਬਦਰ ਅਸਲਮ, ਰਾਕਿੰਦ ਕੌਰ, ਇਕਬਾਕ ਨਵਾਜ਼, ਰਾਜ ਲਾਲੀ, ਕਸ਼ਿਸ਼ ਹੁਸ਼ਿਆਰਪੁਰੀ, ਗੁਲਾਮ ਮੁਸਤਫਾ ਅੰਜੁਮ, ਗੁਰਲੀਨ ਕੌਰ, ਸਾਜਿਦ ਚੌਧਰੀ, ਆਬਿਦ ਰਸ਼ੀਦ, ਏਜਾਜ਼ ਹੁਸੈਨ ਭੱਟੀ (ਨਿਊਯਾਰਕ), ਤਾਹਿਰਾ ਰਿਦਾ, ਰਵਿੰਦਰ ਸਿੰਘ ਸਹਿਰਾਅ (ਇੰਡੀਆਨਾ) ਆਦਿ ਨੇ ਹਿੱਸਾ ਲਿਆ। ਕਸ਼ਿਸ਼ ਹੁਸ਼ਿਆਰਪੁਰੀ, ਏਜਾਜ਼ ਹੁਸੈਨ ਭੱਟੀ, ਅੰਜੁਮ ਅਤੇ ਆਬਿਦ ਰਸ਼ੀਦ ਦੇ ਸ਼ਿਅਰਾਂ ਨੇ ਕਾਫੀ ਵਾਰ ਸਰੋਤਿਆਂ ਦੀ ਵਾਹ-ਵਾਹ ਖੱਟੀ। ਇਸ ਮੁਸ਼ਾਇਰੇ ਦੀ ਸਦਾਰਤ ਰਵਿੰਦਰ ਸਿੰਘ ਸਹਿਰਾਅ ਨੇ ਕੀਤੀ। ਉਨ੍ਹਾਂ ਨੇ ਸਾਰੇ ਸ਼ਾਇਰਾਂ ਦੇ ਕਲਾਮ ਨੂੰ ਜ਼ਮੀਨ ਨਾਲ ਜੁੜਿਆ ਕਲਾਮ ਕਿਹਾ। ਪੰਜਾਬੀ ਬੋਲਣ ਤੋਂ ਸਾਨੂੰ ਸ਼ਰਮ ਨਹੀਂ ਆਉਣੀ ਚਾਹੀਦੀ। ਇਸ ਵਿਚ ਸਾਡਾ ਵਿਰਸਾ ਤੇ ਸੱਭਿਆਚਾਰ ਵਸੇ ਹੋਏ ਹਨ। ਉਨ੍ਹਾਂ ਆਪਣੀ ਨਜ਼ਮ 'ਲਾਹੌਰ ਵਸੇਂਦੀਓ ਕੁੜੀਓ' ਵੀ ਸੁਣਾਈ।

ਸ਼ਾਇਰ ਤੇ ਪ੍ਰਬੰਧਰ ਜਨਾਬ ਆਬਿਦ ਰਸ਼ੀਦ ਨੇ ਆਏ ਸਾਰੇ ਮਹਿਮਾਨਾਂ ਦਾ ਸ਼ੁਕਰੀਆ ਅਦਾ ਕੀਤਾ। ਹਾਜ਼ਰੀਨ ਨੇ ਉਨ੍ਹਾਂ ਵਲੋਂ ਕੀਤੇ ਪ੍ਰਬੰਧਾਂ ਦੀ ਦਿਲ ਖੋਲ੍ਹ ਕੇ ਤਾਰੀਫ਼ ਕੀਤੀ। ਪੀਟੀਸੀ ਪੰਜਾਬੀ ਵਲੋਂ ਓਂਕਾਰ ਸਿੰਘ ਅਤੇ ਯੂ.ਟਿਊਬ ਚੈਨਲ ਜਨਾਬ ਕੈਸਰ ਨੇ ਰਿਕਾਰਡਿੰਗ ਵੀ ਕੀਤੀ। ਇਸ ਮੌਕੇ ਪੀਸੀਐਸ ਸ਼ਿਕਾਗੋ ਵਲੋਂ ਰਜਿੰਦਰ ਸਿੰਘ ਮਾਗੋ, ਤੋਂ ਇਲਾਵਾ ਸਰਵਣ ਸਿੰਘ ਰਾਜੂ, ਗਾਲਿਬ ਹੁਸੈਨ ਅਤੇ ਡਾ. ਤੌਫੀਕ ਅਹਿਮਦ ਅੰਸਾਰੀ ਆਦਿ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਹਾਜ਼ਰੀਨ ਲਈ ਹਲਕੇ-ਫੁਲਕੇ ਖਾਣੇ ਦਾ ਪ੍ਰਬੰਧ ਵੀ ਕੀਤਾ ਗਿਆ ਸੀ। ਵੱਡੀ ਗਿਣਤੀ ਵਿਚ ਆਏ ਪੰਜਾਬੀ ਅਤੇ ਉਰਦੂ ਪਿਆਰਿਆਂ ਨੇ ਇਸ ਪ੍ਰੋਗਰਾਮ ਦਾ ਖੂਬ ਅਨੰਦ ਮਾਣਿਆ।











Singh Tax & Accounting Services LLC.
SINGH AUTO & HOME INSURANCE
Individual & Business Tax related Services

ਸੇਵਾਵਾਂ: *ਇਨਕਮ ਟੈਕਸ ਨਾਲ ਸਬੰਧਤ ਹਰੇਕ ਸੇਵਾ ਜਿਵੇਂ, ਟੈਕਸ ਫਾਈਲਿੰਗ, ਟੈਕਸ ਪਲਾਨਿੰਗ ਅਤੇ ਆਈਆਰਐਸ ਔਡਿਟ (ਨਿੱਜੀ ਅਤੇ ਬਿਜ਼ਨਸ) ਲਈ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।
* ਅਸੀਂ ਅਮਰੀਕਾ ਭਰ ਵਿਚ ਘਰਾਂ ਅਤੇ ਕਾਰਾਂ ਦੀ ਨਿੱਜੀ ਅਤੇ ਕਮਰਸ਼ੀਅਲ ਇੰਸ਼ੋਰੈਂਸ ਵੀ ਕਰਦੇ ਹਾਂ।

Ph: 248-982-2036



Mohan Singh MST
IRS Enrolled agent,
Insurance Agent-
Casualty & Property
Notary Public

Office Locations
Michigan:
36167 Ford Rd.Westland, MI 48185
Minnesota:
6043 Hudson Rd, Suite#399A
Woodbury, Minnesota 55125

Email: STS2021@SinghTaxServices.com;
www.SinghTaxServices.com

# ਸਤਲੁਜ-ਯਮੁਨਾ ਨਹਿਰ ਕਦੇ ਵੀ ਹਕੀਕਤ ਨਹੀਂ ਬਣੇਗੀ: ਭਗਵੰਤ ਮਾਨ

## ਰਵਨੀਤ ਬਿੱਟੂ ਦੀਆਂ ਸਰਗਰਮੀਆਂ ਨੂੰ ਨੌਟੰਕੀਆਂ ਕਿਹਾ



**ਭਵਾਨੀਗੜ੍ਹ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਪੰਜਾਬ ਕੋਲ ਕਿਸੇ ਹੋਰ ਸੂਬੇ ਨਾਲ ਸਾਂਝਾ ਕਰਨ ਲਈ ਪਾਣੀ ਦੀ ਇਕ ਵੀ ਬੂੰਦ ਨਹੀਂ ਹੈ ਅਤੇ ਸਤਲੁਜ ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਕਦੇ ਵੀ ਹਕੀਕਤ ਵਿੱਚ ਨਹੀਂ ਬਦਲੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਹਿੱਤਾਂ ਦੀ ਰਾਖੀ ਲਈ ਪੂਰਨ ਤੌਰ ਉੱਤੇ ਵਚਨਬੱਧ ਹੈ।

ਅੱਜ ਇੱਥੇ ਨਵੇਂ ਬਣੇ ਸਬ-ਡਵੀਜ਼ਨਲ ਕੰਪਲੈਕਸ ਨੂੰ ਸਮਰਪਿਤ ਕਰਨ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਦੁਹਰਾਇਆ ਕਿ ਪੰਜਾਬ ਕੋਲ ਕਿਸੇ ਹੋਰ ਸੂਬੇ ਨਾਲ ਸਾਂਝਾ ਕਰਨ ਲਈ ਕੋਈ ਵਾਧੂ ਪਾਣੀ ਨਹੀਂ ਹੈ ਅਤੇ ਕਿਸੇ ਨਾਲ ਇੱਕ ਵੀ ਬੂੰਦ ਪਾਣੀ ਸਾਂਝਾ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਕੌਮਾਂਤਰੀ ਨੇਮਾਂ ਅਨੁਸਾਰ ਸੂਬੇ ਵਿੱਚ ਪਾਣੀ ਦੀ ਉਪਲਬਧਤਾ ਦਾ ਮੁੜ ਮੁਲਾਂਕਣ ਕਰਨਾ ਜ਼ਰੂਰੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਹਾਲ ਹੀ ਵਿੱਚ ਰਾਵੀ ਬਿਆਸ ਟ੍ਰਿਬਿਊਨਲ, ਜੋ ਕਿ ਰਾਵੀ ਜਲ ਪ੍ਰਣਾਲੀ ਨਾਲ ਸਬੰਧਤ ਥਾਵਾਂ ਉੱਤੇ ਜਾਣ ਲਈ ਸੂਬੇ ਦੇ ਦੌਰੇ 'ਤੇ ਹੈ, ਨੂੰ ਵੀ ਅਪੀਲ ਕੀਤੀ ਹੈ ਕਿ ਉਹ ਨਵੇਂ ਸਿਰਿਓਂ ਮੁੜ ਮੁਲਾਂਕਣ ਕਰਕੇ ਸੂਬੇ ਦੇ ਲੋਕਾਂ ਨੂੰ ਇਨਸਾਫ਼ ਦਿਵਾਏ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਜ਼ਿਆਦਾਤਰ ਬਲਾਕਾਂ ਦੇ ਪਾਣੀ ਦਾ ਪੱਧਰ ਬਹੁਤ ਹੇਠਾਂ ਚਲਾ ਗਿਆ ਹੈ ਅਤੇ ਸੂਬੇ ਵਿੱਚ ਧਰਤੀ ਹੇਠਲੇ ਪਾਣੀ ਦੀ ਸਥਿਤੀ ਬਹੁਤ ਗੰਭੀਰ ਹੈ। ਉਨ੍ਹਾਂ ਕਿਹਾ ਕਿ ਕਿਉਂ ਜੋ ਸੂਬੇ ਦੇ ਜ਼ਿਆਦਾਤਰ ਦਰਿਆਈ ਸਰੋਤ ਸੁੱਕ ਗਏ ਹਨ, ਇਸ ਲਈ ਇਸ ਨੂੰ ਆਪਣੀਆਂ ਸਿੰਚਾਈ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਹੋਰ ਪਾਣੀ ਦੀ ਲੋੜ ਹੈ। ਹਾਲਾਂਕਿ, ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਥਿਤੀ ਇੰਨੀ ਗੰਭੀਰ ਹੈ ਕਿ ਪੰਜਾਬ ਕੋਲ ਪਾਣੀ ਦੀ ਘਾਟ ਹੈ ਅਤੇ ਅਨਾਜ ਉਤਪਾਦਕਾਂ ਨੂੰ ਸਿੰਚਾਈ ਲਈ ਪਾਣੀ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹੀ ਸਥਿਤੀ ਵਿੱਚ ਕਿਸੇ ਹੋਰ ਸੂਬੇ ਨਾਲ ਪਾਣੀ ਦੀ ਇਕ ਬੂੰਦ ਵੀ ਸਾਂਝੀ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਇੱਕ ਹੋਰ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦੀਆਂ ਨੌਟੰਕੀਆਂ 'ਤੇ ਚੁਟਕੀ ਲੈਂਦੇ ਹੋਏ ਕਿਹਾ ਕਿ ਚੋਣਾਂ ਵਿੱਚ ਨਕਾਰੇ ਹੋਏ ਆਗੂਆਂ ਨੂੰ ਲੋਕ ਕਦੇ ਵੀ ਮੂੰਹ ਨਹੀਂ ਲਾਉਣਗੇ। ਉਨ੍ਹਾਂ ਕਿਹਾ ਕਿ ਬਿੱਟੂ ਅਜਿਹੇ ਘਟੀਆ ਹੱਥਕੰਡਿਆਂ ਨਾਲ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ 'ਤੇ ਕਾਬਜ਼ ਹੋਣ ਦੇ ਸੁਪਨੇ ਦੇਖਦਾ ਹੈ ਪਰ ਇਸ ਨਾਲ ਉਸ ਦੇ ਹੱਥ ਪੱਲੇ ਕੁੱਝ ਨਹੀਂ ਪੈਣਾ ਕਿਉਂਕਿ ਇਹ ਸਹੀ ਮਾਅਨਿਆਂ ਵਿੱਚ ਆਮ ਲੋਕਾਂ ਦਾ ਘਰ ਹੈ, ਜੋ ਇੱਥੇ ਆਪਣੀ ਪਸੰਦ ਦੇ ਆਗੂਆਂ ਨੂੰ ਚੁਣ ਕੇ ਭੇਜਦੇ ਹਨ। ਉਨ੍ਹਾਂ ਕਿਹਾ ਕਿ ਲੋਕ ਅਜਿਹੇ ਆਗੂਆਂ ਨੂੰ ਕਦੇ ਨਹੀਂ ਚੁਣਨਗੇ ਕਿਉਂਕਿ ਉਹ ਇਹਨਾਂ ਦੇ ਸ਼ੱਕੀ ਕਿਰਦਾਰ ਤੋਂ ਚੰਗੀ ਤਰ੍ਹਾਂ ਜਾਣੂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਘੁਟਾਲਿਆਂ ਅਤੇ ਜਬਰੀ ਵਸੂਲੀ ਪ੍ਰਤੀ ਕੋਈ ਲਿਹਾਜ਼ ਨਾ ਵਰਤਣ ਦੀ ਨੀਤੀ ਅਪਣਾਈ ਹੋਈ ਹੈ। ਅਜਿਹੇ ਮਾਮਲਿਆਂ ਵਿੱਚ ਕਾਨੂੰਨ ਆਪਣਾ ਕੰਮ ਕਰੇਗਾ ਅਤੇ ਅਸੀਂ ਕਿਸੇ ਵੀ ਦਬਾਅ ਹੇਠ ਨਹੀਂ ਝੁਕਾਂਗੇ।

ਮੁੱਖ ਮੰਤਰੀ ਨੇ ਕਿਹਾ ਕਿ ਅਮਰੀਕਾ ਤੋਂ ਨੌਜਵਾਨਾਂ ਨੂੰ ਦੇਸ਼ ਨਿਕਾਲਾ ਦੇਣ ਦੀ ਘਟਨਾ ਸਾਡੇ ਸਾਰਿਆਂ ਲਈ ਅੱਖਾਂ ਖੋਲ੍ਹਣ ਵਾਲੀ ਹੈ ਕਿ ਚੰਗੇ ਮੌਕਿਆਂ ਦੀ ਭਾਲ ਵਿੱਚ ਵਿਦੇਸ਼ ਜਾਣ ਦੀ ਬਜਾਏ, ਸੂਬੇ ਦੇ ਨੌਜਵਾਨਾਂ ਨੂੰ ਇੱਥੇ ਹੀ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ ਅਤੇ ਵੱਖ-ਵੱਖ ਖੇਤਰਾਂ ਵਿੱਚ ਸਫਲਤਾ ਪ੍ਰਾਪਤ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੌਜਵਾਨਾਂ ਨੂੰ ਵੱਖ-ਵੱਖ ਖੇਤਰਾਂ ਵਿੱਚ ਮੌਕੇ ਪ੍ਰਦਾਨ ਕਰ ਰਹੀ ਹੈ। ਇਕ ਉਦਾਹਰਣ ਦਿੰਦੇ ਹੋਏ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਖ਼ਤ ਮਿਹਨਤ, ਲਗਨ ਅਤੇ ਵਚਨਬੱਧਤਾ ਨਾਲ ਸੂਬੇ ਵਿੱਚ 51,000 ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਮਿਲੀਆਂ ਹਨ।ਮੁੱਖ ਮੰਤਰੀ ਨੇ ਕਿਹਾ ਕਿ ਅਜਿਹੀਆਂ ਕਈ ਉਦਾਹਰਣਾਂ ਹਨ, ਜਿੱਥੇ ਪਿਛਲੇ ਇੱਕ ਸਾਲ ਦੌਰਾਨ ਸੂਬੇ ਵਿੱਚ ਨੌਜਵਾਨਾਂ ਨੂੰ ਦੋ ਤੋਂ ਤਿੰਨ ਨੌਕਰੀਆਂ ਮਿਲੀਆਂ ਹਨ। ਉਨ੍ਹਾਂ ਕਿਹਾ ਕਿ ਇਸ ਕਾਰਨ ਵਤਨ ਵਾਪਸੀ ਦਾ ਰੁਝਾਨ ਸ਼ੁਰੂ ਹੋ ਗਿਆ ਹੈ ਕਿਉਂਕਿ ਜੋ ਨੌਜਵਾਨ ਪਹਿਲਾਂ ਵਿਦੇਸ਼ਾਂ ਵਿੱਚ ਵਸ ਗਏ ਸਨ, ਹੁਣ ਨੌਕਰੀ ਹਾਸਲ ਕਰਕੇ ਸਰਕਾਰ ਦੇ ਪਰਿਵਾਰ ਦਾ ਹਿੱਸਾ ਬਣਨ ਲਈ ਵਾਪਸ ਆ ਰਹੇ ਹਨ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਇੱਕ ਜੋੜਾ ਕੈਨੇਡਾ ਤੋਂ ਸਰਕਾਰੀ ਸੇਵਾ ਵਿੱਚ ਸ਼ਾਮਲ ਹੋਣ ਲਈ ਵਾਪਸ ਆਇਆ ਹੈ ਅਤੇ ਅਜਿਹੇ ਹੋਰ ਬਹੁਤ ਸਾਰੇ ਲੋਕਾਂ ਨੂੰ ਇੱਥੇ ਨੌਕਰੀ ਮਿਲੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਰੋਜ਼ਾਨਾ ਨੌਜਵਾਨਾਂ ਨੂੰ ਨੌਕਰੀਆਂ ਦੇ ਰਹੀ ਹੈ ਅਤੇ ਉਨ੍ਹਾਂ ਨੂੰ ਇਸ ਸਥਿਤੀ ਦਾ ਫਾਇਦਾ ਉਠਾਉਣਾ ਚਾਹੀਦਾ ਹੈ ਅਤੇ ਇੱਥੇ ਕੰਮ ਕਰਨਾ ਚਾਹੀਦਾ ਹੈ।

ਇੱਕ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਦੁਹਰਾਇਆ ਕਿ ਸੂਬਾ ਸਰਕਾਰ ਉਨ੍ਹਾਂ ਪੰਜਾਬੀਆਂ ਦੇ ਨਾਲ ਪੂਰੀ ਤਰ੍ਹਾਂ ਖੜ੍ਹੀ ਹੈ, ਜਿਨ੍ਹਾਂ ਨੂੰ ਹਾਲ ਹੀ ਵਿੱਚ ਅਮਰੀਕਾ ਤੋਂ ਡਿਪੋਰਟ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਉਨ੍ਹਾਂ ਨੂੰ ਮੁੜ ਵਸੇਬੇ ਦੇ ਮੌਕੇ ਪ੍ਰਦਾਨ ਕਰੇਗੀ ਤਾਂ ਜੋ ਉਹ ਪੰਜਾਬ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਸਰਗਰਮ ਭਾਈਵਾਲ ਬਣ ਸਕਣ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਇਸ ਉੱਦਮ ਵਿੱਚ ਉਨ੍ਹਾਂ ਨੌਜਵਾਨਾਂ ਨੂੰ ਵੀ ਨਾਲ ਜੋੜਿਆ ਹੈ, ਜਿਨ੍ਹਾਂ ਨੇ ਇਸੇ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨ ਤੋਂ ਬਾਅਦ ਸਫਲਤਾਪੂਰਵਕ ਆਪਣਾ ਕਾਰੋਬਾਰ ਸਥਾਪਿਤ ਕੀਤਾ ਹੈ, ਤਾਂ ਜੋ ਡਿਪੋਰਟ ਕੀਤੇ ਗਏ ਲੋਕਾਂ ਨੂੰ ਇੱਥੇ ਨਵੀਂ ਜ਼ਿੰਦਗੀ ਸ਼ੁਰੂ ਕਰਨ ਲਈ ਪ੍ਰੇਰਿਤ ਕੀਤਾ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਪਹਿਲਾਂ ਹੀ ਗੈਰ-ਕਾਨੂੰਨੀ ਏਜੰਟਾਂ ਦੁਆਲੇ ਸ਼ਿਕੰਜਾ ਕੱਸ ਦਿੱਤਾ ਹੈ ਅਤੇ ਉਨ੍ਹਾਂ ਵਿਰੁੱਧ ਕੇਸ ਦਰਜ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਉਨ੍ਹਾਂ ਗੈਰ-ਕਾਨੂੰਨੀ ਟ੍ਰੈਵਲ ਏਜੰਟਾਂ ਵਿਰੁੱਧ ਬਹੁਤ ਸਖ਼ਤ ਹੈ ਜਿਨ੍ਹਾਂ ਕਾਰਨ ਇਹ ਮਾਸੂਮ ਭਾਰਤੀ ਗੈਰ-ਕਾਨੂੰਨੀ ਤੌਰ 'ਤੇ ਵਿਦੇਸ਼ ਗਏ ਸਨ ਅਤੇ ਹੁਣ ਅਮਰੀਕਾ ਵਾਂਗ ਉਨ੍ਹਾਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਮ ਭਾਰਤੀਆਂ ਨੂੰ ਧੋਖਾ ਦੇਣ ਵਾਲੇ ਅਜਿਹੇ ਟ੍ਰੈਵਲ ਏਜੰਟਾਂ ਵਿਰੁੱਧ ਮਿਸਾਲੀ ਕਾਰਵਾਈ ਯਕੀਨੀ ਬਣਾਈ ਜਾਵੇਗੀ, ਤਾਂ ਜੋ ਦੂਜਿਆਂ ਨੂੰ ਸਬਕ ਮਿਲ ਸਕੇ।


ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਨਸ਼ਿਆਂ ਦੀ ਲਾਹਨਤ ਪ੍ਰਤੀ ਕੋਈ ਲਿਹਾਜ਼ ਨਾ ਵਰਤਣ ਦੀ ਨੀਤੀ ਅਪਣਾਈ ਹੈ। ਉਨ੍ਹਾਂ ਕਿਹਾ ਕਿ ਪੁਲਿਸ ਅਧਿਕਾਰੀਆਂ ਨੂੰ ਉਨ੍ਹਾਂ ਦੇ ਅਧਿਕਾਰ ਖੇਤਰ ਅਧੀਨ ਵੱਡੇ ਅਪਰਾਧਾਂ ਲਈ ਜਵਾਬਦੇਹ ਠਹਿਰਾਇਆ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਗੈਰ-ਕਾਨੂੰਨੀ ਗਤੀਵਿਧੀਆਂ ਨਾਲ ਸਖ਼ਤੀ ਨਾਲ ਨਜਿੱਠਿਆ ਜਾ ਰਿਹਾ ਹੈ ਅਤੇ ਇਸ ਅਪਰਾਧ ਵਿੱਚ ਸ਼ਾਮਲ ਲੋਕਾਂ ਨੂੰ ਬਖਸ਼ਿਆ ਨਹੀਂ ਜਾਣਾ ਚਾਹੀਦਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਜੰਗ ਨੂੰ ਲੋਕ ਲਹਿਰ ਵਿੱਚ ਬਦਲਿਆ ਜਾ ਰਿਹਾ ਹੈ ਅਤੇ ਇਸ ਉਦੇਸ਼ ਲਈ ਪੰਚਾਇਤਾਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਅੱਜ ਲੋਕਾਂ ਨੂੰ ਸਮਰਪਿਤ ਕੀਤਾ ਗਿਆ ਸਬ-ਡਵੀਜ਼ਨਲ ਕੰਪਲੈਕਸ 6 ਕਰੋੜ ਰੁਪਏ ਦੀ ਲਾਗਤ ਨਾਲ ਬਣਿਆ ਹੈ ਅਤੇ ਇਹ ਅਤਿ ਆਧੁਨਿਕ ਇਮਾਰਤ ਕਈ ਸਹੂਲਤਾਂ ਨਾਲ ਲੈਸ ਹੈ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਲੋਕਾਂ ਦੀ ਬਿਹਤਰ ਢੰਗ ਨਾਲ ਸੇਵਾ ਕਰਨ ਲਈ ਅਜਿਹੇ ਅਤਿ ਲੋੜੀਂਦੇ ਪ੍ਰੋਜੈਕਟਾਂ ਵੱਲ ਸ਼ਾਇਦ ਹੀ ਕੋਈ ਧਿਆਨ ਦਿੱਤਾ ਹੋਵੇ। ਉਨ੍ਹਾਂ ਕਿਹਾ ਕਿ ਅਜਿਹੀਆਂ ਇਮਾਰਤਾਂ ਲੋਕਾਂ ਦੀਆਂ ਭਵਿੱਖ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬਣਾਈਆਂ ਜਾ ਰਹੀਆਂ ਹਨ।

# ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਹੋਣ ਨਾਲ ਸਿੱਖ ਕੌਮ ਦਾ ਭਾਰਤੀ ਨਿਆਂਤੰਤਰ 'ਤੇ ਵਿਸ਼ਵਾਸ ਵਧਿਆ: ਅਮੋਲਕ ਸਿੰਘ ਗਾਖਲ

ਵਾਟਸਨਵਿੱਲ (ਬਿਊਰੋ): ਉੱਘੇ ਸਮਾਜ ਸੇਵੀ ਅਤੇ ਅਮਰੀਕੀ ਬਿਜ਼ਨਸਮੈਨ ਸ. ਅਮੋਲਕ ਸਿੰਘ ਗਾਖ਼ਲ ਨੇ ਕਿਹਾ ਕਿ ਦਿੱਲੀ ਕਤਲੇਆਮ



ਦੇ ਦੋਸ਼ੀ ਸੱਜਣ ਕੁਮਾਰ ਨੂੰ ਮਾਣਯੋਗ ਅਦਾਲਤ ਵਲੋਂ ਉਮਰ ਕੈਦ ਦੀ ਸਜ਼ਾ ਦਿੱਤੇ ਜਾਣ ਕਾਰਨ ਸਿੱਖ ਕੌਮ ਦਾ ਭਾਰਤੀ ਨਿਆਂਤੰਤਰ ਉੱਤੇ ਵਿਸ਼ਵਾਸ ਵਧਿਆ ਹੈ। ਭਾਵੇਂ ਇਹ ਮਾਮਲਾ 41 ਸਾਲ ਚੱਲਿਆ ਪਰ ਲੱਖਾਂ ਚਾਲਾਂ ਦੇ ਬਾਵਜੂਦ ਵੀ ਦੋਸ਼ੀ ਕਾਨੂੰਨ ਦੇ ਸ਼ਿਕੰਜੇ ਵਿਚੋਂ ਬਚ ਨਹੀਂ ਸਕਿਆ। ਉਨ੍ਹਾਂ ਕਿਹਾ ਕਿ ਇਹ ਇਕ ਸਬਕ ਹੈ ਕਿ ਸਿਆਸੀ ਸ਼ਕਤੀ ਹੁੰਦਿਆਂ ਕੀਤੀਆਂ ਹੋਈਆਂ ਗਲਤੀਆਂ ਨੂੰ ਭੁਗਤਣਾ ਜ਼ਰੂਰ ਪੈਂਦਾ ਹੈ। ਸੱਜਣ ਕੁਮਾਰ ਨੂੰ ਮਿਲੀ ਸਜ਼ਾ ਨਾਲ ਸਿੱਖ ਹਿਰਦਿਆਂ ਨੂੰ ਠੰਢ ਜ਼ਰੂਰ ਪਈ ਹੈ। ਸ. ਗਾਖਲ ਨੇ ਕਿਹਾ ਕਿ ਮੇਰੀ ਕੇਂਦਰ ਸਰਕਾਰ ਨੂੰ ਬੇਨਤੀ ਹੈ ਕਿ ਹੁਣ ਸਜ਼ਾ ਭੁਗਤ ਚੁੱਕੇ ਸਿੱਖ ਬੰਦੀਆਂ ਨੂੰ ਵੀ ਛੇਤੀ ਤੋਂ ਛੇਤੀ ਰਿਹਾਅ ਕਰ ਦਿੱਤਾ ਜਾਵੇ ਤਾਂ ਜੋ ਸਮੁੱਚੇ ਸਿੱਖ ਭਾਈਚਾਰੇ ਦਾ ਭਾਰਤੀ ਲੋਕਤੰਤਰ ਵਿਚ ਵਿਸ਼ਵਾਸ ਹੋਰ ਵੀ ਵਧੇ। ਉਨ੍ਹਾਂ ਕਿਹਾ ਕਿ ਸੱਜਣ ਕੁਮਾਰ ਨੂੰ ਮਿਲੀ ਸਜ਼ਾ ਇਕ ਮਿਸਾਲ ਹੈ ਅਤੇ ਆਉਣ ਵਾਲਾ ਭਵਿੱਖ ਇਸ ਤੋਂ ਸੇਧ ਜ਼ਰੂਰ ਲਵੇਗਾ। ਜੋ ਵੀ 1984 ਵਿਚ ਵਾਪਰਿਆ ਉਸ ਨੂੰ ਯਾਦ ਕਰਨ ਲੱਗੇ ਹੀ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ, ਜਿਨ੍ਹਾਂ ਪਰਿਵਾਰਾਂ ਨਾਲ ਵਾਪਰਿਆ ਹੋਵੇਗਾ, ਉਨ੍ਹਾਂ ਨਾਲ ਉਸ ਵੇਲੇ ਕੀ ਬਣਿਆ ਹੋਵੇਗਾ? ਸੋ ਅਜਿਹੇ ਪਾਪੀਆਂ ਨੂੰ ਕਦੇ ਵੀ ਸਮਾਜ ਵਿਚ ਖੁੱਲ੍ਹਾ ਨਹੀਂ ਛੱਡਿਆ ਜਾ ਸਕਦਾ ਤੇ ਉਹ ਮਾਣਯੋਗ ਅਦਾਲਤ ਵਲੋਂ ਸੱਜਣ ਕੁਮਾਰ ਨੂੰ ਦਿੱਤੀ ਗਈ ਸਜ਼ਾ ਦਾ ਸਵਾਗਤ ਕਰਦੇ ਹਨ।

# ਭਾਰਤ 'ਚ 'ਵੋਟਰ-ਟਰਨਆਊਟ' ਲਈ 182 ਕਰੋੜ ਦੀ ਸਹਾਇਤਾ ਇਕ ਰਿਸ਼ਵਤ ਸੀ: ਟਰੰਪ

## ਬਾਈਡਨ ਪ੍ਰਸ਼ਾਸਨ ਦੇ ਗ਼ਲਤ ਫ਼ੈਸਲੇ ਬਦਲੇ ਜਾਣਗੇ

**ਨਿਊਯਾਰਕ:** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਭਾਰਤ ਨੂੰ ਮੱਤਦਾਨ ਵਧਾਉਣ (ਵੋਟਰ-ਟਰਨਆਊਟ) ਲਈ 21 ਮਿਲੀਅਨ ਡਾਲਰ (ਲਗਭਗ 182 ਕਰੋੜ ਰੁਪਏ) ਦੀ ਅਮਰੀਕੀ ਸਹਾਇਤਾ (ਯੂ. ਐਸ. ਏਡ) ਇਕ ਰਿਸ਼ਵਤ ਯੋਜਨਾ ਸੀ ਤੇ ਉਹ ਹੁਣ ਰੱਦ ਕੀਤੀ ਗਈ ਇਸ ਯੋਜਨਾ ਲਈ ਬਾਈਡਨ ਪ੍ਰਸ਼ਾਸਨ 'ਤੇ ਆਪਣੇ ਹਮਲੇ ਜਾਰੀ ਰੱਖਣਗੇ। ਟਰੰਪ ਨੇ ਇਹ ਟਿੱਪਣੀਆਂ ਵਾਸ਼ਿੰਗਟਨ ਡੀ.ਸੀ. ਵਿਖੇ ਰਿਪਬਲਿਕਨ ਗਵਰਨਰਾਂ ਦੀ ਮੀਟਿੰਗ 'ਚ



ਬੋਲਦਿਆਂ ਕੀਤੀਆਂ। ਟਰੰਪ ਨੇ ਕਿਹਾ ਕਿ 21 ਮਿਲੀਅਨ ਅਮਰੀਕੀ ਡਾਲਰ ਦੀ ਸਹਾਇਤਾ ਨਾਲ ਅਸੀਂ ਭਾਰਤ 'ਚ ਵੋਟਰ ਟਰਨਆਊਟ ਲਈ ਚਿੰਤਾ। ਕਿਉਂ ਕਰ ਰਹੇ ਹਾਂ ? ਸਾਨੂੰ ਇਸ ਨਾਲ ਕਈ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਸਗੋਂ ਸਾਨੂੰ ਤਾਂ ਆਪਣੇ ਵੋਟਰ ਟਰਨਆਊਟ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਮੈਂ ਕਈ ਵਾਰ ਇਸ ਮਾਮਲੇ 'ਤੇ ਬੋਲਿਆ ਹੈ। ਹਾਲਾਂਕਿ ਤੁਸੀਂ ਸੋਚਿਆ ਵੀ ਨਹੀਂ ਹੋਵੇਗਾ ਕਿ ਅਸੀਂ ਕਿਸ ਬਾਰੇ ਗੱਲ ਕਰ ਰਹੇ ਹਾਂ। ਇਸ ਦਾ ਮਤਲਬ ਹੈ ਕਿ ਇਹ ਇਕ ਰਿਸ਼ਵਤ ਸੀ, ਕਿਉਂਕਿ ਕਿਸੇ ਨੂੰ ਵੀ ਇਸ ਬਾਰੇ ਪਤਾ ਨਹੀਂ ਸੀ ਕਿ ਇਥੇ ਕੀ ਕੁਝ ) ਚੱਲ ਰਿਹਾ ਹੈ। ਹਫ਼ਤੇ 'ਚ ਇਹ ਤੀਜੀ ਵਾਰ ਹੈ ਜਦੋਂ ਟਰੰਪ ਨੇ ਇਸ ਫੰਡਿੰਗ 'ਤੇ ਸਵਾਲ ਉਠਾਏ ਹਨ। ਇਸ ਤੋਂ ਪਹਿਲਾਂ ਮਿਆਮੀ 'ਚ ਇਕ ਸੰਮੇਲਨ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਭਾਰਤ ਨੂੰ ਫੰਡਿੰਗ ਲਈ ਅਜਿਹੀਆਂ ਚਿੰਤਾਵਾਂ ਉਠਾਈਆਂ ਸਨ। ਉਨ੍ਹਾਂ ਕਿਹਾ ਕਿ ਉਹ ਇਸ ਨਾਲ ਕਿਸੇ ਹੋਰ ਨੂੰ ਚੁਣਨ ਦੀ ਕੋਸ਼ਿਸ਼ ਕਰ ਰਹੇ ਸਨ। ਇਸ ਤੋਂ ਪਹਿਲਾਂ ਬੁੱਧਵਾਰ ਨੂੰ ਵੋਟਰ ਟਰਨਆਊਟ ਲਈ ਭਾਰਤ ਨੂੰ ਦਿੱਤੀ ਜਾਂਦੀ 21 ਮਿਲੀਅਨ ਡਾਲਰ ਦੀ ਸਹਾਇਤਾ 'ਤੇ ਸਵਾਲ ਉਠਾਉਂਦਿਆਂ ਉਨ੍ਹਾਂ ਦੁਹਰਾਇਆ ਸੀ ਕਿ ਭਾਰਤ ਦੇ ਉੱਚੇ ਟੈਕਸਾਂ ਨਾਲ ਅਮਰੀਕਾ ਮੁਸ਼ਕਿਲ ਨਾਲ ਹੀ ਉਥੇ ਦਾਖ਼ਲ ਹੋ ਸਕਦਾ ਹੈ। ਉਨ੍ਹਾਂ ਦੀਆਂ ਇਹ ਟਿੱਪਣੀਆਂ, ਐਲਨ ਮਸਕ ਦੀ ਅਗਵਾਈ ਵਾਲੇ ਡਿਪਾਰਟਮੈਂਟ ਆਫ ਗਵਰਨਮੈਂਟ ਐਫੀਸਿਏਂਸੀ (ਡੀ.ਓ.ਜੀ.ਈ.) ਵਲੋਂ ਇਹ ਖੁਲਾਸਾ ਕਰਨ ਕਿ ਭਾਰਤ 'ਚ ਵੋਟਰ ਟਰਨਆਊਟ ਲਈ ਚੋਣ ਕਮਿਸ਼ਨ ਨੂੰ 21 ਮਿਲੀਅਨ ਅਮਰੀਕੀ ਡਾਲਰ ਦੀ ਸਹਾਇਤਾ ਦਿੱਤੀ ਗਈ ਸੀ, ਤੋਂ ਬਾਅਦ ਆਈਆਂ ਹਨ। 16 ਫਰਵਰੀ ਨੂੰ ਡੀ.ਓ.ਜੀ.ਈ. ਨੇ ਕੁਝ ਚੀਜ਼ਾਂ ਦੀ ਸੂਚੀ ਦਿੱਤੀ ਸੀ, ਜਿਨ੍ਹਾਂ 'ਤੇ ਅਮਰੀਕੀ ਨਾਗਰਿਕਾਂ ਦੇ ਟੈਕਸ ਦਾ ਪੈਸਾ ਖਰਚਿਆਂ ਜਾ ਰਿਹਾ ਸੀ ਤੇ ਇਨ੍ਹਾਂ 'ਚ ਵੋਟਰ ਟਰਨਆਊਟ ਲਈ ਭਾਰਤ ਨੂੰ ਦਿੱਤੀ ਜਾਂਦੀ 21 ਮਿਲੀਅਨ ਡਾਲਰ ਦੀ ਸਹਾਇਤਾ ਵੀ ਸ਼ਾਮਿਲ ਹੈ। ਡੀ.ਓ.ਜੀ.ਈ. ਨੇ ਦੱਸਿਆ ਕਿ ਹੁਣ ਇਹ ਚੀਜ਼ਾਂ ਰੱਦ ਕਰ ਦਿੱਤੀਆਂ ਗਈਆਂ ਹਨ।

## ਸਾਹਮਣੇ ਆਈ ਨਵੀਂ ਰਿਪੋਰਟ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਵੋਟਰ ਟਰਨਆਊਟ ਲਈ ਭਾਰਤ ਨੂੰ 21 ਮਿਲੀਅਨ ਡਾਲਰ (ਲਗਭਗ 182 ਕਰੋੜ ਰੁਪਏ) ਦੀ ਫੰਡਿੰਗ ਦੇ ਦਾਅਵੇ ਤੋਂ ਬਾਅਦ ਭਾਰਤੀ ਸਿਆਸਤ 'ਚ ਮਚੀ ਸਨਸਨੀ ਤੋਂ ਬਾਅਦ ਸਾਹਮਣੇ ਆਈ ਇਕ ਨਵੀਂ ਰਿਪੋਰਟ 'ਤੇ ਕਾਂਗਰਸ ਨੇ ਭਾਜਪਾ ਖ਼ਿਲਾਫ਼ ਮੋਰਚਾ ਖੋਲ੍ਹਦਿਆਂ ਉਸ ਤੋਂ ਮੁਆਫ਼ੀ ਦੀ ਮੰਗ ਕੀਤੀ ਹੈ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਇਕ ਅੰਗਰੇਜ਼ੀ ਅਖ਼ਬਾਰ ਵਲੋਂ ਜਾਰੀ ਰਿਪੋਰਟ ਦਾ ਹਵਾਲਾ ਦਿੱਤਾ, ਜਿਸ 'ਚ ਕਿਹਾ ਗਿਆ ਸੀ ਕਿ ਫੰਡਿੰਗ ਭਾਰਤ ਲਈ ਨਹੀਂ, ਸਗੋਂ ਬੰਗਲਾਦੇਸ਼ ਲਈ ਸੀ। ਜੈਰਾਮ ਰਮੇਸ਼ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਛਪੀ ਰਿਪੋਰਟ ਦੀ ਤਸਵੀਰ ਦੇ ਨਾਲ ਭਾਜਪਾ 'ਤੇ ਹਮਲਾ ਬੋਲਦਿਆਂ ਕਿਹਾ ਕਿ ਝੂਠ ਸਭ ਤੋਂ ਪਹਿਲਾਂ ਵਾਸ਼ਿੰਗਟਨ 'ਚ ਬੋਲਿਆ ਗਿਆ, ਫਿਰ ਝੂਠ ਨੂੰ ਭਾਜਪਾ ਦੀ ਝੂਠ ਸੈਨਾ ਨੇ ਵਧਾ-ਚੜ੍ਹਾਅ ਕੇ ਪੇਸ਼ ਕੀਤਾ। ਗੋਦੀ ਮੀਡੀਆ 'ਤੇ ਬਹਿਸ ਲਈ ਝੂਠ ਘੜਿਆ ਗਿਆ।ਹੁਣ ਝੂਠ ਦਾ ਪੂਰੀ ਤਰ੍ਹਾਂ ਪਰਦਾਫਾਸ਼ ਹੋ ਗਿਆ ਹੈ। ਕਾਂਗਰਸ ਨੇਤਾ ਨੇ ਅੱਗੇ ਸਵਾਲ ਉਠਾਉਂਦਿਆਂ ਕਿਹਾ ਕਿ ਕੀ ਝੂਠੇ ਲੋਕ ਮੁਆਫ਼ੀ ਮੰਗਣਗੇ? ਅਖ਼ਬਾਰ 'ਚ ਛਪੀ ਰਿਪੋਰਟ ਮੁਤਾਬਿਕ ਬੰਗਲਾਦੇਸ਼ ਲਈ ਜਾਰੀ ਫੰਡਿੰਗ ਸ਼ੇਖ ਹਸੀਨਾ ਦੇ ਕਾਰਜਕਾਲ ਦੌਰਾਨ 2022 'ਚ ਅਮਰੀਕਾ ਵਲੋਂ ਜਾਰੀ ਹੋਈ ਸੀ, ਜਿਸ ਤਹਿਤ 130.4 ਲੱਖ ਅਮਰੀਕੀ ਡਾਲਰ ਪਹਿਲਾਂ ਹੀ ਬੰਗਲਾਦੇਸ਼ ਨੂੰ ਦਿੱਤੇ ਜਾ ਚੁੱਕੇ ਸਨ। ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ 2008 ਤੋਂ ਬਾਅਦ ਤੋਂ ਕਿਸੇ ਵੀ ਚੋਣ ਸੰਬੰਧੀ ਪ੍ਰਾਜੈਕਟ ਲਈ ਯੂ.ਐਸ.ਏਡ ਦੀ ਫੰਡਿੰਗ ਨਹੀਂ ਮਿਲੀ।

# ਕੁਲਦੀਪ ਸਿੰਘ ਧਾਲੀਵਾਲ ਦਾ ਇਕ ਮੰਤਰਾਲਾ ਹੀ ਕੀਤਾ ਖ਼ਤਮ

## ਵਿਰੋਧੀਆਂ ਨੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਚੁੱਕੇ ਸਵਾਲ



**ਚੰਡੀਗੜ੍ਹ:** ਇਸ ਨੂੰ ਦਿੱਲੀ 'ਚ ਮਿਲੀ ਹਾਰ ਦਾ ਅਸਰ ਹੀ ਕਿਹਾ ਜਾਵੇਗਾ ਕਿ ਸੂਬੇ 'ਚ ਆਪ ਸਰਕਾਰ ਇਕਦਮ ਸਰਗਰਮ ਮੋਡ 'ਚ ਆ ਗਈ ਹੈ। ਸ਼ੁੱਕਰਵਾਰ ਨੂੰ ਇਕੱਠੇ ਤਿੰਨ ਵੱਖ-ਵੱਖ ਫ਼ੈਸਲਿਆਂ 'ਚ ਸਰਕਾਰ ਨੇ ਜਿੱਥੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੋਂ ਉਨ੍ਹਾਂ ਦਾ ਪ੍ਰਸ਼ਾਸਨਿਕ ਸੁਧਾਰ ਵਿਭਾਗ ਵਾਪਸ ਲੈ ਲਿਆ, ਉੱਥੇ ਇਕ ਹੋਰ ਵੱਡਾ ਫ਼ੈਸਲਾ ਲੈਂਦਿਆਂ ਸਰਕਾਰ ਦੇ ਮੁਕੱਦਮੇ ਲੜਨ ਵਾਲੇ ਐਡਵੋਕੇਟ ਜਨਰਲ (ਏਜੀ) ਵਿਭਾਗ ਦੇ ਸਾਰੇ ਅਧਿਕਾਰੀਆਂ ਤੋਂ ਅਸਤੀਫ਼ੇ ਮੰਗ ਲਏ ਹਨ। ਨਾਲ ਹੀ, ਨੌਂ ਜ਼ਿਲ੍ਹਾ ਪੁਲਿਸ ਮੁਖੀਆਂ ਸਮੇਤ 21 ਆਈਪੀਐੱਸ ਅਧਿਕਾਰੀਆਂ ਨੂੰ ਟਰਾਂਸਫਰ ਕਰ ਦਿੱਤਾ ਗਿਆ ਹੈ। ਇਨ੍ਹਾਂ 'ਚ ਨੌਂ ਐੱਸਐੱਸਪੀ ਹਨ।

ਪਹਿਲਾਂ ਇਹ ਕਿਹਾ ਜਾ ਰਿਹਾ ਸੀ ਕਿ ਏਜੀ ਤੋਂ ਲੈ ਕੇ ਉਨ੍ਹਾਂ ਦੇ ਹੇਠਾਂ ਤੱਕ ਸਾਰੇ ਵਕੀਲਾਂ ਨੂੰ ਅਸਤੀਫ਼ਾ ਦੇਣ ਲਈ ਕਿਹਾ ਗਿਆ ਹੈ ਪਰ ' ਬਾਅਦ 'ਚ ਸਪੱਸ਼ਟ ਕੀਤਾ ਗਿਆ ਕਿ ਸਿਰਫ਼ ਏਜੀ ਦੀ ਟੀਮ ਤੋਂ ਅਸਤੀਫ਼ਾ ਮੰਗਿਆ ਗਿਆ ਹੈ। ਵਿਭਾਗੀ ਸੂਤਰਾਂ ਨੇ ਕਿਹਾ ਕਿ ਸਾਰਿਆਂ ਤੋਂ ਸੋਮਵਾਰ ਤੱਕ ਅਸਤੀਫ਼ਾ ਮੰਗਿਆ ਗਿਆ ਹੈ। ਕੁੱਲ 236 ਲੋਕਾਂ ਦੀ ਟੀਮ 'ਚੋਂ 62 ਲੋਕਾਂ ਦੇ ਅਸਤੀਫ਼ੇ ਭੇਜ ਦਿੱਤੇ ਜਾਣ ਦੀ ਸੂਚਨਾ ਹੈ। ਏਜੀ ਦੀ ਟੀਮ 'ਚ ਅੱਠ ਲੋਕਾਂ ਨੂੰ ਦਿੱਲੀ 'ਚ ਸੁਪਰੀਮ ਕੋਰਟ ਆਦਿ 'ਚ ਲੜੇ ਜਾਣ ਵਾਲੇ ਕੇਸਾਂ ਲਈ ਵੀ ਨਿਯੁਕਤ ਕੀਤਾ ਗਿਆ ਹੈ। ਇਨ੍ਹਾਂ 'ਚ ਪੰਜ ਐਡਵੋਕੇਟ ਆਨ ਰਿਕਾਰਡ ਤੇ ਤਿੰਨ ਡਿਪਟੀ ਐਡਵੋਕੇਟ ਜਨਰਲ ਹਨ। ਇਸ ਘਟਨਾਕ੍ਰਮ ਸਬੰਧੀ ਐਡਵੋਕੇਟ ਜਨਰਲ ਗੁਰਿੰਦਰ ਸਿੰਘ ਗੈਰੀ ਨੇ ਕਿਹਾ ਕਿ 10 ਫਰਵਰੀ ਨੂੰ ਸਾਰਿਆਂ ਦਾ ਕਾਰਜਕਾਲ ਪੂਰਾ ਹੋ ਗਿਆ ਸੀ। ਇਨ੍ਹਾਂ ਸਾਰਿਆਂ ਦੀ ਓਰੀਐਂਟੇਸ਼ਨ ਤੋਂ ਬਾਅਦ ਇਨ੍ਹਾਂ ਨੂੰ ਮੁੜ ਨਿਯੁਕਤ ਕੀਤਾ ਜਾਵੇਗਾ। ਇਹ ਵੀ ਜਾਣਕਾਰੀ ਮਿਲੀ ਹੈ ਕਿ ਐਡਵੋਕੇਟ ਜਨਰਲ ਦੀ ਨਵੀਂ ਟੀਮ ਦਾ ਗਠਨ ਅਗਲੇ 15 ਦਿਨਾਂ 'ਚ ਕਰ ਦਿੱਤਾ ਜਾਵੇਗਾ ਜਿਸ ਲਈ ਛੇਤੀ ਹੀ ਇਸ਼ਤਿਹਾਰ ਜਾਰੀ ਕੀਤਾ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਹੁਣ ਤੱਕ ਇਹ ਰਵਾਇਤ ਰਹੀ ਹੈ ਕਿ ਇਨ੍ਹਾਂ ਸਾਰੇ ਅਹੁਦਿਆਂ 'ਤੇ ਨਿਯੁਕਤੀ ਇਕ-ਇਕ ਸਾਲ ਲਈ ਹੁੰਦੀ ਹੈ ਤੇ ਹਰ ਸਾਲ ਉਦੋਂ ਤੱਕ ਵਧਾਈ ਜਾਂਦੀ ਹੈ। ਜਦੋਂ ਤੱਕ ਸਰਕਾਰ ਬਦਲ ਨਹੀਂ ਜਾਂਦੀ। ਪੰਜਾਬ 'ਚ 'ਆਪ' ਸਰਕਾਰ ਆਪਣੇ ਕਾਰਜਕਾਲ 'ਚ ਏਜੀ ਤੋਂ ਲੈ ਕੇ ਉਨ੍ਹਾਂ ਦੇ ਵਿਭਾਗ 'ਚ ਲੱਗਣ ਵਾਲੇ ਵਕੀਲਾਂ ਦੀ ਟੀਮ ਹੁਣ ਨਵੇਂ ਸਿਰੇ ਤੋਂ ਤਿਆਰ ਕਰ ਰਹੀ ਹੈ, ਇਸ ਤੋਂ ਇਹ ਸਪੱਸ਼ਟ ਹੈ ਕਿ ਦਿੱਲੀ ਦੇ ਚੋਣ ਨਤੀਜੇ ਅਸਰ ਦਿਖਾ ਰਹੇ ਹਨ। ਇਕ ਹੋਰ ਧਿਆਨ ਖਿੱਚਣ ਵਾਲੀ ਗੱਲ ਇਹ ਹੈ ਕਿ ਕੈਬਨਿਟ ਮੰਤਰੀ ਧਾਲੀਵਾਲ ਤੋਂ ਹੌਲੀ-ਹੌਲੀ ਸਾਰੇ ਮਹੱਤਵਪੂਰਨ ਵਿਭਾਗ ਵਾਪਸ ਲੈ ਲਏ ਗਏ ਹਨ। ਇਸ ਤੋਂ ਪਹਿਲਾਂ ਉਨ੍ਹਾਂ ਕੋਲ ਖੇਤੀ ਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੀ ਰਹੇ ਹਨ ਪਰ ਹੁਣ ਉਨ੍ਹਾਂ ਕੋਲ ਸਿਰਫ਼ ਐੱਨ.ਆਰ.ਆਈ. ਮਾਮਲਿਆਂ ਦਾ ਵਿਭਾਗ ਬਚਿਆ ਹੈ।

## 20 ਮਹੀਨਿਆਂ 'ਚ ਧਾਲੀਵਾਲ ਨੇ ਕੋਈ ਮੀਟਿੰਗ ਨਹੀਂ ਕੀਤੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿ ਇਹ ਹਾਸੋਹੀਣੀ ਗੱਲ ਹੈ ਕਿ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੂੰ ਵੀਹ ਮਹੀਨਿਆਂ 'ਚ ਪ੍ਰਸ਼ਾਸਕੀ ਸੁਧਾਰ ਵਿਭਾਗ ਦੀ ਹੋਂਦ ਦਾ ਹੀ ਪਤਾ ਨਹੀਂ ਲੱਗਿਆ। ਉਨ੍ਹਾਂ ਕਿਹਾ ਕਿ ਧਾਲੀਵਾਲ ਨੂੰ ਪੰਜਾਬੀਆਂ ਨੂੰ ਜਵਾਬ ਦੇਣਾ ਚਾਹੀਦਾ ਹੈ ਕਿ ਵੀਹ ਮਹੀਨਿਆਂ ਵਿਚ ਉਹਨਾਂ ਨੂੰ ਇਸ ਦਾ ਪਤਾ ਕਿਉਂ ਨਹੀਂ ਲੱਗਾ ਅਤੇ । ਵੀਹ ਮਹੀਨਿਆਂ ਵਿਚ ਵਿਭਾਗ ਦੀ ਇਕ ਵੀ ਮੀਟਿੰਗ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਇਸ ਤੋਂ ਪਤਾ ਲੱਗਦਾ ਹੈ ਕਿ ਆਮ ਆਦਮੀ ਪਾਰਟੀ (ਆਪ) ਦੀ ਰਾਜ ਵਿਚ ਸਰਕਾਰ ਕਿਵੇਂ ਚੱਲ ਰਹੀ ਹੈ। ਇਸ ਤੋਂ ਪਤਾ ਚੱਲਦਾ ਹੈ ਕਿ ਵਿਭਾਗ ਦਿੱਲੀ ਤੋਂ ਚਲਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਲੀਡਰਸ਼ਿਪ ਦਿੱਲੀ ਦਰਬਾਰ ਅੱਗੇ ਆਤਮ ਸਮਰਪਣ ਕਰ ਚੁੱਕੀ ਹੈ। ਸੂਬੇ ਸਿਰ ਕਰਜ਼ਾ ਵੱਧ ਕੇ 3.76 ਲੱਖ ਕਰੋੜ ਰੁਪਏ ਹੋ ਗਿਆ ਹੈ। ਉਹਨਾਂ ਕਿਹਾ ਕਿ ਪ੍ਰਸ਼ਾਸਕੀ ਸੁਧਾਰ ਜੋ 3 ਲਾਲ ਫੀਤਾਸ਼ਾਹੀ ਖ਼ਤਮ ਕਰਨ ਵਾਸਤੇ ਬੇਹੱਦ ਜ਼ਰੂਰੀ ਹਨ।



## ਵਿਭਾਗਾਂ ਦਾ ਮੇਰੇ ਲਈ ਕੋਈ ਅਰਥ ਨਹੀਂ: ਧਾਲੀਵਾਲ

**ਜਲੰਧਰ:** ਪੰਜਾਬ ਵਿੱਚ ਲੰਘੇ ਦਿਨ 'ਪ੍ਰਸ਼ਾਸਨਿਕ ਸੁਧਾਰ ਵਿਭਾਗ ਦੀ ਹੋਂਦ ਬਾਰੇ ਹੋਏ ਖੁਲਾਸੇ ਮਗਰੋਂ ਇੱਥੇ ਐੱਨ.ਆਰ.ਆਈ. ਸਭਾ ਵਿੱਚ ਆਏ ਕੈਬਨਿਟ ਮੰਤਰੀ ਕੁਲਦੀਪ ਧਾਲੀਵਾਲ ਨੇ ਕਿਹਾ ਕਿ ਉਹ ਅਮਰੀਕਾ ਤੋਂ ਪੰਜਾਬ ਦੀ ਸੇਵਾ ਕਰਨ ਲਈ ਆਏ ਸਨ ਅਤੇ ਕੋਈ ਵਿਭਾਗ ਸੰਭਾਲਣ ਲਈ ਨਹੀਂ। ਇਨ੍ਹਾਂ ਵਿਭਾਗਾਂ ਦਾ ਉਨ੍ਹਾਂ ਲਈ ਕੋਈ ਅਰਥ ਨਹੀਂ ਹੈ।

ਉਨ੍ਹਾਂ ਦਾ ਇੱਕੋ-ਇੱਕ ਉਦੇਸ਼ ਪੰਜਾਬ ਨੂੰ ਬਚਾਉਣਾ ਅਤੇ ਇਸ ਨੂੰ ਪਟੜੀ 'ਤੇ ਲਿਆਉਣਾ ਹੈ। ਇਹ ਮੁੱਖ ਮੰਤਰੀ 'ਤੇ ਨਿਰਭਰ ਕਰਦਾ ਹੈ, ਕਿ ਉਹ ਉਨ੍ਹਾਂ ਤੋਂ ਕਿਸ ਤਰ੍ਹਾਂ ਦਾ ਕੰਮ ਲੈਣਾ ਚਾਹੁੰਦੇ ਹਨ। ਉਧਰ, ਮੁੱਖ ਮੰਤਰੀ ਭਗਵੰਤ ਮਾਨ ਦਾ ਜਵਾਬ ਧਾਲੀਵਾਲ ਤੋਂ ਵੱਖਰਾ ਰਿਹਾ। ਉਨ੍ਹਾਂ ਅੱਜ ਭਵਾਨੀਗੜ੍ਹ ਵਿੱਚ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਨੇ ਸਿਰਫ ਵਿਭਾਗ ਦਾ ਨਾਮ ਬਦਲਿਆ ਹੈ।

## ਵਿਰੋਧੀਆਂ ਨੇ ਚੁੱਕੇ ਸਵਾਲ

**ਜਲੰਧਰ:** ਪੰਜਾਬ ਸਰਕਾਰ ਵਲੋਂ ਬੀਤੇ ਕੱਲ੍ਹ ਅਚਾਨਕ ਪ੍ਰਸ਼ਾਸ਼ਨਿਕ ਸੁਧਾਰ ਮਹਿਕਮਾ ਖਤਮ ਕਰਨ ਸੰਬੰਧੀ ਜਾਰੀ ਕੀਤੇ ਨੋਟੀਫਿਕੇਸ਼ਨ ਤੋਂ ਬਾਅਦ ਵਿਰੋਧੀ ਪਾਰਟੀਆਂ ਵਲੋਂ ਸੂਬੇ ਦੀ ਆਮ ਆਦਮੀ ਪਾਰਟੀ ਨੂੰ ਬੇਸ਼ੱਕ ਨਿਸ਼ਾਨੇ 'ਤੇ ਲੈ ਕੇ ਤਿੱਖੇ ਹਮਲੇ ਕੀਤੇ ਜਾ ਰਹੇ ਹਨ ਤੇ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹ ਮਹਿਕਮਾ ਕਦੇ ਹੋਂਦ 'ਚ ਹੀ ਨਹੀਂ ਸੀ, ਪਰ ਮਿਲੀ ਜਾਣਕਾਰੀ ਮੁਤਾਬਿਕ ਇਹ ਮਹਿਕਮਾ ਪਿਛਲੀਆਂ ਸਰਕਾਰਾਂ ਦੇ ਸਮੇਂ ਤੋਂ ਕਾਰਜਸ਼ੀਲ ਚੱਲਿਆ ਆ ਰਿਹਾ ਸੀ ਤੇ ਇਸ ਵਾਰ ਮੌਜੂਦਾ 'ਆਪ' ਸਰਕਾਰ 'ਚ ਇਹ ਮਹਿਕਮਾ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੇ ਕੋਲ ਸੀ। ਇਹ ਮਹਿਕਮਾ ਪੰਜਾਬ 'ਚ ਆਫ ਬਿਜ਼ਨੈਸ ਰੂਲ 1994' ਦੇ ਤਹਿਤ ਸ਼ੁਰੂ ਤੋਂ ਹੀ ਕੰਮ ਕਰਦਾ ਆ ਰਿਹਾ ਹੈ ਤੇ ਪਿਛਲੀ ਕਾਂਗਰਸ ਸਰਕਾਰ 'ਚ ਇਹ ਮਹਿਕਮਾ ਜਿੱਥੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਕੋਲ ਰੱਖਿਆ ਹੋਇਆ ਸੀ, ਉੱਥੇ ਹੀ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਸਰਕਾਰ 'ਚ ਇਹ ਮਹਿਕਮਾ ਵਿਜੇ ਇੰਦਰ ਸਿੰਗਲਾ ਦੇ ਕੋਲ ਰਿਹਾ ਹੈ। ਇਸ ਤਰ੍ਹਾਂ ਇਹ ਮਹਿਕਮਾ ਪਿਛਲੇ ਲੰਬੇ ਸਮੇਂ ਤੋਂ ਕਾਰਜਸ਼ੀਲ 'ਚੱਲਿਆ ਆ ਰਿਹਾ ਸੀ ਤੇ ਇਸਨੂੰ ਬੰਦ ਕਰਨ ਸੰਬੰਧੀ ਬੀਤੇ ਕੱਲ੍ਹ ਹੀ ਪੰਜਾਬ ਸਰਕਾਰ ਵਲੋਂ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ । ਜਦਕਿ ਇਸ ਮਹੱਤਵਪੂਰਨ ਮਹਿਕਮੇ ਦਾ ਕੰਮ ਜਿੱਥੇ ਪ੍ਰਸ਼ਾਸ਼ਨ ਦੇ ਕੰਮ-ਕਾਰ 'ਚ ਸੁਧਾਰ ਲਿਆਉਣਾ ਸੀ, ਉੱਥੇ ਸਰਕਾਰ ਵਲੋਂ ਲਏ ਜਾਣ ਵਾਲੇ ਫੈਸਲਿਆਂ ਨੂੰ ਲਾਗੂ ਕਰਵਾਉਣਾ ਤੇ ਹੋਰ ਕਈ ਅਹਿਮ ਕੰਮ ਵੀ ਇਸ ਮਹਿਕਮੇ ਦੇ ਮੰਤਰੀ ਦੇ ਹੱਥ ਹੁੰਦੇ ਸਨ। ਬੀਤੇ ਕੱਲ੍ਹ ਇਸ ਮਹਿਕਮੇ ਨੂੰ ਖਤਮ ਕਰਨ ਸੰਬੰਧੀ ਜਾਰੀ ਨੋਟੀਫਿਕੇਸ਼ਨ ਨਾਲ ਇਸ ਮਹਿਕਮੇ ਦੀ ਹੋਂਦ 'ਤੇ ਸਵਾਲ ਉਠਾਏ ਜਾਣ ਲੱਗੇ ਸਨ ਪਰ ਹੁਣ ਇਹ ਸਾਫ ਹੋ ਗਿਆ ਹੈ ਕਿ ਇਹ ਮਹਿਕਮਾ ਪਿਛਲੀਆਂ ਸਰਕਾਰਾਂ ਦੇ ਸਮੇਂ ਤੋਂ ਕਾਰਜਸ਼ੀਲ ਚੱਲਿਆ ਆ ਰਿਹਾ ਹੈ ਤੇ ਮੌਜੂਦਾ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਕੋਲ ਇਸ ਵਿਭਾਗ ਦੀ ਕਮਾਨ ਸੀ।

# ਸਾਰੇ ਵਿਭਾਗਾਂ 'ਤੇ ਚੱਲ ਰਿਹੈ ਮੰਥਨ: ਮੁੱਖ ਮੰਤਰੀ

## ਕੁਝ ਮੰਤਰਾਲਿਆਂ ਦਾ ਜਲਦ ਕੀਤਾ ਜਾਵੇਗਾ ਰਲੇਵਾਂ



**ਸੰਗਰੂਰ:** ਪ੍ਰਸ਼ਾਸਨਿਕ ਸੁਧਾਰ ਵਿਭਾਗ (ਐਡਮਿਨਿਸਟ੍ਰੇਟਿਵ ਰਿਫਾਰਮ ਮਨਿਸਟਰੀ) ਦੀ ਥਾਂ ਗਵਰਨੈਂਸ ਰਿਫਾਰਮਸ ਵਿਭਾਗ ਨੇ ਲੈ ਲਈ ਹੈ। ਇਸ ਤੋਂ ਬਾਅਦ ਹੁਣ ਬਾਕੀ ਵਿਭਾਗਾਂ ਦਾ ਵੀ ਆਪਸ 'ਚ ਰਲੇਵਾਂ ਕਰਨ ਲਈ ਕੰਮ ਜਾਰੀ ਹੈ, ਛੇਤੀ ਹੀ ਇਕੋ ਜਿਹੇ ਕਈ ਵਿਭਾਗਾਂ ਦਾ ਰਲੇਵਾਂ ਕਰ ਦਿੱਤਾ ਜਾਏਗਾ, ਤਾਂ ਜੋ ਉਨ੍ਹਾਂ ਦੀ ਕਾਰਗੁਜ਼ਾਰੀ 'ਚ ਸੁਧਾਰ ਹੋ ਸਕੇ ਤੇ ਵਿਭਾਗਾਂ ਨਾਲ ਸਬੰਧਤ ਕੰਮਕਾਜ ਲਈ ਕਿਸੇ ਨੂੰ ਇੱਧਰ-ਉੱਧਰ ਭਟਕਣਾ ਨਾ ਪਵੇ। ਇਹ ਐਲਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਮੁੱਖ ਮੰਤਰੀ ਸ਼ਨਿਚਰਵਾਰ ਨੂੰ ਸੰਗਰੂਰ 'ਚ ਸੀਵਰੇਜ ਸਫਾਈ ਲਈ ਨਵੀਆਂ ਮਸ਼ੀਨਾਂ ਨੂੰ ਹਰੀ ਝੰਡੀ ਦੇਣ ਲਈ ਪਹੁੰਚੇ ਸਨ।

ਮਾਨ ਨੇ ਕਿਹਾ ਕਿ ਸਿੰਚਾਈ ਵਿਭਾਗ, ਡਰੇਨੇਜ ਵਿਭਾਗ, ਮਿੱਟੀ ਸੰਭਾਲ ਵਿਭਾਗ ਸਾਰੇ ਪਾਣੀ ਨਾਲ ਸਬੰਧਤ ਹਨ, ਪਰ ਇਨ੍ਹਾਂ ਨਾਲ ਸਬੰਧਤ ਕੰਮਕਾਜ ਲਈ ਲੋਕਾਂ ਨੂੰ ਕਾਫ਼ੀ ਭਟਕਣਾ ਪੈਂਦਾ ਹੈ। ਅਜਿਹੇ ਹੀ ਵਿਭਾਗਾਂ ਦਾ ਰਲੇਵਾਂ ਕਰਨ ਦੀ ਕੋਸ਼ਿਸ਼ ਕੀਤੀ ਜਾਏਗੀ, ਤਾਂ ਜੋ ਕੰਮਕਾਜ 'ਚ ਤੇਜ਼ੀ ਲਿਆਂਦੀ ਜਾ ਸਕੇ ਤੇ ਵਿਭਾਗਾਂ ਦੇ ਸਟਾਫ ਨੂੰ ਵੀ ਕਿਸੇ ਤਰ੍ਹਾਂ ਦੀ ਦਿੱਕਤ ਨਾ ਹੋਵੇ। ਜ਼ਿਲ੍ਹਾ ਫਾਜ਼ਿਲਕਾ ਦੇ ਅਬੋਹਰ ਇਲਾਕੇ 'ਚ ਪਾਣੀ ਦਾ ਪੱਧਰ ਡਿੱਗਣ ਨਾਲ ਤਿੰਨ ਹਜ਼ਾਰ ਏਕੜ ਫ਼ਸਲ ਪ੍ਰਭਾਵਿਤ ਹੋਣ ਦੇ ਸਵਾਲ 'ਤੇ ਮਾਨ ਨੇ ਕਿਹਾ ਕਿ ਇਸ ਇਲਾਕੇ ਨੂੰ ਸੇਮ ਪ੍ਰਭਾਵਿਤ ਇਲਾਕਾ ਐਲਾਨਣ ਲਈ ਕੇਂਦਰ ਸਰਕਾਰ ਤੱਕ ਡਿਮਾਂਡ ਕਰਾਂਗੇ। ਮੁਕਤਸਰ ਸਾਹਿਬ ਦੇ ਇਲਾਕੇ 'ਚ ਕਰੀਬ 18 ਹਜ਼ਾਰ ਕਿਲੋਮੀਟਰ ਵਰਗ ਏਰੀਏ 'ਚ ਪੋਟਾਸ਼ ਮਿਲਿਆ ਹੈ, ਇਸ ਬਾਰੇ ਵੀ ਕੇਂਦਰ ਨੂੰ ਜਾਣਕਾਰੀ ਦਿੱਤੀ ਜਾਏਗੀ।

ਇਕ ਹੋਰ ਸਵਾਲ ਦੇ ਜਵਾਬ 'ਚ ਮੁੱਖ ਮੰਤਰੀ ਨੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ 'ਤੇ ਵਿਅੰਗ ਕੱਸਦੇ ਹੋਏ ਕਿਹਾ ਕਿ ਚੋਣਾਂ 'ਚ ਖ਼ਾਰਜ ਆਗੂਆਂ ਨੂੰ ਲੋਕ ਕਦੇ ਵੀ ਮੂੰਹ ਨਹੀਂ ਲਗਾਉਣਗੇ। ਬਿੱਟੂ ਅਜਿਹੇ ਘਟੀਆ ਹਥਕੰਡਿਆਂ ਨਾਲ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ 'ਤੇ ਕਬਜ਼ਾ ਕਰਨ ਦੇ ਸੁਪਨੇ ਦੇਖਦੇ ਹਨ, ਪਰ ਇਸ ਨਾਲ ਉਨ੍ਹਾਂ ਦੇ ਹੱਥ ਕੁਝ ਨਹੀਂ ਲੱਗੇਗਾ, ਕਿਉਂਕਿ ਇਹ ਸਹੀ ਮਾਅਨੇ 'ਚ ਆਮ ਲੋਕਾਂ ਦਾ ਘਰ ਹੈ, ਜਿਹੜੇ ਇੱਥੇ ਆਪਣੀ ਪਸੰਦ ਦੇ ਆਗੂਆਂ ਨੂੰ ਚੁਣ ਕੇ ਭੇਜਦੇ ਹਨ। ਉਨ੍ਹਾਂ ਕਿਹਾ ਕਿ ਲੋਕ ਅਜਿਹੇ ਆਗੂਆਂ ਨੂੰ ਕਦੇ ਨਹੀਂ ਚੁਣਨਗੇ ਕਿਉਂਕਿ ਉਹ ਇਨ੍ਹਾਂ ਦੇ ਸ਼ੱਕੀ ਕਿਰਦਾਰ ਤੋਂ ਚੰਗੀ ਤਰ੍ਹਾਂ ਜਾਣੂ ਹਨ। ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਘੁਟਾਲਿਆਂ ਤੇ ਜਬਰੀ ਵਸੂਲੀ ਦੇ ਪ੍ਰਤੀ ਕੋਈ ਲਿਹਾਜ਼ ਨਾ ਰੱਖਣ ਦੀ ਨੀਤੀ ਅਪਣਾਈ ਹੋਈ ਹੈ। ਅਜਿਹੇ ਮਾਮਲਿਆਂ 'ਚ ਕਾਨੂੰਨ ਆਪਣਾ ਕੰਮ ਕਰੇਗਾ ਤੇ ਅਸੀਂ ਕਿਸੇ ਵੀ ਦਬਾਅ ਅੱਗੇ ਨਹੀਂ ਝੁਕਾਂਗੇ।

## ਨਾਂ ਦਾ ਵਿਭਾਗ ਹੀ ਸੰਭਾਲ ਰਹੇ ਸਨ ਕੁਲਦੀਪ ਸਿੰਘ ਧਾਲੀਵਾਲ

**ਚੰਡੀਗੜ੍ਹ:** ਦਿੱਲੀ ਚੋਣਾਂ ਤੋਂ ਬਾਅਦ ਨੂੰ ਵੱਡਾ ਪ੍ਰਸ਼ਾਸਨਿਕ ਬਦਲ ਕੀਤਾ ਤਾਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੋਂ ਪ੍ਰਸ਼ਾਸਨਿਕ ਸੁਧਾਰ ਵਿਭਾਗ ਵਾਪਸ ਲੈ ਲਿਆ ਗਿਆ। ਅਸਲ 'ਚ ਇਹ ਵਿਭਾਗ ਤਾਂ ਨਾਂ ਦਾ ਹੀ ਸੀ। ਹੋਇਆ ਇਹ ਕਿ ਜਦੋਂ ਤੋਂ ਕੰਪਿਊਟਰ ਯੁਗ ਦੀ ਸ਼ੁਰੂਆਤ ਹੋਈ ਹੈ, ਗਵਰਨੈਂਸ ਰਿਫਾਰਮਸ ਵਿਭਾਗ ਹੌਲੀ-ਹੌਲੀ ਐਡਮਿਨਿਸਟ੍ਰੇਟਿਵ ਰਿਫਾਰਮਸ ਵਿਭਾਗ ਦੀ ਥਾਂ ਲੈਂਦਾ ਗਿਆ। 2022 'ਚ ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਤਾਂ ਇਹ ਵਿਭਾਗ ਅਨਮੋਲ ਗਗਨ ਮਾਨ ਨੂੰ ਦਿੱਤਾ ਗਿਆ ਜਦਕਿ ਮੀਤ ਹੇਅਰ ਨੂੰ ਗਵਰਨੈਂਸ ਰਿਫਾਰਮਸ ਵਿਭਾਗ ਮਿਲਿਆ। ਬਾਅਦ 'ਚ ਐਡਮਿਨਿਸਟ੍ਰੇਟਿਵ ਰਿਫਾਰਸਮ ਵਿਭਾਗ ਕੁਲਦੀਪ ਧਾਲੀਵਾਲ ਨੂੰ ਅਲਾਟ ਕਰ ਦਿੱਤਾ ਗਿਆ। ਇਸ ਵਿਭਾਗ ਨੂੰ ਲੈ ਕੇ ਕੁਲਦੀਪ ਧਾਲੀਵਾਲ ਹੈਰਾਨ ਰਹਿੰਦੇ ਸਨ। ਉਹ ਅਕਸਰ ਆਪਣੇ ਸਕੱਤਰ ਤੋਂ ਪੁੱਛਦੇ ਸਨ ਕਿ ਇਸ ਵਿਭਾਗ ਦਾ ਕੰਮ ਕੀ ਹੈ? ਪਹਿਲਾਂ ਮੀਤ ਹੇਅਰ ਵੀ ਇਹ ਮਾਮਲਾ ਉਠਾਉਂਦੇ ਰਹੇ ਸਨ ਕਿ ਜਾਂ ਤਾਂ ਗਵਰਨੈਂਸ ਰਿਫਾਰਮਸ ਉਨ੍ਹਾਂ ਤੋਂ ਲੈ ਕੇ ਅਨਮੋਲ ਗਗਨ ਮਾਨ ਨੂੰ ਦੇ ਦਿੱਤਾ ਜਾਏ ਜਾਂ ਉਨ੍ਹਾਂ ਦਾ ਐਡਮਿਨਿਸਟ੍ਰੇਟਿਵ ਰਿਫਾਰਮਸ ਵਿਭਾਗ ਵੀ ਉਨ੍ਹਾਂ ਨੂੰ ਦੇ ਦਿੱਤਾ ਜਾਏ। ਕਿਸੇ ਇਕ ਮੰਤਰੀ ਕੋਲ ਹੀ ਦੋਵੇਂ ਵਿਭਾਗ ਹੋਣੇ ਚਾਹੀਦੇ ਹਨ। ਪਰ ਤਿੰਨ ਸਾਲਾਂ ਤੱਕ ਅਜੇਹਾ ਕੁਝ ਵੀ ਨਾ ਹੋਇਆ।





## ਡਾ. ਕਰਮਜੀਤ ਸਿੰਘ ਨੂੰ ਪੰਜਾਬੀ ਯੂਨੀਵਰਸਿਟੀ ਦਾ ਚਾਰਜ ਵੀ ਮਿਲਿਆ

**ਪਟਿਆਲਾ:** ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਉਪ ਕੁਲਪਤੀ ਡਾ. ਕਰਮਜੀਤ ਸਿੰਘ ਅਗਲੇ ਛੇ ਮਹੀਨੇ ਜਾਂ ਨਵੀਂ ਨਿਯੁਕਤੀ ਤੱਕ ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਵਜੋਂ ਵੀ ਕੰਮ ਕਰਨਗੇ। ਗਵਰਨਰ ਦੇ ਐਡੀਸ਼ਨਲ ਚੀਫ ਸੈਕਟਰੀ ਕੇ ਸ਼ਿਵਾ ਪ੍ਰਸਾਦ ਵੱਲੋਂ ਸ਼ੁੱਕਰਵਾਰ ਨੂੰ ਇਸ ਸਬੰਧੀ ਪੱਤਰ ਜਾਰੀ ਕਰ ਦਿੱਤਾ ਗਿਆ ਹੈ। ਦੱਸਣਾ ਬਣਦਾ ਹੈ ਕਿ ਅਪ੍ਰੈਲ 2024 ਨੂੰ ਪ੍ਰੋ. ਅਰਵਿੰਦ ਦੇ ਸੇਵਾਮੁਕਤ ਹੋਣ ਤੋਂ ਬਾਅਦ 10 ਮਹੀਨੇ ਤੋਂ ਪੱਕੇ ਵੀਸੀ ਦੀ ਉਡੀਕ 'ਚ ਯੂਨੀਵਰਸਿਟੀ ਦੇ ਕਈ ਕੰਮ ਵੀ ਪ੍ਰਭਾਵਿਤ ਹੋ ਰਹੇ ਸਨ। ਹਾਲਾਂਕਿ ਉਨ੍ਹਾਂ ਤੋਂ ਬਾਅਦ ਉਚੇਰੀ ਸਿੱਖਿਆ ਸਕੱਤਰ ਨੂੰ ਚਾਰਜ ਦਿੱਤਾ ਗਿਆ ਸੀ।

# ਸਰਕਾਰ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਲਈ ਕਰ ਰਹੀ ਹੈ ਉਪਰਾਲੇ: ਅਮਨ ਅਰੋੜਾ

## ਮਾਂ ਬੋਲੀ ਦਾ ਝੰਡਾ ਬੁਲੰਦ ਕਰਨ ਵਿਚ ਸਰਕਾਰ ਦਾ ਵੱਡਾ ਯੋਗਦਾਨ: ਦੀਪਕ ਬਾਲੀ







**ਜਲੰਧਰ:** ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਹਿਰ ਵਿੱਚ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ। ਪੰਜਾਬੀ ਜਾਗ੍ਰਿਤੀ ਮੰਚ ਵੱਲੋਂ ਪੰਜਾਬੀ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਸ਼ੁੱਕਰਵਾਰ ਨੂੰ ਪੰਜਾਬੀ ਜਾਗ੍ਰਿਤੀ ਮਾਰਚ ਕੱਢਿਆ ਗਿਆ। ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਮਾਰਚ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਮਾਰਚ ਨਕੋਦਰ ਰੋਡ 'ਤੇ ਸਥਿਤ ਲਾਇਲਪੁਰ ਖ਼ਾਲਸਾ ਸਕੂਲ ਤੋਂ ਸ਼ੁਰੂ ਹੋ ਕੇ ਵੱਖ-ਵੱਖ ਇਲਾਕਿਆਂ 'ਚੋਂ ਹੁੰਦਾ ਹੋਇਆ ਦੇਸ਼ ਭਗਤ ਯਾਦਗਰ ਹਾਲ ਵਿਖੇ ਸਮਾਪਤ ਹੋਇਆ।

ਜਾਗ੍ਰਿਤੀ ਮਾਰਚ ਵਿੱਚ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਇਸ ਮੌਕੇ ਸੰਗਤਾਂ ਨੂੰ ਵਧਾਈ ਦਿੱਤੀ ਅਤੇ ਮਾਂ ਬੋਲੀ ਦੀ ਮਹੱਤਤਾ ਬਾਰੇ ਦੱਸਿਆ। ਮੰਚ ਦੇ ਸਕੱਤਰ ਅਤੇ ਪੰਜਾਬ ਹੈਰੀਟੇਜ ਐਂਡ ਟੂਰਿਜ਼ਮ ਪ੍ਰਮੋਸ਼ਨ ਬੋਰਡ ਦੇ ਸਲਾਹਕਾਰ ਦੀਪਕ ਬਾਲੀ ਮਾਰਚ ਦੀ ਅਗਵਾਈ ਕਰ ਰਹੇ ਸਨ। ਇਸ ਮੌਕੇ ਵਿਧਾਇਕ ਰਮਨ ਅਰੋੜਾ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਚੇਅਰਮੈਨ ਪੰਜਾਬ ਸਫਾਈ ਕਰਮਚਾਰੀ ਕਮਿਸ਼ਨ ਚੰਦਨ ਗਰੇਵਾਲ, ਮੇਅਰ ਵਿਨੀਤ ਧੀਰ, ਡਿਪਟੀ ਮੇਅਰ ਮਲਕੀਤ ਸਿੰਘ, 'ਆਪ' ਆਗੂ ਰਾਜਵਿੰਦਰ ਕੌਰ ਥਿਆੜਾ, ਪੰਜਾਬ ਜਾਗ੍ਰਿਤੀ ਮੰਚ ਦੇ ਪ੍ਰਧਾਨ ਸਤਨਾਮ ਸਿੰਘ ਮਾਣਕ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲੁਧਿਆਣਾ ਦੇ ਪ੍ਰਧਾਨ ਡਾਕਟਰ ਲਖਵਿੰਦਰ ਸਿੰਘ ਜੌਹਲ, ਸਾਬਕਾ ਵਿਧਾਇਕ ਪਵਨ ਟੀਨੂੰ ਸਮੇਤ ਕਈ ਆਗੂ ਹਾਜ਼ਰ ਸਨ।

ਇਸ ਤੋਂ ਇਲਾਵਾ ਗਾਇਕ ਗੁਰਨਾਮ ਭੁੱਲਰ, ਕਮਲ ਹੀਰ, ਜੈਜ਼ੀ ਬੀ, ਪ੍ਰੀਤ ਹਰਪਾਲ ਅਤੇ ਦਲਵਿੰਦਰ ਦਿਆਲਪੁਰੀ ਨੇ ਸਕੂਲ ਅਤੇ ਕਾਲਜ ਦੇ ਵਿਦਿਆਰਥੀਆਂ ਨੂੰ ਆਪਣੇ ਗੀਤਾਂ 'ਤੇ ਨੱਚਣ ਲਈ ਮਜਬੂਰ ਕਰ ਦਿੱਤਾ। ਮਾਰਚ ਵਿੱਚ ਦੇਸ਼-ਵਿਦੇਸ਼ ਤੋਂ ਹਜ਼ਾਰਾਂ ਲੋਕਾਂ ਨੇ ਸ਼ਮੂਲੀਅਤ ਕੀਤੀ।

ਇਸ ਮੌਕੇ ਅਮਨ ਅਰੋੜਾ ਨੇ ਸਭ ਤੋਂ ਪਹਿਲਾਂ ਦੀਪਕ ਬਾਲੀ ਨੂੰ ਜਾਗ੍ਰਿਤੀ ਮਾਰਚ ਕੱਢਣ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਦੀਪਕ ਬਾਲੀ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਤੋਂ ਇਲਾਵਾ ਪੰਜਾਬੀ ਸੱਭਿਆਚਾਰ ਨਾਲ ਵੀ ਲੰਮੇ ਸਮੇਂ ਤੋਂ ਜੁੜੇ ਹੋਏ ਹਨ। ਉਨ੍ਹਾਂ ਨੇ ਲੋਕਾਂ ਨੂੰ ਆਪਣੀ ਮਾਂ ਬੋਲੀ ਪੰਜਾਬੀ ਨੂੰ ਪਹਿਲ ਦੇਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਪੰਜਾਬ ਸਰਕਾਰ ਵੀ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਲਈ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮਾਪਿਆਂ ਅਤੇ ਬੱਚਿਆਂ ਨੂੰ ਘਰ ਵਿੱਚ ਅਕਸਰ ਪੰਜਾਬੀ ਭਾਸ਼ਾ ਵਿੱਚ ਗੱਲ ਕਰਨੀ ਚਾਹੀਦੀ ਹੈ। ਭਾਸ਼ਾ ਭਾਵੇਂ ਕੋਈ ਵੀ ਹੋਵੇ, ਅਸੀਂ ਸਾਰੀਆਂ ਭਾਸ਼ਾਵਾਂ ਦਾ ਸਤਿਕਾਰ ਕਰਦੇ ਹਾਂ। ਅੰਤ ਵਿੱਚ ਉਨ੍ਹਾਂ ਪੰਜਾਬ ਜਾਗ੍ਰਿਤੀ ਮੰਚ ਅਤੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਮੰਚ ਦੇ ਜਨਰਲ ਸਕੱਤਰ ਦੀਪਕ ਬਾਲੀ ਨੇ ਕਿਹਾ ਕਿ ਮਾਂ ਬੋਲੀ ਪੰਜਾਬੀ ਨੂੰ ਵੱਡੇ ਪੱਧਰ 'ਤੇ ਪ੍ਰਚਾਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਵਿਦਿਅਕ ਅਦਾਰਿਆਂ ਵਿੱਚ ਵੀ ਪੰਜਾਬੀ ਭਾਸ਼ਾ ਲਾਜ਼ਮੀ ਕੀਤਾ ਜਾਣਾ ਚਾਹੀਦਾ ਹੈ। ਇਸ ਦੇ ਨਾਲ ਸਮਾਜ ਨੂੰ ਵੀ ਇਸ ਵਿੱਚ ਸਹਿਯੋਗ ਕਰਨਾ ਹੋਵੇਗਾ।

ਉਨ੍ਹਾਂ ਅੱਗੇ ਕਿਹਾ ਕਿ ਮਾਂ ਬੋਲੀ ਦਾ ਝੰਡਾ ਬੁਲੰਦ ਕਰਨ ਵਿੱਚ ਪੰਜਾਬ ਸਰਕਾਰ ਦਾ ਬਹੁਤ ਵੱਡਾ ਯੋਗਦਾਨ ਹੈ। ਕਿਸੇ ਵੀ ਵਿਅਕਤੀ ਦੀ ਪਛਾਣ ਉਸ ਦੀ ਮਾਂ ਬੋਲੀ ਤੋਂ ਹੁੰਦੀ ਹੈ। ਹਰ ਕਿਸੇ ਨੂੰ ਭਾਸ਼ਾ ਸਿੱਖਣੀ ਚਾਹੀਦੀ ਹੈ। ਪਰ ਮਾਂ ਬੋਲੀ ਨੂੰ ਨਹੀਂ ਛੱਡਣਾ ਚਾਹੀਦਾ। ਮਾਰਚ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਅਤੇ ਸਵੈ-ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਵੀ ਸ਼ਮੂਲੀਅਤ ਕੀਤੀ।

ਪੰਜਾਬ ਜਾਗ੍ਰਿਤੀ ਮਾਰਚ ਵਿੱਚ ਪੁੱਜੇ ਗਾਇਕ ਜੈਜ਼ੀ ਬੀ ਨੇ ਬੱਚਿਆਂ, ਮਾਪਿਆਂ ਅਤੇ ਸਕੂਲ ਮੁਖੀਆਂ ਨੂੰ ਮਾਂ ਬੋਲੀ ਪੰਜਾਬੀ ਨੂੰ ਪਹਿਲ ਦੇਣ ਦੀ ਅਪੀਲ ਕੀਤੀ।

ਜੈਜ਼ੀ ਬੀ ਨੇ ਆਪਣੀ ਮਿਸਾਲ ਦਿੰਦਿਆਂ ਕਿਹਾ ਕਿ ਜੇਕਰ ਪੰਜਾਬੀ ਮੇਰੀ ਮਾਂ ਬੋਲੀ ਨਾ ਹੁੰਦੀ ਤਾਂ ਅੱਜ ਮੈਂ ਕਿਤੇ ਹੋਰ ਕੰਮ ਕਰ ਰਿਹਾ ਹੁੰਦਾ।

# ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਕੁੱਝ ਵੀ ਬੋਲਣ ਦਾ ਲਾਇਸੈਂਸ ਨਹੀਂ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਯੂਟਿਊਬਰ ਰਣਵੀਰ ਇਲਾਹਾਬਾਦੀਆ ਨੂੰ ਕਾਮੇਡੀ ਸ਼ੋਅ ਦੌਰਾਨ ਪਰਿਵਾਰ ਵਾਲਿਆਂ ਦੇ ਸਬੰਧ 'ਚ ਇਤਰਾਜ਼ਯੋਗ ਟਿੱਪਣੀ ਕਰਨ ਲਈ ਚੰਗੀ ਝਾੜ ਪਾਈ। ਕਿਹਾ, ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਨਾਂ 'ਤੇ ਕੁਝ ਵੀ ਬੋਲਣ ਦਾ ਲਾਇਸੈਂਸ ਨਹੀਂ ਮਿਲ ਜਾਂਦਾ। ਕੋਰਟ ਨੇ ਕਿਹਾ ਕਿ ਰਣਵੀਰ ਦੇ ਦਿਮਾਗ਼ 'ਚ ਗੰਦਗੀ ਭਰੀ ਹੈ, ਜੋ ਉਸ ਨੇ ਸ਼ੋਅ 'ਤੇ ਉਗਲ ਦਿੱਤੀ। ਸੁਪਰੀਮ ਕੋਰਟ ਨੇ ਰਣਵੀਰ ਦੀ ਮਾਨਸਿਕਤਾ ਨੂੰ ਵਿਗੜੀ ਹੋਈ ਤੇ ਭਾਸ਼ਾ ਨੂੰ ਨਿੰਦਣਯੋਗ ਕਰਾਰ ਦਿੰਦੇ ਹੋਏ ਕਿਹਾ ਕਿ ਉਸ ਦੀ ਭਾਸ਼ਾ ਧੀਆਂ, ਭੈਣਾਂ, ਮਾਤਾ-ਪਿਤਾ ਤੇ ਇੱਥੇ ਤੱਕ ਕਿ ਸਮਾਜ ਨੂੰ ਵੀ ਸ਼ਰਮਿੰਦਗੀ ਮਹਿਸੂਸ ਕਰਵਾਉਂਦੀ ਹੈ।



ਇਹ ਟਿੱਪਣੀਆਂ ਜਸਟਿਸ ਸੂਰਿਆਕਾਂਤ ਤੇ ਜਸਟਿਸ ਐੱਨ ਕੋਟੀਸ਼ਵਰ ਸਿੰਘ ਦੇ ਬੈਂਚ ਨੇ ਰਣਵੀਰ ਇਲਾਹਾਬਾਦੀਆ ਦੀ ਗ੍ਰਿਫ਼ਤਾਰੀ 'ਤੇ ਰੋਕ ਲਾਉਣ ਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਦਰਜ ਐੱਫਆਈਆਰ ਨੂੰ ਇਕੱਠੀਆਂ ਕਰਨ ਦੀ ਮੰਗ 'ਤੇ ਕੀਤੀਆਂ। ਸੋਮਵਾਰ ਨੂੰ ਰਣਵੀਰ ਦੇ ਵਕੀਲ ਡਾ. ਅਭਿਨਵ ਚੰਦਰਚੂੜ ਨੇ ਕਿਹਾ ਕਿ ਉਹ ਰਣਵੀਰ ਨੂੰ ਸਹੀ ਨਹੀਂ ਠਹਿਰਾ ਰਹੇ, ਪਰ ਉਨ੍ਹਾਂ ਖ਼ਿਲਾਫ਼ ਜੋ ਅਸ਼ਲੀਲਤਾ ਫੈਲਾਉਣ ਦਾ ਮਾਮਲਾ ਦਰਜ ਹੋਇਆ ਹੈ, ਉਹ ਨਹੀਂ ਬਣਦਾ। ਕੋਰਟ ਨੇ ਸਵਾਲ ਕੀਤਾ ਕਿ ਜੇ ਇਸ ਭਾਸ਼ਾ ਨੂੰ ਅਸ਼ਲੀਲ ਤੇ ਇਤਰਾਜ਼ਯੋਗ ਨਹੀਂ ਕਿਹਾ ਜਾਵੇਗਾ ਤਾਂ ਕਿਸ ਨੂੰ ਕਿਹਾ ਜਾਵੇਗਾ?

ਅਸ਼ਲੀਲਤਾ ਦੇ ਕੀ ਮਾਪਦੰਡ ਹਨ? ਚੰਦਰਚੂੜ ਨੇ ਕਿਹਾ ਕਿ ਇਸ ਨੂੰ ਅਸ਼ਲੀਲ ਨਹੀਂ ਬਲਕਿ 'ਲਸਟਫੁਲ ਸੈਕਸ ਥਾਟ' ਕਹਿ ਸਕਦੇ ਹਾਂ। ਪਰ ਕੋਰਟ ਦੀ ਨਾਰਾਜ਼ਗੀ ਕਾਇਮ ਰਹੀ ਤੇ ਪੁੱਛਿਆ ਕਿ ਅਜਿਹੇ ਵਿਅਕਤੀ ਨੂੰ ਕਿਉਂ ਰਾਹਤ ਦੇਣੀ ਚਾਹੀਦੀ ਹੈ।ਚੰਦਰਚੂੜ ਨੇ ਅਮੀਸ਼ ਦੇਵਗਨ, ਅਰਨਵ ਗੋਸਵਾਮੀ ਆਦਿ ਦੇ ਫ਼ੈਸਲਿਆਂ ਦਾ ਹਵਾਲਾ ਦਿੰਦੇ ਹੋਏ ਰਾਹਤ ਮੰਗੀ, ਪਰ ਸੁਪਰੀਮ ਕੋਰਟ ਨੇ ਕਿਹਾ ਕਿ ਕੋਰਟ ਤਦ ਰਾਹਤ ਦਿੰਦੀ ਹੈ ਜਦ ਬਹੁਤ ਸਾਰੇ ਮਾਮਲੇ ਦੇਸ਼ ਭਰ 'ਚ ਦਰਜ ਹੁੰਦੇ ਹਨ ਤਾਂ ਜੋ ਮੁਲਜ਼ਮ ਅਦਾਲਤ 'ਚ ਬਚਾਅ ਕਰ ਸਕੇ। ਪਰ ਰਣਵੀਰ ਖ਼ਿਲਾਫ਼ ਸਿਰਫ਼ ਦੋ ਵੀ ਐਫਆਈਆਰ ਹਨ, ਇਕ ਗੁਹਾਟੀ 'ਚ ਤੇ ਦੂਜੀ ਠਾਣੇ 'ਚ, ਜੋ ਕਿ ਮੁੰਬਈ ਦਾ ਹੀ ਹਿੱਸਾ ਹੈ। ਤੋਂ ਉਥੇ ਉਹ ਰਹਿੰਦਾ ਹੈ। ਉਸ ਨੂੰ ਦੋਵਾਂ ਥਾਵਾਂ 'ਤੇ ਜਾ ਕੇ ਕੇਸ ਦਾ ਸਾਹਮਣਾ ਕਰਨਾ ਚਾਹੀਦਾ ਹੈ ਆਖ਼ਰ ਕੋਰਟ ਸਾਰੇ ਮਾਮਲੇ ਇਕੱਠੇ ਕਿਉਂ ਕਰੇ? ਉਂਜ ਵੀ ਦੋਵੇਂ ਐੱਫਆਈਆਰ ਇੱਕੋ ਜਿਹੀਆਂ ਨਹੀਂ ਹਨ। ਚੰਦਰਚੂੜ ਨੇ ਕਿਹਾ ਕਿ ਸੋਮਵਾਰ ਨੂੰ ਜੈਪੁਰ 'ਚ ਵੀ ਐੱਫਆਈਆਰ ਦਰਜ ਹੋਈ ਹੈ।

ਜਸਟਿਸ ਸੂਰਿਆਕਾਂਤ ਨੇ ਕਿਹਾ ਕਿ ਅਸੀਂ ਤੁਹਾਡੀ ਗ੍ਰਿਫ਼ਤਾਰੀ ਦੇ ਸ਼ੱਕ ਨੂੰ ਸਮਝ ਸਕਦੇ ਹਾਂ। ਚੰਦਰਚੂੜ ਨੇ ਕਿਹਾ ਕਿ ਰਣਵੀਰ ਦੀ ਮਾਂ ਡਾਕਟਰ ਹੈ ਤੇ ਉਨ੍ਹਾਂ ਨੂੰ ਵੀ ਧਮਕੀਆਂ ਮਿਲ ਰਹੀਆਂ ਹਨ, ਤਾਂ ਬੈਂਚ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਮਾਤਾ-ਪਿਤਾ ਨੂੰ ਵੀ ਸ਼ਰਮਿੰਦਾ ਕੀਤਾ ਹੈ। ਬੈਂਚ ਨੇ ਕਿਹਾ ਕਿ ਉਸ ਨੂੰ ਪਤਾ ਹੈ ਕਿ ਉਨਾਂ ਨੇ ਕਿੱਥੋਂ ਨਕਲ ਕੀਤੀ ਹੈ, ਪਰ ਜਿਨਾਂ ਸਮਾਜਾਂ 'ਚ ਅਜਿਹੇ ਪ੍ਰੋਗਰਾਮ ਹੁੰਦੇ ਹਨ, ਉਥੇ ਪੂਰੇ ਪ੍ਰਕਾਸ਼ਣ ਲਏ ਜਾਂਦੇ ਹਨ, ਚਿਤਾਵਨੀ ਤੇ ਡਿਸਕਲੇਮਰ ਜਾਰੀ ਹੁੰਦੇ ਹਨ, ਜੋ ਇੱਥੇ ਨਹੀਂ ਸਨ।

ਵਕੀਲ ਨੇ ਕਿਹਾ ਕਿ ਇਹ ਪ੍ਰੋਗਰਾਮ ਰਿਸਟ੍ਰਿਕਟਿਡ ਸੀ, ਬਾਲਗਾਂ ਲਈ ਸੀ ਤੇ ਭੁਗਤਾਣ ਕਰਨ 'ਤੇ ਹੀ ਪਹੁੰਚ ਸੀ, ਪਰ ਕਿਸੇ ਪੇਡ ਸਬਸਕ੍ਰਾਈਬਰ ਨੇ 10 ਸਕਿੰਟ ਦਾ ਕਲਿਪ ਲੀਕ ਕਰ ਦਿੱਤਾ। ਰਣਵੀਰ ਨੂੰ ਧਮਕੀਆਂ ਤੇ ਉਨ੍ਹਾਂ ਲਈ ਬੁਰੀਆਂ ਗੱਲਾਂ 'ਤੇ ਕੋਰਟ ਨੇ ਕਿਹਾ ਕਿ ਜਿਵੇਂ ਉਸ ਨੇ ਸਸਤੀ ਪ੍ਰਿਸੱਧੀ ਲਈ ਅਜਿਹਾ ਕੀਤਾ, ਹੋ ਸਕਦਾ ਹੈ ਉਵੇਂ ਹੀ ਉਹ ਵੀ ਕਰ ਰਹੇ ਹੋਣ ਸੁਪਰੀਮ ਕੋਰਟ ਦੇ ਬੈਂਚ ਨੇ ਕਿਹਾ ਕਿ ਉਹ 'ਹਾਥੀ ਦੰਦ ਦੇ ਮੀਨਾਰਾਂ' 'ਚ ਨਹੀਂ ਬੈਠੀ ਤੇ ਉਸ ਨੂੰ ਪਤਾ ਹੈ ਕਿ ਪਾਡਕਾਸਟਰ ਰਣਵੀਰ ਨੇ ਆਪਣੀਆਂ ਟਿੱਪਣੀਆਂ ਇਕ ਆਸਟ੍ਰੇਲਿਆਈ ਪ੍ਰੋਗਰਾਮ ਤੋਂ ਕਾਪੀ ਕੀਤੀਆਂ ਹਨ। ਉਸ ਨੇ ਉਥੋਂ ਕਿਸੇ ਅਦਾਕਾਰ ਦੇ ਸੰਵਾਦ ਨੂੰ ਚੁੱਕਣ ਦੀ ਕੋਸ਼ਿਸ ਕੀਤੀ ਹੈ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਮਨਾਇਆ 'ਮਾਤ ਭਾਸ਼ਾ ਦਿਵਸ'





**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਪੰਜਾਬੀ ਵਿਭਾਗ ਵਲੋਂ "ਕੌਮਾਂਤਰੀ ਮਾਤ ਭਾਸ਼ਾ ਦਿਵਸ" ਮੌਕੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ, ਜਿਸਦੀ ਪ੍ਰਧਾਨਗੀ ਵਾਈਸ ਚਾਂਸਲਰ ਡਾਕਟਰ ਕਰਮਜੀਤ ਸਿੰਘ ਨੇ ਕੀਤੀ। ਸਮਾਗਮ ਵਿੱਚ ਪਦਮਸ਼੍ਰੀ ਸੰਤ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਜੀ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।

ਇਸ ਮੌਕੇ ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲੁਧਿਆਣਾ ਦੇ ਪ੍ਰਧਾਨ ਡਾਕਟਰ ਲਖਵਿੰਦਰ ਸਿੰਘ ਜੌਹਲ ਨੇ ਪੰਜਾਬੀ ਭਾਸ਼ਾ ਨੂੰ ਦਰਪੇਸ਼ ਵੰਗਾਰਾਂ ਨੂੰ ਉਜਾਗਰ ਕਰਦਿਆਂ ਜਾਗਰੂਕਤਾ ਦੀ ਲੋੜ ਉਤੇ ਜ਼ੋਰ ਦਿੱਤਾ ਅਤੇ ਮਾਤ ਭਾਸ਼ਾ ਦੇ ਗੌਰਵ ਦੀ ਮਹੱਤਤਾ ਬਾਰੇ ਦੱਸਿਆ। ਕਰਨ ਦਾ ਮੌਕਾ ਮਿਲਿਆ।

ਡਾ.ਧਰਮ ਸਿੰਘ ਅਤੇ ਡਾ.ਆਤਮ ਰੰਧਾਵਾ ਨੇ ਵਰਤਮਾਨ ਸਮੇਂ ਵਿੱਚ ਭਾਸ਼ਾ ਦੀ ਸਥਿਤੀ ਬਾਰੇ ਚਰਚਾ ਕੀਤੀ। ਵਾਈਸ ਚਾਂਸਲਰ ਡਾਕਟਰ ਕਰਮਜੀਤ ਸਿੰਘ ਨੇ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਲਈ ਯੂਨੀਵਰਸਿਟੀ ਵਲੋਂ ਬਣਾਈਆਂ ਜਾ ਰਹੀਆਂ ਨਵੀਆਂ ਯੋਜਨਾਵਾਂ ਬਾਰੇ ਚਾਨਣਾ ਪਾਇਆ। ਸਮਾਗਮ ਦੇ ਪ੍ਰਬੰਧਾਂ ਵਿੱਚ ਡਾ.ਅਮਰਜੀਤ ਸਿੰਘ, ਡਾ.ਮੇਘਾ ਸਲਵਾਨ, ਡਾ.ਹਰਿੰਦਰ ਕੌਰ ਸੋਹਲ, ਡਾ.ਬਲਜੀਤ ਕੌਰ ਰਿਆੜ ਅਤੇ ਪੰਜਾਬੀ ਵਿਭਾਗ ਦੇ ਸਮੂਹ ਸਟਾਫ਼ ਨੇ ਭਰਪੂਰ ਯੋਗਦਾਨ ਪਾਇਆ।

# ਪੰਜਾਬ ਸਰਕਾਰ ਨੇ ਵੱਡੀ ਪੱਧਰ 'ਤੇ ਪੁਲਸ ਅਫ਼ਸਰ ਬਦਲੇ

**ਚੰਡੀਗੜ੍ਹ:** ਸੂਬਾ ਸਰਕਾਰ ਨੇ ਨੌਂ ਜ਼ਿਲ੍ਹਿਆਂ ਦੇ ਐੱਸ.ਐੱਸ.ਪੀਜ਼. ਸਮੇਤ 21 ਆਈ.ਪੀ.ਐੱਸ. ਅਧਿਕਾਰੀਆਂ ਦਾ ਤਬਾਦਲਾ ਕੀਤਾ ਹੈ। ਸਿੱਖਿਆ ਮੰਤਰੀ ਹਰਜੋਤ ਬੈਂਸ ਦੀ ਪਤਨੀ ਡਾ. ਜਯੋਤੀ ਯਾਦਵ ਨੂੰ ਐੱਸਐੱਸਪੀ ਖੰਨਾ ਤਾਇਨਾਤ ਕੀਤਾ ਗਿਆ ਹੈ। ਆਈਪੀਐੱਸ ਧਨਪ੍ਰੀਤ ਕੌਰ ਜਲੰਧਰ ਦੀ ਨਵੀਂ ਪੁਲਿਸ ਕਮਿਸ਼ਨਰ ਹੋਣਗੇ। ਹੁਣ ਤੱਕ ਜਲੰਧਰ ਦੇ ਪੁਲਿਸ ਕਮਿਸ਼ਨਰ ਰਹੇ ਸਵਪਨ ਸ਼ਰਮਾ ਨੂੰ ਡੀਆਈਜੀ ਫਿਰੋਜ਼ਪੁਰ ਰੇਂਜ ਤੇ ਨਿਲੰਬਰੀ ਜਗਦਲੇ ਨੂੰ ਡੀਆਈਜੀ ਲੁਧਿਆਣਾ ਰੇਂਜ ਲਾਇਆ ਗਿਆ ਹੈ। ਗੁਰਮੀਤ ਚੌਹਾਨ ਨੂੰ ਐੱਸਐੱਸਪੀ ਫਿਰੋਜ਼ਪੁਰ, ਅਖਿਲ ਚੌਧਰੀ ਨੂੰ ਐੱਸਐੱਸਪੀ ਮੁਕਤਸਰ ਸਾਹਿਬ, , ਸੰਦੀਪ ਕੁਮਾਰ ਨੂੰ ਨੂੰ ਐੱਸਐੱਸਪੀ ਹੁਸ਼ਿਆਰਪੁਰ, ਅੰਕੁਰ ਗੁਪਤਾ ਨੂੰ ਐੱਸਐੱਸਪੀ ਲੁਧਿਆਣਾ ਦੇਹਾਤੀ, ਸ਼ੁਭਮ ਕੁਮਾਰ ਅਗਰਵਾਰ ਨੂੰ ਐੱਸਐੱਸਪੀ ਫਤਹਿਗੜ੍ਹ ਸਾਹਿਬ, ਆਦਿਤਿਆ ਨੂੰ ਐੱਸਐੱਸਪੀ ਗੁਰਦਾਸਪੁਰ, ਮਨਿੰਦਰ ਸਿੰਘ ਨੂੰ ਐੱਸਐੱਸਪੀ ਅੰਮ੍ਰਿਤਸਰ ਦੇਹਾਤੀ, ਮੁਹੰਮਦ ਸਰਫਰਾਜ਼ ਆਲਮ ਨੂੰ ਐੱਸਐੱਸਪੀ ਬਰਨਾਲਾ ਲਾਇਆ ਗਿਆ ਹੈ।

ਇਸੇ ਤਰ੍ਹਾਂ ਆਈਪੀਐੱਸ ਸੁਧਾਂਸ਼ ਸ੍ਰੀਵਾਸਤਵ ਨੂੰ ਏਡੀਜੀਪੀ ਸਕਿਓਰਿਟੀ ਪੰਜਾਬ ਲਗਾਇਆ ਗਿਆ ਹੈ। ਨਾਲ ਹੀ ਏਡੀਜੀਪੀ ਪ੍ਰੋਵੀਜ਼ਨਿੰਗ ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਨਿਲੰਬਰੀ ਜਗਦਲੇ ਨੂੰ ਡੀਆਈਜੀ ਲੁਧਿਆਣਾ ਰੇਂਜ, ਸਵਪਨ ਸ਼ਰਮਾ ਨੂੰ ਡੀਆਈਜੀ ਫਿਰੋਜ਼ਪੁਰ ਰੇਂਜ, ਸੁਰਿੰਦਰ ਲਾਂਬਾ ਨੂੰ ਏਆਈਜੀ ਪਰਸੋਨਲ, ਚਰਨਜੀਤ ਸਿੰਘ ਨੂੰ ਏਆਈਜੀ ਇੰਟੈਲੀਜੈਂਸ ਮੁਹਾਲੀ, ਦਯਾਮਾ ਹਰੀਸ਼ ਕੁਮਾਰ ਓਮ ਪ੍ਰਕਾਸ਼ ਨੂੰ ਏਆਈਜੀ ਇੰਟੈਲੀਜੈਂਸ ਮੁਹਾਲੀ, ਸੌਮਿਆ ਨੂੰ ਪਰਸੋਨਲ 2, ਰਵਜੋਤ ਗਰੇਵਾਲ ਨੂੰ ਏਆਈਜੀ ਟੈਕਨੀਕਲ ਸਰਵਿਸਿਜ਼ ਪੰਜਾਬ, ਨਵਨੀਤ ਸਿੰਘ ਬੈਂਸ ਨੂੰ ਏਆਈਜੀ ਕ੍ਰਾਈਮ ਪੰਜਾਬ, ਅਸ਼ਵਨੀ ਗੋਟਿਆਲ ਏਆਈਜੀ ਐੱਚਐੱਡਡੀ ਪੰਜਾਬ ਅਤੇ ਰਣਧੀਰ ਕੁਮਾਰ ਏਡੀਸੀ ਟੂ ਗਵਰਨਰ ਲਗਾਇਆ ਗਿਆ ਹੈ।

# 'ਮੇਰਾ ਪੰਜਾਬ' ਵੱਲੋਂ ਕਿਸਾਨੀ ਸੰਕਟ ਬਾਰੇ ਭਰਵਾਂ ਸੈਮੀਨਾਰ

## ਰਾਜੇਵਾਲ, ਪਰਗਟ ਸਿੰਘ, ਦਵਿੰਦਰ ਸ਼ਰਮਾ, ਘੁੱਗੀ, ਹਮੀਰ ਸਿੰਘ, ਦੀਪਕ ਚਨਾਰਥਲ ਹੋਏ ਸ਼ਾਮਿਲ

















**ਬਠਿੰਡਾ:** ਪੰਜਾਬ ਦੇ ਭਵਿੱਖ ਨੂੰ ਲੈ ਕੇ ਬੁੱਧੀਜੀਵੀ ਵਰਗ, ਸਿਆਸਤਦਾਨਾਂ ਅਤੇ ਕਲਕਾਰਾਂ ਤੇ ਅਧਾਰਿਤ ਸੰਸਥਾ ਵੱਲੋਂ 'ਮੇਰਾ ਪੰਜਾਬ' ਵੱਲੋਂ ਬਠਿੰਡਾ ਵਿੱਚ ਕਰਵਾਏ ਸੈਮੀਨਾਰ ਦੌਰਾਨ ਖੇਤੀ ਸੰਕਟ ਅਤੇ ਕਿਸਾਨੀ ਦੇ ਭਵਿੱਖ ਨੂੰ ਲੈ ਕੇ ਡੂੰਘੇ ਫ਼ਿਕਰ ਜ਼ਾਹਰ ਕੀਤੇ ਗਏ। ਕਿਸਾਨ ਆਗੂਆਂ ਅਤੇ ਖੇਤੀ ਮਾਹਿਰਾਂ ਨੇ ਕਿਹਾ ਕਿ ਇਹ ਸੰਕਟ ਐਨਾ ਜ਼ਿਆਦਾ ਡੂੰਘਾ ਹੋ ਗਿਆ ਹੈ ਕਿ ਇਸ ਨੂੰ ਦੂਰ ਕਰਨ ਲਈ ਇੱਕ ਵਿਸ਼ਾਲ ਮੁਹਿੰਮ ਚਲਾਉਣ ਦੀ ਜ਼ਰੂਰਤ ਹੈ। ਇਸ ਮੌਕੇ ਬੁਲਾਰਿਆਂ ਨੇ ਇਹ ਵੀ ਮਹਿਸੂਸ ਕੀਤਾ ਕਿ ਇਸ ਲਈ ਆਉਣ ਵਾਲੀਆਂ ਪੀੜੀਆਂ ਨੂੰ ਜਾਗਰੂਕ ਕਰਨਾ ਹੋਵੇਗਾ। ਸੈਮੀਨਾਰ ਦੇ ਸ਼ੁਰੂਆਤ 'ਚ ਸਭਨਾਂ ਦਾ ਸਵਾਗਤ ਓਲਪਿਨ ਪਰਗਟ ਸਿੰਘ ਨੇ ਕੀਤਾ !

ਖੇਤੀਬਾੜੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਅਤੇ ਕ੍ਰਿਸ਼ਕ ਸਮਾਜ ਦੇ ਪ੍ਰਧਾਨ ਅਜੈਵੀਰ ਜਾਖੜ ਨੇ ਸੰਬੋਧਨ ਕਰਦੇ ਹੋਏ ਕਿਹਾ ਕਿੰ ਫ ਕਦੇ ਵੀ ਖੇਤੀਬਾੜੀ ਸੰਕਟ ਦਾ ਠੋਸ ਹੱਲ ਨਹੀਂ ਸਕਦੀ ਹੈ। ਉਹਨਾਂ ਕਿਹਾ ਕਿ ਪੰਜਾਬ ਦਾ ਪਾਣੀ ਬਚਾਉਣ ਲਈ ਐਮਐਸਪੀ ਦੀ ਮੰਗ ਛੱਡਣੀ ਪਵੇਗੀ। ਉਹਨਾਂ ਕਿਹਾ ਕਿ ਜਦੋਂ ਤੱਕ ਇਹ ਮੰਗ ਨਹੀਂ ਛੱਡੀ ਜਾਂਦੀ ਫਸਲੀ ਚੱਕਰ ਚੋਂ ਬਾਹਰ ਨਹੀਂ ਨਿਕਲਿਆ ਜਾ ਸਕਦਾ ਹੈ। ਉਹਨਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਨੂੰ ਇਸ ਕੰਮ ਲਈ ਸਪੈਸ਼ਲ ਆਰਥਿਕ ਪੈਕੇਜ ਦੀ ਮੰਗ ਕਰਨੀ ਚਾਹੀਦੀ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਡਾਇਰੈਕਟਰ, ਬ੍ਰੀਟ ਬ੍ਰੀਡਰ ਡਾ. ਨਵਤੇਜ ਬੈਂਸ ਨੇ ਕਿਹਾ ਕਿ ਆਮ ਤੌਰ ਤੇ ਇਹ ਬਿਰਤਾਂਤ ਸਿਰਜਿਆ ਜਾਂਦਾ ਹੈ ਕਿ ਹਰੀ ਕ੍ਰਾਂਤੀ ਕਰਕੇ ਪੰਜਾਬ ਤਬਾਹ ਹੋਇਆ ਪਰ ਇਸ ਦਾ ਇੱਕ ਪੱਖ ਇਹ ਵੀ ਹੈ ਕਿ ਹਰੀ ਕ੍ਰਾਂਤੀ ਨਾਲ ਪੰਜਾਬ ਨੂੰ ਬਹੁਤ ਕੁਝ ਮਿਲਿਆ ਵੀ। ਡਾ. ਬੈਂਸ ਨੇ ਅੱਗੇ ਕਿਹਾ ਕਿ ਖੇਤੀ ਸੰਕਟ ਨੂੰ ਸਿਰਫ਼ ਤਕਨੀਕ ਨਾਲ ਹੱਲ ਨਹੀਂ ਕੀਤਾ ਜਾ ਸਕਦਾ।

ਤਕਨੀਕ ਅਤੇ ਕਿਸਾਨ ਦੇ ਵਿਚਾਲੇ ਸੰਸਥਾ ਹੁੰਦੀ ਹੈ, ਜਿਸ ਕੋਲ ਵਿਸ਼ਵ ਦਾ ਨਜ਼ਰੀਆ ਹੁੰਦਾ ਹੈ। ਪਰ ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਵਰਤਮਾਨ ਸਮੇਂ ਵਿੱਚ ਕਿਸਾਨ ਦਾ ਸੰਸਥਾ ਪ੍ਰਤੀ ਬੇਭਰੋਸਗੀ ਪੈਦਾ ਹੋ ਗਈ ਹੈ। ਡਾ. ਨਵਤੇਜ ਸਿੰਘ ਨੇ ਕਿਹਾ ਕਿ ਕਿਸਾਨ ਸਿਰਫ਼ ਅੰਨਦਾਤਾ ਨਹੀਂ, ਸਾਡੇ ਸ੍ਰੋਤਾਂ ਦਾ ਰਾਖਾ ਵੀ ਹੈ। ਅੱਜ ਸ੍ਰੋਤਾਂ ਦੀ ਲੁੱਟ ਹੋ ਰਹੀ ਹੈ। ਤਕਨੀਕ ਦੀ ਵਰਤੋਂ ਕਰਕੇ ਪਾਣੀ ਨੂੰ ਬਚਾਇਆ ਜਾ ਸਕਦਾ ਹੈ। ਇਸ ਦੀ ਵੱਡੀ ਮਿਸਾਲ ਸਿੱਧੀ ਬਿਜਾਈ ਵੀ ਹੈ। ਮੌਨੀਟਰਿੰਗ ਕਰਨ ਦੇ ਨਾਲ ਵੀ 20-25 ਫੀਸਦ ਪਾਣੀ ਬਚ ਸਕਦਾ ਹੈ।

ਨੀਤੀ ਆਯੋਗ ਦੇ ਮੈਂਬਰ, ਕੌਮੀ ਅਤੇ ਪੰਜਾਬ ਪੱਧਰ ਤੇ ਪਾਲਿਸੀ ਮੇਕਿੰਗ ਵਿੱਚ ਯੋਗਦਾਨ ਪਾਉਣ ਵਾਲੇ ਡਾ. ਜਸਪਾਲ ਸਿੰਘ ਨੇ ਕਿਹਾ ਕਿ ਪੰਜਾਬ ਦਾ ਸੰਕਟ ਗੈਰ-ਖੇਤੀਬਾੜੀ ਸੈਕਟਰਾਂ ਦਾ ਜ਼ਿਆਦਾ ਵੱਡਾ ਸੰਕਟ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਤਕਨੀਕ ਵਿਕਾਸ ਵਿੱਚ ਆਪਣੀ ਭੂਮਿਕਾ ਨਿਭਾਉਂਦੀ ਹੈ। ਪਰ ਅੱਜ ਤਕਨੀਕ ਵੀ ਪੀਕ 'ਤੇ ਪਹੁੰਚ ਗਈ ਹੈ। ਤਕਨੀਕ ਨੂੰ ਅਸੀਂ ਅਪਣਾ ਤਾਂ ਲਿਆ ਪਰ ਸਮਾਂ ਰਹਿੰਦਿਆਂ ਵਰਤਿਆ ਨਹੀਂ ਜਿਸ ਦਾ ਖਮਿਆਜਾ ਭੁਗਤਿਆ ਜਾ ਰਿਹਾ ਹੈ। ਹੌਰਟੀਕਲਚਰ ਦੀਆਂ ਫਸਲਾਂ ਜਲਦੀ ਖ਼ਰਾਬ ਹੋ ਜਾਂਦੀਆਂ ਹਨ। ਪਰ ਅਸੀਂ ਇਸ ਗੱਲ ਤੋਂ ਭੱਜਦੇ ਰਹੇ ਕਿ ਇਨ੍ਹਾਂ ਫਸਲਾਂ ਦੀ ਸੰਭਾਲ ਅਤੇ ਸਟੋਰੇਜ ਕਿਵੇਂ ਹੋ ਸਕੇ।

ਉਨ੍ਹਾਂ ਨੇ ਅੱਗੇ ਕਿਹਾ ਕਿ ਸਹਾਇਕ ਧੰਦੇ, ਜੋ ਕਿਸਾਨ ਦੇ ਲਈ ਆਮਦਨ ਸ੍ਰੋਤ ਦਾ ਇੱਕ ਜ਼ਰੀਆ ਸਨ, ਪਰ ਅੱਜ ਇਹ ਵੀ ਖ਼ਤਮ ਹੋ ਗਏ ਹਨ। ਡਾ. ਜਸਪਾਲ ਸਿੰਘ ਨੇ ਇਸ ਗੱਲ ਉੱਪਰ ਜ਼ੋਰ ਦਿੱਤਾ ਕਿ ਸਾਨੂੰ ਸਾਡੇ ਐਟੀਟਿਊਡ ਨੂੰ ਬਦਲਣ ਦੀ ਲੋੜ ਹੈ।

ਖੇਤੀਬਾੜੀ ਮਾਹਿਰ ਡਾ. ਦਵਿੰਦਰ ਸ਼ਰਮਾ ਨੇ ਅੰਕੜਿਆਂ ਨਾਲ ਸਮਝਾਇਆ ਕਿ 2046 ਤੱਕ 10ਵਾਂ ਪੇਅ ਕਮਿਸ਼ਨ ਆ ਜਾਵੇਗਾ ਅਤੇ ਇਸ ਹਿਸਾਬ ਦੇ ਨਾਲ ਇੱਕ ਚਪੜਾਸੀ ਸਾਵੇ 4 ਲੱਖ ਹੋ ਜਾਵੇਗੀ। ਪਰ ਸਵਾਲ ਇਹ ਹੈ ਕਿ ਕਿਸਾਨ ਤੇ ਮਜ਼ਦੂਰਾਂ ਦੀ ਤਨਖਾਹ ਕਿੰਨੀ ਹੋਵੇਗੀ ? ਇਸ ਬਾਰੇ ਕਿਤੇ ਗੱਲ ਨਹੀਂ ਹੋ ਰਹੀ। ਪਰ ਉਲਟਾ ਇਹ ਕਿਹਾ ਜਾ ਰਿਹਾ ਹੈ ਕਿ ਕਿਸਾਨ ਨੂੰ ਐਮ.ਐਸ.ਪੀ. ਦੇਣ ਨਾਲ ਗ੍ਰੋਥ ਘਟ ਜਾਵੇਗੀ। ਜਦੋਂ ਤੱਕ ਅਸੀਂ ਆਮਦਨ ਦੀ ਗੱਲ ਨਹੀਂ ਕਰਾਂਗੇ ਤਾਂ ਖੇਤੀ ਦਾ ਸੰਕਟ ਹੱਲ ਨਹੀਂ ਹੋ ਸਕਦਾ। ਡਾ. ਸ਼ਰਮਾ ਨੇ ਕਿਹਾ ਕਿ ਇਕਨਾਮਿਕ ਮਾਡਲ ਅਜਿਹਾ ਤਿਆਰ ਕੀਤਾ ਜਾ ਰਿਹਾ ਹੈ ਕਿ ਕਿਸਾਨਾਂ ਦੀ ਆਮਦਨ ਅਤੇ ਖੇਤੀਬਾੜੀ ਨੂੰ ਮਹਿੰਗਾਈ ਦਾ ਕਾਰਨ ਦੱਸਿਆ ਜਾਂਦਾ ਹੈ। ਅੱਜ ਕੱਲ੍ਹ ਫ਼ਸਲਾਂ ਦੀ ਜਗ੍ਹਾ ਕੀੜਿਆਂ ਦੀ ਖੇਤੀ ਹੋ ਰਹੀ ਹੈ ਜਿਨ੍ਹਾਂ ਤੋਂ ਪ੍ਰੋਟੀਨ ਹਾਸਲ ਕੀਤਾ ਜਾ ਰਿਹਾ ਹੈ। ਦੂਜੇ ਸ਼ਬਦਾਂ ਵਿੱਚ ਭਵਿੱਖ ਲਈ ਫੂਡ ਸਕਿਉਰਿਟੀ ਦਾ ਮਸਲਾ ਨਹੀਂ, ਪ੍ਰੋਟੀਨ ਸਕਿਉਰਿਟੀ ਦਾ ਮਸਲਾ ਬਣਾਇਆ ਜਾ ਰਿਹਾ ਹੈ। ਇਸ ਲਈ ਇਕਨੌਮਿਕ ਡਿਜ਼ਾਇਨ ਨੂੰ ਬਦਲਣ ਦੀ ਲੋੜ ਹੈ। ਤਾਂ ਕਿ ਕਿਸਾਨ ਦੇ ਹੱਥ ਵਿੱਚ ਆਮਦਨ ਦੀ ਤਾਕਤ ਆਵੇ। ਅਸੀਂ ਸਾਰੇ ਮਿਲ ਕੇ ਆਵਾਜ਼ ਬੁੰਦ ਕਰੀਏ ਤਾਂ ਇਹ ਸੰਭਵ ਹੋ ਸਕਦਾ ਹੈ।

ਕਿਸਾਨ ਆਗੂ ਬਲਵੀਰ ਸਿੰਘ ਰਾਜੇਵਾਲ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਕਿਸਾਨ ਸੰਕਟ ਸਰਕਾਰ ਵੱਲੋਂ ਪੈਦਾ ਕੀਤਾ ਜਾ ਰਿਹਾ ਬਿਰਤਾਂਤ ਹੈ। ਉਹਨਾਂ ਕਿਹਾ ਕਿ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਣ ਨਾਲ ਵੀ ਸਾਡੇ ਕਰਜ਼ੇ ਵਧੇ। ਪਰ ਕਰਜ਼ਿਆਂ ਬਾਰੇ ਕਿਸੇ ਸਰਕਾਰ ਨੇ ਕੋਈ ਪਾਲਿਸੀ ਨਹੀਂ ਬਣਾਈ। 2017 ਵਿੱਚ ਕਾਰਪੋਰੇਟ ਐਗਰੀਕਲਚਰ ਦਾ ਮਾਡਲ ਸਰਕਾਰ ਲੈ ਕੇ ਆਈ ਸੀ, ਜਿਸ ਨੂੰ 2020 ਵਿੱਚ ਆਰਡੀਨੈਂਸ ਦੇ ਜ਼ਰੀਏ ਲਿਆਂਦਾ ਗਿਆ ਇਸੇ ਮਾਡਲ ਦੇ ਖਿਲਾਫ਼ ਹੀ ਕਿਸਾਨ ਅੰਦੋਲਨ ਹੋਇਆ ਸੀ।ਰਾਜੇਵਾਲ ਨੇ ਕਿਹਾ ਕਿ ਇੱਕ ਸਟੱਡੀ ਦੇ ਮੁਤਾਬਿਕ 2028 ਤੱਕ ਪੰਜਾਬ ਦੇ ਹਰ ਘਰ ਵਿੱਚ ਕੈਂਸਰ ਦਾ ਮਰੀਜ਼ ਹੋਵੇਗਾ। ਇਸ ਲਈ ਸਾਨੂੰ ਲੜਾਈ ਪਾਣੀਆਂ ਲਈ ਵੀ ਲੜਨੀ ਪਵੇਗੀ। ਜੇ ਪੰਜਾਬ ਨੂੰ ਬਚਾਉਣਾ ਹੈ ਤਾਂ ਸਾਰਿਆਂ ਨੂੰ ਮਿਲ ਕੇ ਬੈਠਣਾ ਪਵੇਗਾ। ਰਾਜੇਵਾਲ ਨੇ ਕਿਹਾ ਕਿ ਅਸੀਂ ਇਸ ਗੱਲ ਉੱਪਰ ਸਹਿਮਤ ਨਹੀਂ ਕਿ ਸਰਕਾਰ ਫ਼ਸਲ ਦੇ ਟੀਚੇ ਦਾ ਚੌਥਾ ਹਿੱਸਾ ਐਮ.ਐਸ.ਪੀ. 'ਤੇ ਖਰੀਦੇ।

ਇਸ ਮੌਕੇ ਹਾਜ਼ਰੀਨ ਦਾ ਧੰਨਵਾਦ ਕਲਾਕਾਰ ਗੁਰਪ੍ਰੀਤ ਸਿੰਘ ਘੁੱਗੀ ਨੇ ਕੀਤਾ! ਮੰਚ ਸੰਚਾਲਨ ਸੀਨੀਅਰ ਪੱਤਰਕਾਰ ਹਮੀਰ ਸਿੰਘ ਨੇ ਨਿਭਾਈ। ਇਸ ਸਮਾਗਮ ਵਿੱਚ 'ਮੇਰਾ ਪੰਜਾਬ' ਵੱਲੋਂ ਵਿਧਾਇਕ ਪਰਗਟ ਸਿੰਘ, ਦੀਪਕ ਸ਼ਰਮਾ ਚਨਾਰਥਲ, ਐੱਲ ਆਰ ਨਈਅਰ , ਮਾਣਿਕ ਗੋਇਲ, ਕਰਨੈਲ ਸਿੰਘ ਜਖੇਪਲ, ਭੁਪਿੰਦਰ ਮਲਿਕ ਨੇ ਵੀ ਅਹਿਮ ਭੂਮਿਕਾ ਨਿਭਾਈ !

# ਦਰਸ਼ਨ ਖਟਕੜ ਨੂੰ ਮਿਲਿਆ ਪ੍ਰੀਤਮ ਸਿੰਘ ਬਾਸੀ ਯਾਦਗਾਰੀ ਸਾਹਿਤ ਪੁਰਸਕਾਰ



**ਲੁਧਿਆਣਾ:** ਬੀ.ਸੀ. ਕਲਚਰਲ ਫਾਉਂਡੇਸ਼ਨ (ਰਜਿ.) ਸਰੀ (ਕੈਨੇਡਾ) ਵੱਲੋਂ ਸਥਾਪਿਤ ਸਵਰਗੀ ਸ. ਪ੍ਰੀਤਮ ਸਿੰਘ ਬਾਸੀ ਪੁਰਸਕਾਰ ਪੰਜਾਬੀ ਕਵੀ ਦਰਸ਼ਨ ਖਟਕੜ ਨੂੰ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਿਜ ਲੁਧਿਆਣਾ ਦੇ ਪਰਵਾਸੀ ਸਾਹਿੱਤ ਅਧਿਐਨ ਕੇਂਦਰ ਵਿਖੇ ਭੇਟ ਕੀਤਾ ਗਿਆ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਉੱਘੇ ਲੇਖਕ ਡਾ. ਵਰਿਆਮ ਸਿੰਘ ਸੰਧੂ ਸ਼ਾਮਿਲ ਹੋਏ ਜਦ ਕਿ ਸਮਾਗਮ ਦੀ ਪ੍ਰਧਾਨਗੀ ਡਾ. ਸ ਪ ਸਿੰਘ ਸਾਬਕਾ ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇਕੀਤੀ। ਵਿਸ਼ੇਸ਼ ਮਹਿਮਾਨ ਵਜੋਂ ਪੰਜਾਬੀ ਕਵੀ ਮੋਹਨ ਗਿੱਲ (ਕੈਨੇਡਾ) ਅਤੇ ਲੋਕ ਵਿਰਾਸਤ ਅਕਾਦਮੀ ਦੇ ਚੇਅਰਮੈਨ ਪ੍ਰੋਫ਼ੈਸਰ ਗੁਰਭਜਨ ਗਿੱਲ ਸ਼ਾਮਿਲ ਹੋਏ। ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ ਨੇ ਇਨਕਲਾਬੀ ਕਵੀ ਦਰਸ਼ਨ ਖਟਕੜ ਦੀ ਸਾਹਿੱਤ ਸੇਵਾ ਤੇ ਜੀਵਨ ਬਾਰੇ ਮੁੱਖ ਭਾਸ਼ਨ ਦੇਂਦਿਆਂ ਕਿਹਾ ਕਿ ਦਰਸ਼ਨ ਖਟਕੜ ਵੱਲੋਂ 1971 ਵਿੱਚ ਵਿਦਿਆਰਥੀ ਲਹਿਰ ਦੇ ਆਗੂ ਵਜੋਂ ਜੇਲ੍ਹ ਜਾਣ ਤੋਂ ਪਹਿਲਾਂ ਅਤੇ ਜੇਲ੍ਹ ਵਾਸ ਦੌਰਾਨ ਲਿਖੀਆਂ ਕਵਿਤਾਵਾਂ 'ਸੰਗੀ ਸਾਥੀ' ਕਾਵਿ ਪੁਸਤਕ ਦੇ ਰੂਪ ਵਿੱਚ 1973 ਵਿੱਚ ਛਪੀ ਜਦ ਕਿ 2010 ਵਿੱਚ 'ਉਲਟੇ ਰੁਖ਼ ਪਰਵਾਜ਼' ਦੂਜਾ ਕਾਵਿ ਸੰਗ੍ਰਹਿ ਛਪਿਆ ਜੋ ਨਕਸਲੀ ਕਾਵਿ ਪਰੰਪਰਾ ਦੀ ਨਿਰੰਤਰਤਾ ਨੂੰ ਪੇਸ਼ ਕਰਦਾ ਬਾਜ਼ਾਰ ਮੁਖੀ ਰੁਝਾਨ 'ਤੇ ਤਿੱਖਾ ਵਾਰ ਕਰਦਾ ਹੈ। ਆਪ ਦੀਆਂ ਹੋਰ ਲਿਖਤਾਂ 'ਵਿਲਾਇਤ ਨੂੰ 94 ਖ਼ਤ ਅਤੇ ਯਾਦਾਂ' ਹਨ ਜਿਸਨੂੰ ਦਵਿੰਦਰ ਨੌਰਾ ਨੇ ਸੰਪਾਦਿਤ ਕੀਤਾ। ਉਨ੍ਹਾਂ ਬਾਰੇ ਇੱਕ ਵੱਡ ਆਕਾਰੀ ਪੁਸਤਕ 'ਦਰਸ਼ਨ ਖਟਕੜ: ਸੰਘਰਸ਼ ਤੇ ਸ਼ਾਇਰੀ ਨੂੰ ਸੁਖਵਿੰਦਰ ਕੰਬੋਜ ,ਰਵਿੰਦਰ ਸਹਿਰਾ ਤੇ ਸੁਖਵਿੰਦਰ ਗਿੱਲ ਨੇ ਸੰਪਾਦਿਤ ਕੀਤਾ। ਆਪ ਨੇ ਪਿਛਲੇ ਸਾਲ ਮਾਰਕਸ ਦੀ ਮਹੱਤਵਪੂਰਨ ਪੋਥੀ 'ਪੂੰਜੀ ਨੂੰ ਪੜ੍ਹਦੇ ਪੜ੍ਹਦੇ' ਛਪੀ ਹੈ।

ਸਮਾਗਮ ਦੇ ਮੁੱਖ ਮਹਿਮਾਨ ਡਾ. ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਦਰਸ਼ਨ ਖਟਕੜ ਦਾ ਜੀਵਨ ਤੇ ਰਚਨਾ ਪਹਿਲੇ ਕਦਮ ਤੋਂ ਅੱਜ ਤੀਕ ਲੋਕ ਮੁਕਤੀ ਮਾਰਗ ਤੇ ਤੁਰ ਰਹੀ ਹੈ। ਉਸ ਨੇ ਮੱਧ ਯੁੱਗ ਦੇ ਸਿੱਖ ਨਾਇਕਾਂ ਦੀ ਕਵਿਤਾ ਵਿੱਚ ਸ਼ਮੂਲੀਅਤ ਕਰਕੇ ਸਮੁੱਚੀ ਨਕਸਲਬਾੜੀ ਅਸਰ ਵਾਲੀ ਸ਼ਾਇਰੀ ਦਾ ਰੁਖ਼ ਮੋੜਿਆ। ਉਹ ਰੂਸ ਤੇ ਤੀਨ ਦੀਆਂ ਇਨਕਲਾਬੀ ਲਹਿਰਾਂ ਦੇ ਨਾਲ ਨਾਲ ਪੰਜਾਬ ਦੀ ਰਹਿਤਲ ਨੂੰ ਵੀ ਸ਼ਾਇਰੀ ਵਿੱਚ ਗੁੰਨ੍ਹਦਾ ਹੈ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਡਾ. ਸ ਪ ਸਿੰਘ ਨੇ ਕਿਹਾ ਕਿ ਮੰਗਾ ਸਿੰਘ ਬਾਸੀ ਨੇ ਸਪੁੱਤਰ ਹੋਣ ਦਾ ਪ੍ਰਮਾਣ ਦਿੱਤਾ ਹੈ ਜਿਸ ਨੇ ਸਤਿਕਾਰਤ ਪਿਤਾ ਜੀ ਦੀ ਯਾਦ ਵਿੱਚ ਇਹ ਪੁਰਸਕਾਰ ਸਥਾਪਤ ਕੀਤਾ ਹੈ। ਸਮਾਗਮ ਵਿੱਚ ਮੰਗਾ ਸਿੰਘ ਬਾਸੀ ਦੇ ਸਤਿਕਾਰਤ ਭੈਣ ਜੀ ਪ੍ਰਕਾਸ਼ ਕੌਰ, ਜੀਜਾ ਜੀ ਸ. ਛੱਜਾ ਸਿੰਘ , ਭਤੀਜਾ ਸ. ਜਸਪਾਲ ਸਿੰਘ ਬਾਸੀ ਤੇ ਉਸ ਦੀ ਜੀਵਨ ਸਾਥਣ ਤੋਂ ਇਲਾਵਾ ਮਿੱਤਰ ਸ. ਸੰਤੋਖ ਸਿੰਘ ਬਾਸੀ ਨੂਰਮਹਿਲ ਸ਼ਾਮਿਲ ਹੋਏ। ਸਭ ਨੂੰ ਸਮਾਗਮ ਵਿੱਚ ਸਨਮਾਨਿਤ ਕੀਤਾ ਗਿਆ। ਧੰਨਵਾਦ ਦੇ ਸ਼ਬਦ ਬੋਲਦਿਆਂ ਦਰਸ਼ਨ ਖਟਕੜ ਨੇ ਕਿਹਾ ਕਿ ਵਿਗਿਆਨ ਦਾ ਵਿਦਿਆਰਥੀ ਹੋਣ ਦੇ ਬਾਵਜੂਦ ਪੰਜਾਬੀ ਕਵਿਤਾ ਮੇਰੇ ਦਿਲ ਦੀ ਬਾਤ ਰਹੀ ਹੈ। ਉਨ੍ਹਾਂ ਇਸ ਮੌਕੇ ਗਾਜ਼ਾ ਪੱਟੀ ਦੇ ਸੰਘਰਸ਼ ਬਾਰੇ ਗੀਤ ਸੁਣਾਉਂਦਿਆਂ ਪੁਰਸਕਾਰ ਲਈ ਮੰਗਾ ਸਿੰਘ ਬਾਸੀ ਤੇ ਬੀ ਸੀ ਕਲਚਰਲ ਫਾਉਂਡੇਸ਼ਨ ਦਾ ਧੰਨਵਾਦ ਕੀਤਾ। ਸਮਾਗਮ ਦੇ ਵਿਸ਼ੇਸ਼ ਮਹਿਮਾਨ ਤੇ ਸੱਰੀ(ਕੈਨੇਡਾ) ਵੱਸਦੇ ਕਵੀ ਮੋਹਨ ਗਿੱਲ ਨੇ ਕਿਹਾ ਕਿ ਇਹ ਪੁਰਸਕਾਰ ਬੀੜ ਬੰਸੀਆਂ(ਜਲੰਧਰ) ਦੇ ਜੰਮਪਲ ਤੇ ਵਰਤਮਾਨ ਸਮੇਂ ਕੈਨੇਡਾ ਵਾਸੀ ਸਾਡੇ ਪਿਆਰੇ ਮਿੱਤਰ ਪੰਜਾਬੀ ਕਵੀ ਮੰਗਾ ਸਿੰਘ ਬਾਸੀ ਨੇ ਆਪਣੇ ਸਤਿਕਾਰਯੋਗ ਪਿਤਾ ਜੀ ਤੇ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਸਰਪ੍ਰਸਤ ਸ. ਪ੍ਰੀਤਮ ਸਿੰਘ ਬਾਸੀ ਜੀ ਦੀ ਯਾਦ ਵਿੱਚ ਸਥਾਪਿਤ ਕਰਕੇ ਸਭਨਾਂ ਲਈ ਮਿਸਾਲ ਕਾਇਮ ਕੀਤੀ ਹੈ।

ਇਸ ਪੁਰਸਕਾਰ ਵਿੱਚ ਦਰਸ਼ਨ ਖਟਕੜ ਜੀ ਨੂੰ 51 ਹਜ਼ਾਰ ਰੁਪਏ ਦੀ ਧਨ ਰਾਸ਼ੀ ,ਫੁਲਕਾਰੀ ਤੋਂ ਇਲਾਵਾ ਸ਼ੋਭਾ ਪੱਤਰ ਵੀ ਦਿੱਤਾ ਗਿਆ। ਸ਼ੋਭਾ ਪੱਤਰ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੀ ਮੁਖੀ ਪ੍ਰੋ. ਸ਼ਰਨਜੀਤ ਕੌਰ ਨੇ ਪੜ੍ਹਿਆ। ਦਰਸ਼ਨ ਖਟਕੜ ਦੀ ਇੱਕ ਗ਼ਜ਼ਲ ਦਾ ਗਾਇਨ ਸੁਰੀਲੇ ਪੰਜਾਬੀ ਕਵੀ ਤ੍ਰੈਲੋਚਨ ਲੋਚੀ ਨੇ ਕੀਤਾ। ਵਿਸ਼ਵ ਪੰਜਾਬੀ ਸਭਾ ਟੋਰੰਟੋ ਦੀ ਭਾਰਤੀ ਪ੍ਰਧਾਨ ਬਲਬੀਰ ਕੌਰ ਰਾਏਕੋਟੀ ਨੇ ਸਭਾ ਵੱਲੋਂ ਗੁਰਮੁਖੀ ਅੱਖਰਮਾਲਾ ਵਾਲੇ ਸ਼ਾਲ ਭੇਂਟ ਕੀਤੇ। ਇਸ ਸਮਾਗਮ ਨੂੰ ਮਾਲਵਾ ਟੀ ਵੀ ਵੱਲੋਂ ਲਾਈਵ ਟੈਲੀਕਾਸਟ ਕੀਤਾ ਗਿਆ। ਕਾਲਿਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਨੇ ਪੰਜਾਬੀ ਪਿਆਰਿਆਂ ਨੂੰ ਸਮਾਗਮ ਵਿੱਚ ਸ਼ਾਮਿਲ ਹੋਣ ਦਾ ਧੰਨਵਾਦ ਕੀਤਾ। ਇਸ ਸਮਾਗਮ ਵਿੱਚ ਸ. ਹਰਸ਼ਰਨ ਸਿੰਘ ਨਰੂਲਾ ਆਨਰੇਰੀ ਜਨਰਲ ਸਕੱਤਰ ਕਾਲਿਜ ਪ੍ਰਬੰਧਕ ਕਮੇਟੀ, ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.)ਦੇ ਪ੍ਰਧਾਨ ਦਰਸ਼ਨ ਬੁੱਟਰ,ਟੋਰੰਟੋ ਵਾਸੀ ਕਾਰੋਬਾਰੀ ਸ. ਇੰਦਰਜੀਤ ਸਿੰਘ ਬੱਲ,ਕੁਲਵਿੰਦਰ ਸਿੰਘ,ਪ੍ਰੋ. ਜਾਗੀਰ ਸਿੰਘ ਕਾਹਲੋਂ, ਸਤਿੰਦਰਪਾਲ ਸਿੰਘ ਸਿੱਧਵਾਂ, ਡਾ. ਸੋਹਣ ਸਿੰਘ ਪਰਮਾਰ, ਅੰਗਰੇਜ਼ ਸਿੰਘ ਬਰਾੜ (ਸੱਰੀ) ਪ੍ਰੋ. ਰਵਿੰਦਰ ਸਿੰਘ ਭੱਠਲ ,ਡਾ. ਲਖਵਿੰਦਰ ਸਿੰਘ ਜੌਹਲ ਸਾਬਕਾ ਪ੍ਰਧਾਨ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ , ਪ੍ਰਿੰਸੀਪਲ (ਰੀਟ.)ਡਾ. ਪਰਮਜੀਤ ਸਿੰਘ ਗਰੇਵਾਲ ਵੀ ਪਹੁੰਚੇ। ਮੰਚ ਸੰਚਾਲਨ ਡਾ. ਤੇਜਿੰਦਰ ਕੌਰ ਕੋਆਰਡੀਨੇਟਰ ਪਰਵਾਸੀ ਸਾਹਿੱਤ ਅਧਿਐਨ ਕੇਂਦਰ ਨੇ ਕੀਤਾ।

ਪੰਜਾਬ ਟਾਈਮਜ਼

1 ਮਾਰਚ, ਸ਼ਨਿਚਰਵਾਰ

# ਅਮਰੀਕੀ ਮਦਦ ਦਾ ਕੱਚ ਸੱਚ

ਅਮਰੀਕਾ ਵਲੋਂ ਵੋਟਰ ਟਰਨਆਊਟ ਵਧਾਉਣ ਲਈ ਭਾਰਤ ਨੂੰ ਦਿੱਤੀ ਗਈ ਵਿੱਤੀ ਮਦਦ ਭਾਰਤ ਸਰਕਾਰ ਲਈ ਵੱਡੀ ਮੁਸੀਬਤ ਬਣਦੀ ਜਾ ਰਹੀ ਹੈ। ਮੋਦੀ ਸਰਕਾਰ ਵਲੋਂ ਇਸ ਸਬੰਧ ਵਿਚ ਦਿੱਤੇ ਜਾ ਰਹੇ ਵਿਸਥਾਰ ਅਤੇ ਵਿਰੋਧੀਆਂ ਦੇ ਵਾਰ ਨਵੇਂ ਤੋਂ ਨਵੇਂ ਖੁਲਾਸੇ ਸਾਹਮਣੇ ਲਿਆ ਰਹੇ ਹਨ। ਰਾਸ਼ਟਰਪਤੀ ਡੋਨਲਡ ਟਰੰਪ ਨੇ ਬਾਇਡਨ ਪ੍ਰਸ਼ਾਸਨ 'ਤੇ ਨਿਸ਼ਾਨਾ ਲਗਾਉਂਦੇ ਹੋਏ ਕਿਹਾ ਕਿ ਉਸਨੇ ਭਾਰਤ ਨੂੰ ਉਸ ਦੀਆਂ ਚੋਣਾਂ 'ਚ ਮਦਦ ਲਈ 1.8 ਕਰੋੜ ਡਾਲਰ ਦੀ ਰਕਮ ਅਲਾਟ ਕੀਤੀ, ਜਦਕਿ ਉਸ ਨੂੰ ਇਸਦੀ ਲੋੜ ਨਹੀਂ ਹੈ। ਟਰੰਪ ਨੇ ਕੰਜ਼ਰਵੇਟਿਵ ਪੌਲੀਟੀਕਲ ਐਕਸ਼ਨ ਕਾਨਫਰੰਸ (ਸੀਪੀਏਸੀ) 'ਚ ਸ਼ਨਿਚਰਵਾਰ ਨੂੰ ਆਪਣੇ ਭਾਸ਼ਣ ਦੌਰਾਨ ਇਹ ਟਿੱਪਣੀ ਕੀਤੀ। ਟਰੰਪ ਨੇ ਪਹਿਲਾਂ ਵੀ ਕਈ ਵਾਰ ਦਾਅਵਾ ਕੀਤਾ ਹੈ ਕਿ ਚੋਣਾਂ 'ਚ ਵੋਟਰਾਂ ਦੀ ਹਿੱਸੇਦਾਰੀ ਨੂੰ ਵਧਾਉਣ ਲਈ ਭਾਰਤ ਨੂੰ 2.1 ਕਰੋੜ ਡਾਲਰ ਦੀ ਵਿੱਤੀ ਮਦਦ ਦਿੱਤੀ ਗਈ ਸੀ। ਉਨ੍ਹਾਂ ਇਸਦੇ ਲਈ ਅਮਰੀਕਾ ਦੀ ਅੰਤਰਰਾਸ਼ਟਰੀ ਵਿਕਾਸ ਏਜੰਸੀ (ਯੂਐੱਸਏਡ) 'ਤੇ ਨਿਸ਼ਾਨਾ ਲਗਾਇਆ ਹੈ। ਟਰੰਪ ਦੇ ਇਸ ਦਾਅਵੇ ਤੋਂ ਬਾਅਦ ਪੈਦਾ ਹੋਇਆ ਭਾਰਤ ਵਿਵਾਦ ਦਿਨ-ਬ-ਦਿਨ ਹੋਰ ਵਧਦਾ ਜਾ ਰਿਹਾ ਹੈ। ਆਪਣੇ ਭਾਸ਼ਣ 'ਚ ਟਰੰਪ ਨੇ ਭਾਰਤ 'ਤੇ ਅਮਰੀਕਾ ਦਾ ਫਾਇਦਾ ਚੁੱਕਣ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਭਾਰਤ ਨੂੰ ਉਸ ਦੀਆਂ ਚੋਣਾਂ 'ਚ ਮਦਦ ਲਈ 1.8 ਕਰੋੜ ਡਾਲਰ ਦਿੱਤੇ ਗਏ। ਆਖਿਰ ਕਿਉਂ?

ਉਨ੍ਹਾਂ ਕਿਹਾ ਭਾਰਤ ਦੁਨੀਆ 'ਚ ਸਭ ਤੋਂ ਵੱਧ ਟੈਰਿਫ ਲਗਾਉਣ ਵਾਲੇ ਦੇਸ਼ਾਂ 'ਚੋਂ ਇਕ ਹੈ। ਉਹ 200 ਫ਼ੀਸਦੀ (ਟੈਕਸ) ਲਗਾਉਂਦਾ ਹੈ ਤੇ ਫਿਰ ਅਸੀਂ ਉਸ ਨੂੰ ਉਸ ਦੀਆਂ ਚੋਣਾਂ 'ਚ ਮਦਦ ਕਰਨ ਲਈ ਬਹੁਤ ਸਾਰਾ ਪੈਸਾ ਦੇ ਰਹੇ ਹਾਂ। ਟਰੰਪ ਨੇ ਬੰਗਲਾਦੇਸ਼ ਨੂੰ 2.9 ਕਰੋੜ ਡਾਲਰ ਦੇਣ ਲਈ ਵੀ ਯੂ.ਐੱਸ.ਏਡ ਦੀ ਨਿਖੇਧੀ ਕੀਤੀ। ਉਨ੍ਹਾਂ ਕਿਸੇ ਦਾ ਨਾਂ ਲਏ ਬਿਨਾਂ ਕਿਹਾ, 2.9 ਕਰੋੜ ਡਾਲਰ ਦੀ ਵਰਤੋਂ ਸਿਆਸੀ ਹਾਲਾਤ ਨੂੰ ਮਜ਼ਬੂਤ ਕਰਨ ਤੇ ਉਨ੍ਹਾਂ ਦੀ ਮਦਦ ਕਰਨ ਲਈ ਕੀਤੀ ਜਾਵੇਗੀ ਤਾਂ ਕਿ ਉਹ ਬੰਗਲਾਦੇਸ਼ 'ਚ ਕੱਟੜਪੰਥੀ ਖੱਬੇਪੱਖੀ ਕਮਿਊਨਿਸਟ ਲਈ ਵੋਟ ਕਰ ਸਕਣ।

ਦੂਸਰੇ ਪਾਸੇ ਇਹ ਤੱਥ ਵੀ ਸਾਹਮਣੇ ਆਏ ਹਨ ਕਿ ਭਾਰਤੀ ਚੋਣਾਂ ਨੂੰ ਪ੍ਰਭਾਵਿਤ ਕਰਨ ਲਈ ਏਜੰਸੀ ਨੇ ਵਿੱਤੀ ਸਾਲ 2023-24 'ਚ 75 ਕਰੋੜ ਡਾਲਰ ਦੇ ਸੱਤ ਪ੍ਰੋਜੈਕਟਾਂ ਦੀ ਫੰਡਿੰਗ ਕੀਤੀ ਹੈ। ਭਾਰਤ ਦੇ ਵਿੱਤ ਮੰਤਰਾਲੇ ਦੀ ਹੁਣੇ ਆਈ ਸਾਲਾਨਾ ਰਿਪੋਰਟ ਵਿਚ ਇਹ ਜਾਣਕਾਰੀ ਮਿਲੀ ਹੈ। ਵਿੱਤ ਮੰਤਰਾਲੇ ਦੀ 2023-24 ਦੀ ਸਾਲਾਨਾ ਰਿਪੋਰਟ ਮੁਤਾਬਕ ਅਮਰੀਕੀ ਅੰਤਰਰਾਸ਼ਟਰੀ ਵਿਕਾਸ ਏਜੰਸੀ ਵੱਲੋਂ ਭਾਰਤ ਸਰਕਾਰ ਦੇ ਨਾਲ ਸਾਂਝੇਦਾਰੀ ਵਿਚ ਕੁਲ ਲਗਭਗ 75 ਕਰੋੜ ਡਾਲਰ ਬਜਟ ਦੇ ਸੱਤ ਪ੍ਰੋਜੈਕਟ ਕਾਰਜਸ਼ੀਲ ਕਰ ਦਿੱਤੇ ਗਏ ਹਨ। ਇਸ ਸਮੇਂ ਵਿਚ ਕੋਈ ਰਾਜਨੀਤਕ ਫੰਡਿੰਗ ਨਹੀਂ ਹੋਈ। ਵਿੱਤ ਮੰਤਰਾਲੇ ਤਹਿਤ ਆਰਥਿਕ ਮਾਮਲਿਆਂ ਦੇ ਵਿਭਾਗ ਨੇ ਰਿਪੋਰਟ ਵਿਚ ਇਨ੍ਹਾਂ ਪ੍ਰੋਜੈਕਟਾਂ ਦੀ ਵੰਡ ਵੀ ਸਾਂਝੀ ਕੀਤੀ ਹੈ। ਆਰਥਿਕ ਮਾਮਲਿਆਂ ਦਾ ਵਿਭਾਗ ਦੁਵੱਲੇ ਫੰਡਿੰਗ ਲਈ ਨੋਡਲ ਵਿਭਾਗ ਹੈ। ਵਿੱਤੀ ਸਾਲ ਦੌਰਾਨ ਵੋਟ ਫੀਸਦ ਲਈ ਕੋਈ ਪੈਸਾ ਮੁਹੱਈਆ ਨਹੀਂ ਕਰਾਇਆ ਗਿਆ ਪਰ ਖੇਤੀ ਤੇ ਖਾਦ ਸੁਰੱਖਿਆ ਪ੍ਰੋਗਰਾਮ, ਜਲ, ਸਵੱਛਤਾ ਤੇ ਅਰੋਗ, ਨਵੀਕਰਨ ਊਰਜਾ, ਆਪਦਾ ਪ੍ਰਬੰਧਨ ਤੇ ਸਿਹਤ ਨਾਲ ਸਬੰਧਤ ਪ੍ਰੋਜੈਕਟਾਂ ਲਈ ਪੈਸਾ ਮੁਹੱਈਆ ਕਰਾਇਆ ਗਿਆ। ਇਹ ਵੀ ਸੱਚ ਹੈ ਕਿ ਭਾਰਤ ਨੂੰ ਅਮਰੀਕਾ ਦੀ ਦੁਵੱਲੀ ਵਿਕਾਸ ਸਹਾਇਤਾ 1951 'ਚ ਸ਼ੁਰੂ ਹੋਈ ਸੀ। ਮੁੱਖ ਰੂਪ ਨਾਲ ਯੂ.ਐੱਸ.ਏਡ ਦੇ ਮਾਧਿਅਮ ਨਾਲ ਇਸ ਦਾ ਪ੍ਰਬੰਧ ਕੀਤਾ ਜਾਂਦਾ ਹੈ। ਆਪਣੀ ਸ਼ੁਰੂਆਤ ਦੇ ਬਾਅਦ ਯੂ.ਐੱਸ.ਏਡ ਨੇ 555 ਤੋਂ ਵੱਧ ਪ੍ਰੋਜੈਕਟਾਂ ਲਈ ਵੱਖ-ਵੱਖ ਖੇਤਰਾਂ ਵਿਚ ਭਾਰਤ ਨੂੰ 17 ਅਰਬ ਡਾਲਰ ਤੋਂ ਵੱਧ ਦੀ ਆਰਥਿਕ ਸਹਾਇਤਾ ਦਿੱਤਾ ਹੈ। ਇਸੇ ਮਹੀਨੇ ਦੇਸ਼ ਵਿਚ ਰਾਜਨੀਤਕ ਵਿਵਾਦ ਉਦੋਂ ਸ਼ੁਰੂ ਹੋ ਗਿਆ, ਜਦੋਂ ਉਦਯੋਗਪਤੀ ਐਲਨ ਮਸਕ ਦੀ ਅਗਵਾਈ ਵਾਲੇ ਡੀ.ਓ.ਜੀ.ਈ. ਨੇ ਦਾਅਵਾ ਕੀਤਾ ਸੀ ਕਿ ਉਸ ਨੇ ਵੋਟ ਫੀਸਦ ਵਧਾਉਣ ਲਈ ਭਾਰਤ ਨੂੰ ਦਿੱਤੇ ਜਾਣ ਵਾਲੇ 2.1 ਕਰੋੜ ਡਾਲਰ ਦੀ ਸਹਾਇਦਾ ਨੂੰ ਰੱਦ ਕਰ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵੀ ਦਾਅਵਾ ਕੀਤਾ ਸੀ ਕਿ ਜੋਅ ਬਾਇਡਨ ਦੀ ਅਗਵਾਈ ਵਾਲੇ ਪਿਛਲੇ ਪ੍ਰਸ਼ਾਸਨ ਤਹਿਤ ਯੂਐੱਸਏਡ ਨੇ ਭਾਰਤ ਵਿਚ ਵੋਟਰਾਂ ਨੂੰ ਪ੍ਰਭਾਵਿਤ ਕਰਨ ਕਰੋੜਾਂ ਡਾਲਰ ਦੀ ਫੰਡਿੰਗ ਕੀਤੀ ਸੀ।

ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਸ਼ਨਿੱਚਰਵਾਰ ਨੂੰ ਕਿਹਾ ਸੀ ਕਿ ਟਰੰਪ ਪ੍ਰਸ਼ਾਸਨ ਵੱਲੋਂ ਦਿੱਤੀ ਗਈ ਜਾਣਕਾਰੀ ਚਿੰਤਾਜਨਕ ਹੈ ਤੇ ਸਰਕਾਰ ਇਸ 'ਤੇ ਗੌਰ ਕਰ ਰਹੀ ਹੈ। ਦੂਜੇ ਪਾਸੇ ਹੁਣ ਕੇਂਦਰੀ ਮੰਤਰੀ ਦਾ ਬਿਆਨ ਵੀ ਆ ਰਿਹਾ ਹੈ ਕਿ ਇਹੋ ਜਿਹੀ ਕੋਈ ਫੰਡਿੰਗ ਨਹੀਂ ਹੋਈ ਸੀ ਜਿਸ ਦਾ ਕੋਈ ਸਿਆਸੀ ਮੰਤਵ ਹੋਵੇ। ਹਾਲਾਂਕਿ ਭਾਰਤ ਵਿਚ ਰਾਜਨੀਤਕ ਮੰਚਾਂ 'ਤੇ ਟਰੰਪ ਦਾ ਬਿਆਨ ਚਰਚਾ ਦਾ ਕੇਂਦਰ ਬਣਿਆ ਰਿਹਾ ਸੀ ਕਿ ਬਾਇਡਨ ਆਖਰ ਕਿਹੜੀ ਪਾਰਟੀ ਨੂੰ ਜਿਤਾਉਣਾ ਚਾਹੁੰਦੇ ਸਨ ਹਾਲਾਂਕਿ ਉਨ੍ਹਾਂ ਦੇ ਭਾਰਤ ਨਾਲ ਸਬੰਧ ਚੰਗੇ ਰਹੇ ਹਨ। ਟਰੰਪ ਦੇ ਬਿਆਨ ਦੇ ਹਵਾਲੇ ਨਾਲ ਇਹ ਪੜਤਾਲ ਵੀ ਕੀਤੀ ਜਾ ਰਹੀ ਸੀ ਕਿ ਉਹ ਕਿਹੜੀ ਸਿਆਸੀ ਪਾਰਟੀ ਸੀ, ਜੋ ਕਿ ਅਮਰੀਕੀ ਡਾਲਰ ਪ੍ਰਾਪਤ ਕਰ ਰਹੀ ਸੀ।

ਇਸ ਦੀ ਜਾਂਚ ਜ਼ਰੂਰੀ ਹੀ ਨਹੀਂ, ਲਾਜ਼ਮੀ ਹੈ ਕਿ ਭਾਰਤ ਵਿਚ ਅਮਰੀਕੀ ਸਹਾਇਤਾ ਕਿਸ ਨੂੰ ਮਿਲੀ ਅਤੇ ਉਸ ਦਾ ਇਸਤੇਮਾਲ ਕਿੱਥੇ ਅਤੇ ਕਿਵੇਂ ਹੋਇਆ? ਇਸ ਦੀ ਜ਼ਰੂਰਤ ਇਸ ਲਈ ਵਧ ਗਈ ਹੈ ਕਿਉਂਕਿ ਪਹਿਲਾਂ ਐਲਨ ਮਸਕ ਨੇ ਇਸ 'ਤੇ ਇਤਰਾਜ਼ ਜ਼ਾਹਰ ਕਰਦੇ ਹੋਏ ਉਸ ਨੂੰ ਰੋਕਣ ਦਾ ਐਲਾਨ ਕੀਤਾ, ਫਿਰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਉਸ ਨੂੰ ਭਾਰਤ ਵਿਚ ਸੱਤਾ ਪਰਿਵਰਤਨ ਦੇ ਮਕਸਦ ਨਾਲ ਇਸਤੇਮਾਲ ਕੀਤੇ ਜਾਣ ਦਾ ਸ਼ੱਕ ਜ਼ਾਹਰ ਕੀਤਾ ਅਤੇ ਫਿਰ ਇਹ ਵੀ ਕਹਿ ਦਿੱਤਾ ਕਿ ਉਹ ਇਕ ਤਰ੍ਹਾਂ ਦੀ ਦਲਾਲੀ ਸੀ। ਇਹ ਕਹਿ ਕੇ ਉਨ੍ਹਾਂ ਨੇ ਬਾਇਡਨ ਪ੍ਰਸ਼ਾਸਨ ਅਤੇ ਵਿੱਤੀ ਸਹਾਇਤਾ ਦੇਣ ਵਾਲੀ ਸਰਕਾਰੀ ਏਜੰਸੀ ਯੂ.ਐੱਸ.ਏਡ ਨੂੰ ਹੀ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ। ਐਲਨ ਮਸਕ ਪਹਿਲਾਂ ਵੀ ਇਸ ਏਜੰਸੀ ਨੂੰ ਅਪਰਾਧਕ ਸੰਗਠਨ ਕਹਿ ਚੁੱਕੇ ਹਨ। ਹਾਲਾਂਕਿ ਟਰੰਪ ਨੇ ਇਹ ਤਾਂ ਕਿਹਾ ਕਿ ਮਤਦਾਨ ਵਧਾਉਣ ਦੇ ਨਾਂ 'ਤੇ ਦਿੱਤੀ ਗਈ ਅਮਰੀਕੀ ਸਹਾਇਤਾ ਬਾਰੇ ਭਾਰਤ ਨੂੰ ਦੱਸਣਾ ਪਵੇਗਾ। ਇਸ ਨੂੰ ਦੇਖਦੇ ਹੋਏ ਵਿਦੇਸ਼ ਮੰਤਰਾਲੇ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਸ ਮਾਮਲੇ ਦੀ ਜਾਂਚ ਇਸ ਤਰ੍ਹਾਂ ਹੋਵੇ ਕਿ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋਵੇ। ਅਜਿਹਾ ਇਸ ਲਈ ਵੀ ਹੋਣਾ ਚਾਹੀਦਾ ਹੈ ਕਿ ਕਿਉਂਕਿ ਯੂ.ਐੱਸ.ਏਡ ਤੋਂ ਮਿਲੀ ਸਹਾਇਤਾ ਨੂੰ ਲੈ ਕੇ ਪਰਸਪਰ ਵਿਰੋਧੀ ਦਾਅਵੇ ਕੀਤੇ ਜਾ ਰਹੇ ਹਨ। ਕੋਈ ਇਹ ਕਹਿ ਰਿਹਾ ਹੈ ਕਿ ਉਕਤ ਵਿੱਤੀ ਸਹਾਇਤਾ ਭਾਰਤ ਨੂੰ ਨਹੀਂ, ਬੰਗਲਾਦੇਸ਼ ਨੂੰ ਦਿੱਤੀ ਗਈ ਅਤੇ ਕੋਈ ਇਹ ਆਖ ਰਿਹਾ ਹੈ ਕਿ ਪੈਸਾ ਕਿਸੇ ਹੋਰ ਅਮਰੀਕੀ ਜਾਂਚ ਏਜੰਸੀ ਜ਼ਰੀਏ ਭਾਰਤ ਵਿਚ ਹੀ ਆਇਆ। ਇਸ ਸਿਲਸਿਲੇ ਵਿਚ ਉਸ ਜਾਰਜ ਸੋਰੋਸ ਦੀ ਸੰਸਥਾ ਦਾ ਨਾਂ ਆ ਰਿਹਾ ਹੈ, ਜੋ ਭਾਰਤ ਸਮੇਤ ਹੋਰ ਦੇਸ਼ਾਂ ਵਿਚ ਦਖ਼ਲਅੰਦਾਜ਼ੀ ਲਈ ਬਦਨਾਮ ਹੈ। ਇਸ ਦੀ ਵੀ ਅਣਦੇਖੀ ਨਾ ਕੀਤੀ ਜਾਵੇ ਕਿ ਸਾਬਕਾ ਮੁੱਖ ਚੋਣ ਕਮਿਸ਼ਨਰ ਐੱਸ.ਵਾਈ. ਕੁਰੈਸ਼ੀ ਨੇ ਇਹ ਮੰਨਿਆ ਹੈ ਕਿ ਯੂ.ਐੱਸ.ਏਡ ਵੱਲੋਂ ਵਿੱਤੀ ਮਦਦ ਲਈ ਇਕ ਅਮਰੀਕੀ ਸੰਸਥਾ ਨਾਲ ਚੋਣ ਕਮਿਸ਼ਨ ਦਾ ਸਮਝੌਤਾ ਹੋਇਆ ਸੀ, ਪਰ ਨਾਲ ਹੀ ਉਨ੍ਹਾਂ ਨੇ ਵਿੱਤੀ ਮਦਦ ਮਿਲਣ ਤੋਂ ਇਨਕਾਰ ਕੀਤਾ। ਅਜਿਹੇ ਵਿਚ ਇਹ ਸਵਾਲ ਹੋਰ ਡੂੰਘਾ ਹੋ ਜਾਂਦਾ ਹੈ ਕਿ ਆਖ਼ਰ ਸੱਚ ਕੀ ਹੈ? ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਵਿਦੇਸ਼ ਮੰਤਰਾਲੇ ਵੱਲੋਂ ਇਸ ਮਾਮਲੇ ਦੀ ਡੂੰਘੀ ਜਾਂਚ ਕੀਤੀ ਜਾਵੇਗੀ। ਇਹ ਜਾਂਚ ਹੋਣ ਦੇ ਨਾਲ ਹੀ ਇਹ ਯਕੀਨੀ ਬਣਾਉਣ ਦੀ ਵੀ ਜ਼ਰੂਰਤ ਹੈ ਕਿ ਦੇਸ਼ ਵਿਚ ਜੋ ਵੀ ਵਿਦੇਸ਼ੀ ਸਹਾਇਤਾ ਆਵੇ, ਉਹ ਭਾਰਤ ਸਰਕਾਰ ਰਾਹੀਂ ਆਵੇ ਅਤੇ ਇਸ ਦੀ ਨਿਗਰਾਨੀ ਹੋਵੇ ਕਿ ਉਹ ਕਿੱਥੇ ਖ਼ਰਚ ਹੋ ਰਹੀ ਹੈ? ਯੂ.ਐੱਸ. ਏਡ ਵਰਗੀਆਂ ਏਜੰਸੀਆਂ ਗ਼ਰੀਬੀ ਹਟਾਉਣ, ਮਹਿਲਾ-ਸਸ਼ਕਤੀਕਰਨ, ਸਿਹਤ ਸਹੂਲਤਾਂ ਵਿਚ ਬਿਹਤਰੀ ਆਦਿ ਲਈ ਸਰਕਾਰੀ ਏਜੰਸੀਆਂ ਨੂੰ ਸਹਾਇਤਾ ਜ਼ਰੂਰ ਦੇਣ, ਪਰ ਇਸ ਦਾ ਕੋਈ ਮਤਲਬ ਨਹੀਂ ਕਿ ਉਹ ਗ਼ੈਰ-ਸਰਕਾਰੀ ਸੰਗਠਨਾਂ ਨੂੰ ਪੈਸਾ ਵੰਡਣ ਕਿਉਂਕਿ ਅਜਿਹੇ ਅਨੇਕ ਸੰਗਠਨ ਹਨ, ਜੋ ਆਪਣੇ ਸ਼ੱਕੀ ਇਰਾਦਿਆਂ ਲਈ ਜਾਣੇ ਜਾਂਦੇ ਹਨ। ਉਨ੍ਹਾਂ ਦੀਆਂ ਸਰਗਰਮੀਆਂ ਨਾਲ ਦੇਸ਼ ਵਿਚ ਅਸਥਿਰਤਾ ਫੈਲਣ ਦਾ ਖਤਰਾ ਬਣਿਆ ਰਹਿੰਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਬ਼ਲਖ ਬੁਖਾਰੇ ਤੋਂ ਮੋੜਾ!

'ਛੱਜੂ' ਤੁਰ ਪੈਂਦੇ 'ਬਲਖ-ਬੁਖਾਰਿਆਂ' ਨੂੰ ਬਾਹਰ ਜਾਣ ਦਾ ਮਚਿਆ ਹੜਕੰਪ ਹੋਵੇ।
'ਜੂਆ ਖੇਡਣ' ਦੇ ਵਾਂਗ ਉਹ ਚੱਲ ਪੈਂਦੇ ਲਾਉਣੀ 'ਡੌਂਕੀ' ਜਾਂ ਟੱਪਣਾ 'ਡੰਪ' ਹੋਵੇ।
ਕੋਈ ਸੁਣਦਾ ਨਾ ਕੜੇ ਕਾਨੂੰਨ-ਕਾਇਦੇ ਪੁੱਠੀ 'ਹੱਥ-ਕੜੀ' ਵਾ਼ਲਾ ਭੂ-ਕੰਪ ਹੋਵੇ।
ਸੱਚ ਦੀ 'ਰੌਸ਼ਨੀ' ਵੱਲ ਨੂੰ ਦੇਖਦੇ ਨਹੀਂ ਬ਼ਲ ਰਿਹਾ 'ਡਿਪੋਰਟਾਂ' ਦਾ 'ਲੰਪ' ਹੋਵੇ।
ਮੁੜ ਫਿਰ ਧਰਤੀ 'ਤੇ ਲੱਗਦੇ ਪੈਰ ਔਖੇ ਜੜ੍ਹੋਂ ਉੱਖੜਨ ਦਾ ਲੱਗਾ ਜੇ 'ਜੰਪ' ਹੋਵੇ।
ਰਾਸ਼ਟਰਪਤੀ 'ਸਮੁੰਦਰੋਂ ਪਾਰ' ਦਾ ਐ ਵਿਚ ਪੰਜਾਬ ਦੇ 'ਟਰੰਪ-ਟਰੰਪ' ਹੋਵੇ!

# ਕੀ ਕੇਂਦਰ ਸਰਕਾਰ ਕਿਸਾਨਾਂ ਦਾ ਮਸਲਾ ਹੱਲ ਕਰਨ ਦੀ ਬਜਾਏ ਮੀਟਿੰਗਾਂ ਦੇ ਲੰਮੇ ਵਕਫੇ ਨਾਲ ਲਟਕਾਅ ਰਹੀ ਹੈ?



ਫ਼ਸਲਾਂ 'ਤੇ ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਸਮੇਤ ਹੱਕੀ ਮੰਗਾਂ ਦੀ ਪੂਰਤੀ ਲਈ ਸ਼ੰਭੂ ਅਤੇ ਖਨੌਰੀ ਬਾਰਡਰ ਉੱਪਰ ਪੱਕਾ ਮੋਰਚਾ ਲਾਈ ਬੈਠੇ ਕਿਸਾਨਾਂ ਨਾਲ ਕੇਂਦਰ ਸਰਕਾਰ ਵੱਲੋਂ ਚੰਡੀਗੜ੍ਹ ਵਿਚ ਲਗਾਤਾਰ ਦੂਜੇ ਗੇੜ ਦੀ ਗੱਲਬਾਤ ਕੀਤੀ ਗਈ। ਉਂਝ ਤਕਰੀਬਨ ਇਕ ਸਾਲ ਪਹਿਲਾਂ ਕਿਸਾਨਾਂ ਨਾਲ ਕੇਂਦਰ ਸਰਕਾਰ ਵੱਲੋਂ ਕੀਤੀਆਂ ਮੀਟਿੰਗਾਂ ਨੂੰ ਵੇਖਿਆ ਜਾਵੇ ਤਾਂ ਇਹ ਗੱਲਬਾਤ ਛੇਵੇਂ ਗੇੜ ਦੀ ਬਣਦੀ ਹੈ। ਇਸ ਮੀਟਿੰਗ ਵਿਚ ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਸਮੇਤ ਤਿੰਨ ਕੇਂਦਰੀ ਮੰਤਰੀ ਸ਼ਾਮਲ ਹੋਏ ਜਦਕਿ ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਤੇ ਕਿਸਾਨ ਮਜ਼ਦੂਰ ਮੋਰਚਾ ਦਾ 28 ਮੈਂਬਰੀ ਵਫ਼ਦ ਹਾਜ਼ਰ ਸੀ। ਕੇਂਦਰ ਸਰਕਾਰ ਵੱਲੋਂ ਮੀਟਿੰਗਾਂ ਵਿਚ ਪਾਏ ਜਾ ਰਹੇ ਵਕਫੇ ਤੋਂ ਕੇਂਦਰ ਸਰਕਾਰ ਦੀ ਨੀਅਤ ਉੱਪਰ ਸਵਾਲ ਖੜ੍ਹੇ ਹੁੰਦੇ ਹਨ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਉੱਪਰ ਬੈਠੇ ਹੋਣ ਦੇ ਬਾਵਜੂਦ ਕੇਂਦਰ ਸਰਕਾਰ ਵੱਲੋਂ ਮਹੀਨਾ-ਮਹੀਨਾ ਮੀਟਿੰਗਾਂ ਲਈ ਸਮਾਂ ਨਾ ਦੇਣਾ ਕੇਂਦਰ ਸਰਕਾਰ ਦੀ ਸੁਹਿਰਦਤਾ ਉੱਪਰ ਸਵਾਲ ਖੜ੍ਹੇ ਕਰਦਾ ਹੈ। ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਕੇਂਦਰ ਸਰਕਾਰ 'ਡੰਗ-ਟਪਾਈ' ਕਰ ਰਹੀ ਹੋਵੇ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਪਿਛਲੇ ਇੱਕ ਸਾਲ ਤੋਂ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਪੱਕਾ ਮੋਰਚਾ ਲਾ ਕੇ ਬੈਠੇ ਕਿਸਾਨਾਂ ਦਾ ਮੁੱਖ ਹਿੱਸਾ ਪੰਜਾਬ ਤੋਂ ਹੈ। ਕਿਸਾਨਾਂ ਵੱਲੋਂ ਦਿੱਤੇ 'ਦਿੱਲੀ ਚਲੋ' ਦੇ ਸੱਦੇ ਤੋਂ ਪਹਿਲਾਂ ਕੇਂਦਰ ਸਰਕਾਰ ਦੇ ਮੰਤਰੀਆਂ ਅਤੇ ਪੰਜਾਬ ਦੇ ਕਿਸਾਨ ਆਗੂਆਂ ਵਿਚਕਾਰ ਕੁੱਝ ਗੇੜਾਂ ਦੀ ਗੱਲਬਾਤ ਹੋਈ ਸੀ ਪਰ ਮੰਗਾਂ ਬਾਰੇ ਕੋਈ ਸਹਿਮਤੀ ਨਹੀਂ ਬਣ ਸਕੀ ਸੀ। ਜਿਸ ਤੋਂ ਬਾਅਦ ਕਿਸਾਨਾਂ ਨੇ ਦਿੱਲੀ ਵੱਲ ਵਧਣ ਦਾ ਐਲਾਨ ਕਰ ਦਿੱਤਾ ਸੀ ਅਤੇ ਹਰਿਆਣਾ ਵਿਚ ਦਾਖਲ ਹੋਣ ਤੋਂ ਪਹਿਲਾਂ ਹੀ ਕਿਸਾਨਾਂ ਨੂੰ ਭਾਰੀ ਪੁਲਿਸ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ ਸੀ। ਉਸ ਸਮੇਂ ਕਿਸਾਨਾਂ ਤੇ ਕੇਂਦਰੀ ਨੁਮਾਇੰਦਿਆਂ ਦੀਆਂ ਮੀਟਿੰਗਾਂ ਪੰਜਾਬ ਵਿਚ ਹੋਈਆਂ ਸਨ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਉਨ੍ਹਾਂ ਮੀਟਿੰਗਾਂ ਦਾ ਹਿੱਸਾ ਸਨ। ਹੁਣ ਸਥਿਤੀ ਇਹ ਹੈ ਕਿ ਕਿਸਾਨ ਸੰਘਰਸ਼ ਵਿਚ ਪੰਜਾਬ ਦੀ ਮੁੱਖ ਸ਼ਮੂਲੀਅਤ ਦੇ ਬਾਵਜੂਦ ਹਰਿਆਣਾ ਦੇ ਬਾਰਡਰਾਂ ਉੱਪਰ ਚੱਲ ਰਿਹਾ ਮੋਰਚਾ ਕੌਮੀ ਪੱਧਰ ਦਾ ਹੈ ਤੇ ਇਸ ਮੋਰਚੇ ਵਿਚ ਹਰਿਆਣਾ, ਉੱਤਰ ਪ੍ਰਦੇਸ਼, ਰਾਜਸਥਾਨ ਸਮੇਤ ਵੱਖ-ਵੱਖ ਰਾਜਾਂ ਦੀ ਸ਼ਮੂਲੀਅਤ ਹੈ। ਇਸ ਹਿਸਾਬ ਨਾਲ ਮੀਟਿੰਗ ਲਈ ਚੰਡੀਗੜ੍ਹ ਦਾ ਸਥਾਨ ਨਿਰਧਾਰਿਤ ਕਰਨਾ ਅਤੇ ਪੰਜਾਬ ਦੇ ਤਿੰਨ ਮੰਤਰੀਆਂ ਹਰਪਾਲ ਸਿੰਘ ਚੀਮਾ, ਗੁਰਮੀਤ ਸਿੰਘ ਖੁੱਡੀਆਂ ਅਤੇ ਲਾਲਚੰਦ ਕਟਾਰੂਚੱਕ ਦੀ ਇਸ ਮੀਟਿੰਗ ਵਿਚ ਸ਼ਮੂਲੀਅਤ ਨਾਲ ਸਵਾਲ ਖੜ੍ਹਾ ਹੁੰਦਾ ਹੈ ਕਿਉਂਕਿ ਕੇਂਦਰ ਸਰਕਾਰ ਵੱਲੋਂ ਮੀਟਿੰਗ ਲਈ ਦਿੱਲੀ ਦੀ ਥਾਂ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਚ ਮੀਟਿੰਗ ਕਰਨੀ ਅਤੇ ਦੇਸ਼ ਦੇ ਸਿਰਫ ਇਕ ਸੂਬੇ ਪੰਜਾਬ ਦੇ ਕੈਬਨਿਟ ਮੰਤਰੀਆਂ ਨੂੰ ਸ਼ਾਮਲ ਕਰਨ ਤੋਂ ਜ਼ਾਹਿਰ ਹੁੰਦਾ ਹੈ ਕਿ ਕੇਂਦਰ ਸਰਕਾਰ ਇਸ ਸੰਘਰਸ਼ ਨੂੰ ਸਿਰਫ ਇਕ ਸੂਬੇ ਤੱਕ ਸੀਮਤ ਕਰ ਦੇਣਾ ਚਾਹੁੰਦੀ ਹੈ। ਕਿਸਾਨ ਆਗੂਆਂ ਨੂੰ ਮੀਟਿੰਗ ਦਿੱਲੀ ਵਿਚ ਕਰਨ ਦੀ ਮੰਗ ਜ਼ੋਰਦਾਰ ਰੂਪ ਵਿਚ ਉਠਾਉਣੀ ਚਾਹੀਦੀ ਹੈ। ਵੈਸੇ ਵੀ ਪੰਜਾਬ ਸਰਕਾਰ ਕਿਸਾਨਾਂ ਅਤੇ ਕੇਂਦਰ ਸਰਕਾਰ ਦਰਮਿਆਨ ਮੀਟਿੰਗਾਂ ਦਾ ਹਿੱਸਾ ਤਾਂ ਬਣਦੀ ਹੈ ਪਰ ਸਿੱਧੇ ਤੌਰ 'ਤੇ ਕਿਸਾਨਾਂ ਦੇ ਪੱਖ ਵਿਚ ਖੜ੍ਹਣ ਤੋਂ ਟਾਲਾ ਵੱਟਦੀ ਹੈ। ਕਿਸਾਨਾਂ ਦੇ ਹੱਕ ਵਿਚ ਪਹਿਰਾ ਦੇਣ ਲਈ ਪੰਜਾਬ ਸਰਕਾਰ ਨੂੰ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾ ਕੇ ਕਿਸਾਨਾਂ ਦੀਆਂ ਮੰਗਾਂ ਦੇ ਹੱਕ ਵਿਚ ਅਤੇ ਕੇਂਦਰ ਸਰਕਾਰ



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਵੱਲੋਂ ਲਿਆਂਦੇ ਜਾ ਰਹੇ ਨਵੀਂ ਖੇਤੀ ਮੰਡੀਕਰਨ ਨੀਤੀ ਦੇ ਖਰੜੇ ਵਿਰੁੱਧ ਮਤਾ ਪਾਸ ਕਰਨਾ ਚਾਹੀਦਾ ਹੈ।

ਜਾਣਕਾਰੀ ਮਿਲੀ ਹੈ ਕਿ ਚੰਡੀਗੜ੍ਹ ਵਿਚ ਹੋਈਆਂ ਦੋਵਾਂ ਮੀਟਿੰਗਾਂ 'ਚ ਕਿਸਾਨ ਆਗੂਆਂ ਨੇ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਖਰੀਦੀਆਂ ਜਾਣ ਵਾਲੀਆਂ ਫ਼ਸਲਾਂ ਅਤੇ ਐੱਮਐੱਸਪੀ ਤੋਂ ਘੱਟ ਭਾਅ 'ਤੇ ਖਰੀਦੀਆਂ ਜਾਣ ਵਾਲੀਆਂ ਫ਼ਸਲਾਂ ਦੇ ਅੰਕੜੇ ਪੇਸ਼ ਕੀਤੇ। ਕਿਸਾਨ ਪੱਖੀ ਖੇਤੀ ਮਾਹਿਰ ਕਈ ਵਾਰ ਅੰਕੜਿਆਂ ਸਮੇਤ ਦੱਸ ਚੁੱਕੇ ਹਨ ਕਿ ਕੇਂਦਰ ਸਰਕਾਰ 25 ਤੋਂ 30 ਹਜ਼ਾਰ ਕਰੋੜ ਰੁਪਏ ਦੇ ਬਜਟ ਨਾਲ ਫ਼ਸਲਾਂ ਦੀ ਐੱਮਐੱਸਪੀ 'ਤੇ ਖਰੀਦ ਯਕੀਨੀ ਬਣਾ ਸਕਦੀ ਹੈ। ਪਰ ਹਕੀਕਤ ਇਹ ਹੈ ਕਿ ਫਸਲਾਂ 'ਤੇ ਐਮਐਸਪੀ ਦੇਣ ਦੇ ਰਸਤੇ ਤੁਰਨ ਦੀ ਬਜਾਏ ਕੇਂਦਰ ਸਰਕਾਰ ਨਿੱਜੀਕਰਨ ਦਾ ਰਾਹ ਅਖਤਿਆਰ ਕਰ ਚੁੱਕੀ ਹੈ। ਕੇਂਦਰ ਸਰਕਾਰ ਪੰਜਾਬ, ਹਰਿਆਣਾ ਵਰਗੇ ਸੂਬਿਆਂ ਦਾ ਮੰਡੀਕਰਨ ਢਾਂਚਾ ਤਹਿਸ-ਨਹਿਸ ਕਰ ਕੇ ਸਾਰਾ ਕੰਮ ਕਾਰਪੋਰੇਟ ਘਰਾਣਿਆਂ ਹਵਾਲੇ ਕਰਨ ਦਾ ਰਾਹ ਅਪਣਾ ਚੁੱਕੀ ਹੈ।

ਇਹ ਵੀ ਸੱਚ ਹੈ ਕਿ ਇਸ ਵਾਰ ਕਿਸਾਨ ਜਥੇਬੰਦੀਆਂ ਇਕਜੁੱਟ ਨਾ ਹੋਣ ਕਾਰਨ ਮੋਦੀ ਸਰਕਾਰ ਉੱਪਰ ਦਬਾਅ ਨਹੀਂ ਬਣ ਰਿਹਾ ਹੈ। ਖੇਤੀ ਕਾਨੂੰਨਾਂ ਖ਼ਿਲਾਫ 26 ਨਵੰਬਰ 2020 ਤੋਂ ਦਿੱਲੀ ਦੇ ਬਾਰਡਰਾਂ 'ਤੇ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਸਮੇਂ ਸਾਰੀਆਂ ਕਿਸਾਨ ਜਥੇਬੰਦੀਆਂ ਇਕਜੁੱਟ ਹੋਣ ਕਾਰਨ ਕੇਂਦਰ ਸਰਕਾਰ ਮੀਟਿੰਗਾਂ ਵੀ ਬਹੁਤ ਥੋੜ੍ਹੇ ਵਕਫੇ ਨਾਲ ਕਰਨ ਲਈ ਮਜਬੂਰ ਹੁੰਦੀ ਸੀ। ਕਿਸਾਨ ਜਥੇਬੰਦੀਆਂ ਵੱਲੋਂ ਇਕਜੁੱਟ ਹੋਣ ਦੇ ਮੰਤਵ ਨਾਲ ਕਈ ਵਾਰ ਆਪਸੀ ਮੀਟਿੰਗਾਂ ਕੀਤੀਆਂ ਗਈਆਂ ਪਰ ਅਜੇ ਤੱਕ ਇਕਜੁੱਟਤਾ ਨਾਲ ਸੰਘਰਸ਼ ਕਰਨਾ ਤਾਂ ਦੂਰ ਬਲਕਿ ਤਾਲਮੇਲਵੇਂ ਸੰਘਰਸ਼ ਲਈ ਵੀ ਕੋਈ ਸਹਿਮਤੀ ਨਹੀਂ ਬਣ ਸਕੀ। ਇਹੀ ਕਾਰਨ ਹੈ ਕਿ ਕਿਸਾਨ ਸੰਘਰਸ਼ ਚੱਲਦੇ ਹੋਣ ਦੇ ਬਾਵਜੂਦ ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਬਜਟ ਸੈਸ਼ਨ ਵਿਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦਾ ਕਰਜ਼ਾ ਮੁਆਫ ਕਰਨ ਦੀ ਕੋਈ ਯੋਜਨਾ ਨਹੀਂ ਲਿਆਂਦੀ ਗਈ। ਜਿਸਦਾ ਮਤਲਬ ਸਾਫ ਹੈ ਕਿ ਕੇਂਦਰ ਸਰਕਾਰ ਕਿਸਾਨ ਸੰਘਰਸ਼ ਨੂੰ ਅਣਗੌਲਿਆਂ ਕਰ ਰਹੀ ਹੈ।

ਕਿਸਾਨ ਜਥੇਬੰਦੀਆਂ ਦੀ ਇਕਜੁਟਤਾ ਨਾ ਹੋਣ ਕਾਰਨ ਸਥਿਤੀ ਇਹ ਹੈ ਕਿ ਕੇਂਦਰ ਸਰਕਾਰ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਸਮੇਂ ਮੰਨੀਆਂ ਮੰਗਾਂ ਵੀ ਲਾਗੂ ਕਰਨ ਤੋਂ ਇਨਕਾਰੀ ਹੈ। ਜਿਵੇਂ ਕਿ ਲਖੀਮਪੁਰ ਖੀਰੀ ਵਿਚ ਕਤਲ ਕੀਤੇ ਕਿਸਾਨਾਂ ਦੇ ਮਾਮਲੇ ਵਿਚ ਅਜੇ ਤੱਕ ਇਨਸਾਫ ਨਹੀਂ ਮਿਲਿਆ ਹੈ। ਕੇਂਦਰ ਸਰਕਾਰ ਨੇ ਵਿਸ਼ਵਾਸ ਦਿਵਾਇਆ ਸੀ ਕਿ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਖ਼ਿਲਾਫ ਦਰਜ ਸਾਰੇ ਪੁਲਿਸ ਕੇਸ ਵਾਪਸ ਲਏ ਜਾਣਗੇ ਪਰ ਪਿਛਲੇ ਦੋ ਸਾਲਾਂ ਵਿਚ ਕੇਸ ਵਾਪਸ ਲੈਣਾ ਤਾਂ ਦੂਰ ਉਲਟਾ ਕੁੱਝ ਕਿਸਾਨ ਆਗੂਆਂ ਨੂੰ ਅਦਾਲਤੀ ਕੇਸਾਂ ਅਤੇ ਸੰਮਨਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨਾਲ ਮੀਟਿੰਗਾਂ ਦਾ ਸਿਲਸਿਲਾ ਵੀ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਵੱਲੋਂ ਰੱਖੇ ਮਰਨ ਵਰਤ ਦੇ ਦਬਾਅ ਕਾਰਨ ਹੀ ਸ਼ੁਰੂ ਹੋਇਆ ਸੀ। ਇਸੇ ਵਰ੍ਹੇ ਦੀ 18 ਜਨਵਰੀ ਨੂੰ ਅੰਦੋਲਨ ਵਾਲੀ ਜਗ੍ਹਾ ਪਹੁੰਚ ਕੇ ਕੇਂਦਰੀ ਖੇਤੀਬਾੜੀ ਮੰਤਰਾਲੇ ਦੇ ਸੰਯੁਕਤ ਸਕੱਤਰ ਪ੍ਰਿਆ ਰੰਜਨ ਦੀ ਅਗਵਾਈ ਹੇਠਲੇ ਵਫ਼ਦ ਨੇ ਕੇਂਦਰ ਸਰਕਾਰ ਦੀ ਤਰਫੋਂ ਕਿਸਾਨਾਂ ਨੂੰ ਮੀਟਿੰਗ ਦਾ ਸਮਾਂ ਦਿੱਤਾ ਸੀ। ਲੋਕਾਂ ਵਿਚ ਇਹ ਚਰਚਾ ਵੀ ਚੱਲ ਰਹੀ ਹੈ ਕਿ ਕਿਸਾਨ ਆਗੂ ਡੱਲੇਵਾਲ ਨੂੰ ਮਰਨ ਵਰਤ ਖਤਮ ਕਰ ਦੇਣਾ ਚਾਹੀਦਾ ਹੈ ਕਿਉਂਕਿ ਕੇਂਦਰ ਸਰਕਾਰ ਵੱਲੋਂ ਮੀਟਿੰਗ ਲਈ ਸਮਾਂ ਦੇਣ 'ਤੇ ਕਿਸਾਨ ਆਗੂ ਡੱਲੇਵਾਲ ਨੇ ਮੈਡੀਕਲ ਸਹੂਲਤ ਲੈਣ ਦੀ ਹਾਮੀ ਭਰ ਦਿੱਤੀ ਸੀ। ਹੁਣ ਉਹ ਮੈਡੀਕਲ ਸਹੂਲਤ ਰਾਹੀਂ ਜੀਵਤ ਰਹਿ ਰਹੇ ਹਨ।

ਐਮਐਸਪੀ ਤਹਿਤ ਖਰੀਦ ਯਕੀਨੀ ਬਣਾਉਣ ਦੀ ਮੰਗ ਵਾਤਾਵਰਨ ਲਈ ਵੀ ਸਹਾਈ ਸਿੱਧ ਹੋ ਸਕਦੀ ਹੈ ਕਿਉਂਕਿ ਪੰਜਾਬ, ਹਰਿਆਣਾ ਦੀ ਭਲਾਈ ਫਸਲੀ ਵਭਿੰਨਤਾ ਵਿਚ ਹੀ ਹੈ। ਜੇਕਰ ਉੱਤਰੀ ਭਾਰਤ ਵਿਚ ਮੱਕੀ, ਮੂੰਗੀ, ਆਲੂ ਸਮੇਤ ਦਾਲਾਂ ਤੇ ਸਬਜ਼ੀਆਂ ਦੀ ਕਾਸ਼ਤ ਹੁੰਦੀ ਹੈ ਤਾਂ ਇਸ ਨਾਲ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਲਈ ਕੰਮ ਦੇ ਨਵੇਂ ਰਾਹ ਖੁੱਲ੍ਹ ਸਕਦੇ ਹਨ। ਕਣਕ-ਝੋਨੇ ਦੇ ਫਸਲੀ ਚੱਕਰ ਅਤੇ ਖੇਤੀ ਖੇਤਰ ਵਿਚ ਥੋਪੇ ਬੇਲੋੜੇ ਮਸ਼ੀਨੀਕਰਨ ਨੇ ਖੇਤ ਮਜ਼ਦੂਰਾਂ ਦਾ ਵੱਡਾ ਹਿੱਸਾ ਖੇਤੀ ਖੇਤਰ ਵਿਚੋਂ ਬਾਹਰ ਕਰ ਦਿੱਤਾ ਹੈ, ਜੇਕਰ ਹੁਣ ਸਬਜ਼ੀਆਂ ਤੇ ਦਾਲਾਂ ਦੀ ਕਾਸ਼ਤ ਹੋਵੇਗੀ ਤਾਂ ਖੇਤੀ ਖੇਤਰ ਵਿਚ ਖੇਤ ਮਜ਼ਦੂਰਾਂ ਲਈ ਕੰਮ ਵਧ ਸਕਦਾ ਹੈ।

ਸੋ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗੀ ਕਿ ਕਿਸਾਨ ਜਥੇਬੰਦੀਆਂ ਵਿਚ ਏਕੇ ਦੀ ਘਾਟ ਕਾਰਨ ਕੇਂਦਰ ਸਰਕਾਰ ਕਿਸਾਨ ਸੰਘਰਸ਼ ਨੂੰ ਅਣਗੌਲਿਆਂ ਕਰ ਰਹੀ ਹੈ ਅਤੇ ਜਾਇਜ਼ ਮੰਗਾਂ ਵੀ ਮੰਨਣ ਦੀ ਬਜਾਏ ਮੀਟਿੰਗਾਂ ਰਾਹੀਂ ਮਾਮਲੇ ਨੂੰ ਲਟਕਾ ਰਹੀ ਹੈ। ਕਿਸਾਨ ਜਥੇਬੰਦੀਆਂ ਨੂੰ ਚਾਹੀਦਾ ਹੈ ਕਿ ਜਦ ਤੱਕ ਇਕ ਮੰਚ 'ਤੇ ਇਕੱਤਰਤਾ ਨਹੀਂ ਹੁੰਦੀ ਤਦ ਤੱਕ ਘੱਟੋ-ਘੱਟ ਸਹਿਮਤੀ ਦੇ ਆਧਾਰ 'ਤੇ ਤਾਲਮੇਲਵਾਂ ਸੰਘਰਸ਼ ਕਰਨਾ ਚਾਹੀਦਾ ਹੈ।

# ਮਹਾਕੁੰਭ ਦੌਰਾਨ ਭਗਵਾ ਹਕੂਮਤ ਦਾ ਹਿੰਦੂ ਸ਼ਰਧਾ ਨਾਲ ਮਹਾਂ ਖਿਲਵਾੜ

***ਉੱਤਰ ਪ੍ਰਦੇਸ਼ ਦੇ 'ਪ੍ਰਯਾਗਰਾਜ' ਵਿਚ 13 ਜਨਵਰੀ ਤੋਂ ਜੋ 'ਮਹਾਕੁੰਭ' ਚੱਲ ਰਿਹਾ ਸੀ ਉਹ 26 ਫਰਵਰੀ ਨੂੰ ਸਮਾਪਤ ਹੋ ਗਿਆ। ਇਹ ਸਤਰਾਂ ਲਿਖੇ ਜਾਣ ਤੱਕ ਰਾਜ ਸਰਕਾਰ ਦੇ ਅੰਕੜਿਆਂ ਅਨੁਸਾਰ ਤਕਰੀਬਨ 58 ਕਰੋੜ ਲੋਕ 'ਪਵਿੱਤਰ ਇਸ਼ਨਾਨ' ਕਰ ਚੁੱਕੇ ਹਨ।***

ਭਗਵਾ ਹਕੂਮਤ ਵੱਲੋਂ 'ਕੁੰਭ ਇਸ਼ਨਾਨ' ਦੇ ਹਿੰਦੂ ਵਿਸ਼ਵਾਸ ਦਾ ਰਾਜਨੀਤਕ ਲਾਹਾ ਲੈਣ ਲਈ ਇਸ ਵਾਰ 'ਮਹਾਕੁੰਭ' ਨੂੰ ਬਹੁਤ ਜ਼ਿਆਦਾ ਧੂਮ-ਧੜੱਕੇ ਨਾਲ ਆਯੋਜਤ ਕੀਤਾ ਗਿਆ। ਸਰਕਾਰੀ ਖ਼ਜ਼ਾਨੇ ਦਾ ਪੈਸਾ ਸਿਹਤ, ਪੌਣ-ਪਾਣੀ ਦੀ ਸ਼ੁੱਧੀ ਅਤੇ ਸਿੱਖਿਆ ਦੇ ਢਾਂਚੇ ਨੂੰ ਸੁਧਾਰਨ ਉੱਪਰ ਖਰਚ ਕੇ ਆਮ ਲੋਕਾਂ ਨੂੰ ਕੋਈ ਰਾਹਤ ਦੇਣ ਦੀ ਬਜਾਏ ਅੰਨ੍ਹੀ ਸ਼ਰਧਾ ਨੂੰ ਜ਼ਰਬਾਂ ਦੇਣ ਅਤੇ ਆਪਣਾ ਹਿੰਦੂ ਰੱਖਿਅਕ ਦਾ ਅਕਸ ਪੱਕਾ ਕਰਨ ਉੱਪਰ ਪਾਣੀ ਵਾਂਗ ਰੋੜ੍ਹ ਦਿੱਤਾ ਗਿਆ। ਕੁੰਭ ਦਾ ਗੁਣਗਾਣ ਕਰਦਿਆਂ ਮਿਸਟਰ ਮੋਦੀ ਨੇ ਬੜ੍ਹਕ ਮਾਰੀ ਕਿ 'ਕੁੰਭ ਲੋਕਾਂ ਨੂੰ ਸਮਾਜਿਕ ਸ਼ਕਤੀ ਹੀ ਨਹੀਂ ਸਗੋਂ ਆਰਥਕ ਤਾਕਤ ਵੀ ਦਿੰਦਾ ਹੈ'। ਮਹਾਕੁੰਭ ਲਈ ਸਰਕਾਰੀ ਖ਼ਰਚ ਨੂੰ ਜਾਇਜ਼ ਠਹਿਰਾਉਂਦਿਆਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਦਿੱਤਿਆਨਾਥ ਨੇ ਦਾਅਵਾ ਕੀਤਾ ਕਿ 'ਜੇ 7500 ਕਰੋੜ ਰੁਪਏ

**ਬੂਟਾ ਸਿੰਘ ਮਹਿਮੂਦਪੁਰ**

ਨਾਲ 3.5 ਲੱਖ ਕਰੋੜ ਰੁਪਏ ਦੀ ਆਰਥਿਕ ਸਰਗਰਮੀ ਪੈਦਾ ਕੀਤੀ ਜਾ ਸਕਦੀ ਹੈ, ਕੀ ਇਹ ਸਿਆਣਪ ਵਾਲਾ ਪੂੰਜੀਨਿਵੇਸ਼ ਨਹੀਂ ਹੈ?' ਇਸ ਤਰ੍ਹਾਂ ਵੱਡੇ-ਵੱਡੇ ਦਾਅਵੇ ਕੀਤੇ ਗਏ ਅਤੇ ਕੁੰਭ ਇਸ਼ਨਾਨ ਲਈ ਪਹੁੰਚਣ ਵਾਲੇ ਅੰਦਾਜ਼ਨ 45 ਕਰੋੜ ਸ਼ਰਧਾਲੂਆਂ ਦੀ ਸਹੂਲਤ ਲਈ ਵੱਡੇ-ਵੱਡੇ ਪ੍ਰੋਜੈਕਟ ਸ਼ੁਰੂ ਕਰਨ ਦੇ ਐਲਾਨ ਕੀਤੇ ਗਏ। ਜਿਨ੍ਹਾਂ ਵਿਚ ਨਦੀਆਂ ਦੇ ਪਾਣੀ ਨੂੰ ਨਹਾਉਣ ਯੋਗ ਬਣਾਉਣ ਲਈ ਸੀਵਰੇਜ ਸ਼ੁੱਧੀਕਰਨ ਪਲਾਂਟ ਵੀ ਸਨ।

7500 ਕਰੋੜ ਖ਼ਰਚਣ ਦੇ ਦਾਅਵਿਆਂ ਦੀ ਫੂਕ ਓਦੋਂ ਨਿੱਕਲ ਗਈ ਜਦੋਂ ਅਲਾਹਾਬਾਦ ਦੇ ਸੰਗਮ ਵਿਖੇ ਮੌਨੀ ਮੱਸਿਆ ਮੌਕੇ ਇਕ ਦੂਜੇ ਤੋਂ ਅੱਗੇ ਹੋ ਕੇ 'ਡੁਬਕੀ ਲਾਉਣ' ਲਈ ਮਚੀ ਭਗਦੜ ਵਿਚ ਅਣਗਿਣਤ ਲੋਕ ਮਾਰੇ ਗਏ। ਮਾਰੇ ਗਿਆਂ ਦੀ ਸਹੀ ਗਿਣਤੀ ਅਤੇ ਭਗਦੜ ਦੀ ਵਿਆਪਕਤਾ ਕਦੇ ਵੀ ਪਤਾ ਨਹੀਂ ਲੱਗੇਗੀ ਕਿਉਂਕਿ ਅਦਿੱਤਿਆਨਾਥ ਸਰਕਾਰ ਵੱਲੋਂ ਆਪਣੀ ਮੁਜਰਮਾਨਾ ਪ੍ਰਸ਼ਾਸਨਿਕ ਬਦਇੰਤਜ਼ਾਮੀ ਅਤੇ ਕੋਤਾਹੀ ਉੱਪਰ ਪਰਦਾ ਪਾਉਣ ਲਈ ਪੂਰੀ ਤਾਕਤ ਝੋਕ ਦਿੱਤੀ ਗਈ। ਅਦਿੱਤਿਆਨਾਥ ਨੇ ਭਗਦੜ ਨਾਲ ਮੌਤਾਂ ਨੂੰ ਅਫ਼ਵਾਹਾਂ ਕਹਿ ਕੇ ਦਬਾਉਣ ਦੀ ਕੋਸ਼ਿਸ਼ ਕੀਤੀ। ਜ਼ਮੀਨੀ ਰਿਪੋਰਟ ਕਰਨ ਵਾਲੇ ਪੱਤਰਕਾਰਾਂ ਵੱਲੋਂ ਜੋ ਮੌਕੇ ਦੇ ਦਰਦਨਾਕ ਹਾਲਾਤ, ਚਸ਼ਮਦੀਦ ਗਵਾਹਾਂ ਅਤੇ ਮਾਰੇ ਜਾਂ ਜ਼ਖ਼ਮੀ ਹੋਏ ਵਿਅਕਤੀਆਂ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਅਤੇ ਬਦਇੰਤਜ਼ਾਮੀ ਦੇ ਮੰਜ਼ਰ ਦੇ ਲਾਈਵ ਪ੍ਰਸਾਰਣ ਕੀਤੇ ਗਏ, ਉਨ੍ਹਾਂ ਅੱਗੇ ਇਹ ਝੂਠ ਕੁਝ ਘੰਟੇ ਵੀ ਟਿਕ ਨਾ ਸਕਿਆ ਅਤੇ ਯੋਗੀ ਸਰਕਾਰ ਨੂੰ ਮੌਤਾਂ ਦੀ ਹਕੀਕਤ ਮੰਨਣੀ ਪਈ। ਇਨ੍ਹਾਂ ਮੌਤਾਂ ਦੀ ਪੀੜਾ ਅਜੇ ਮੱਠੀ ਨਹੀਂ ਪਈ ਕਿ ਹੁਣ ਸੀਪੀਸੀਬੀ (ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ) ਦੀ ਰਿਪੋਰਟ ਨੇ ਅਦਿੱਤਿਆਨਾਥ ਸਰਕਾਰ ਸਮੇਤ ਸੰਘ ਹੁਕਮਰਾਨਾਂ ਲਈ ਨਵੀਂ ਸਿਰਦਰਦੀ ਖੜ੍ਹੀ ਕਰ ਦਿੱਤੀ ਹੈ। ਉਨ੍ਹਾਂ ਦਾ 'ਹਿੰਦੂ ਹਿਰਦੈ ਸਮਰਾਟ' ਦਾ ਸਵੈ-ਸਿਰਜਿਆ ਅਕਸ ਖ਼ੁਰਨਾ ਸ਼ੁਰੂ ਹੋ ਗਿਆ ਹੈ।

ਸਾਂਝੀ ਸੱਭਿਆਚਾਰਕ ਵਿਰਾਸਤ ਦੀ ਹੋਂਦ ਮਿਟਾਉਣ ਤੁਰੇ ਸੰਘ ਬ੍ਰਿਗੇਡ ਨੇ ਥਾਵਾਂ ਦੇ ਨਾਮ ਬਦਲਣ ਦੀ ਫਿਰਕੂ ਸਿਆਸਤ ਤਹਿਤ ਅਲਾਹਾਬਾਦ ਨੂੰ ਪ੍ਰਯਾਗਰਾਜ ਦਾ ਨਵਾਂ ਨਾਮ ਤਾਂ ਦੇ ਦਿੱਤਾ ਪਰ ਹਿੰਦੂ ਧਾਰਮਿਕ ਭਾਵਨਾਵਾਂ ਭੜਕਾਉਣ ਦੀ ਆੜ 'ਚ ਹਿੰਦੂਆਂ ਨੂੰ ਧੋਖਾ ਦੇਣ 'ਚ ਕੋਈ ਕਸਰ ਨਹੀਂ ਛੱਡੀ। ਸੀਪੀਸੀਬੀ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ 'ਪ੍ਰਯਾਗਰਾਜ' ਦੇ ਪਾਣੀ ਦੇ ਨਮੂਨਿਆਂ 'ਚ ਮਨੁੱਖੀ ਗੰਦਗੀ ਦੇ ਜੀਵਾਣੂ ਉਸ ਤੋਂ ਕਿਤੇ ਜ਼ਿਆਦਾ ਮਾਤਰਾ 'ਚ ਮਿਲੇ ਹਨ ਜਿੰਨੇ ਸਿਹਤਮੰਦ ਮਿਆਰ ਅਨੁਸਾਰ ਹੋਣੇ ਚਾਹੀਦੇ ਹਨ। ਪਾਣੀ ਐਨਾ ਦੂਸ਼ਿਤ ਹੈ ਜੋ ਕਿਸੇ ਵੀ ਤਰ੍ਹਾਂ ਨਹਾਉਣ ਦੇ ਯੋਗ ਨਹੀਂ ਹੈ। ਇਸੇ ਸਿਲਸਿਲੇ 'ਚ ਐਨਜੀਟੀ (ਨੈਸ਼ਨਲ ਗਰੀਨ ਟ੍ਰਿਬਿਊਨਲ) ਨੇ ਯੂਪੀਪੀਸੀਬੀ (ਉੱਤਰ ਪ੍ਰਦੇਸ਼ ਪ੍ਰਦੂਸ਼ਣ ਕੰਟਰੋਲ ਬੋਰਡ) ਨੂੰ ਜਵਾਬ ਤਲਬੀ ਲਈ ਸੱਦ ਲਿਆ ਹੈ ਕਿ 'ਪ੍ਰਯਾਗਰਾਜ/ਅਲਾਹਾਬਾਦ' ਵਿਚ ਗੰਗਾ, ਜਮੁਨਾ ਦੇ ਪਾਣੀ ਦੀ ਕੁਆਲਿਟੀ ਦੀ ਉਲੰਘਣਾ ਬਾਬਤ ਜੋ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਸਨ, ਉਨ੍ਹਾਂ ਉੱਪਰ ਅਮਲ ਕਿਉਂ ਨਹੀਂ ਕੀਤਾ ਗਿਆ।' ਐਨਜੀਟੀ ਨੇ ਯੂਪੀਪੀਸੀਬੀ ਦੀ ਇਹ ਵੀ ਆਲੋਚਨਾ ਕੀਤੀ ਹੈ ਕਿ ਉਨ੍ਹਾਂ ਵੱਲੋਂ ਜੋ ਰਿਪੋਰਟ ਪੇਸ਼ ਕੀਤੀ ਗਈ, ਉਸਦੇ ਨਮੂਨੇ ਪੁਰਾਣੇ ਹਨ ਅਤੇ ਉਹ ਸਾਰੇ 12 ਜਨਵਰੀ ਤੋਂ ਪਹਿਲੇ ਯਾਨੀ ਕੁੰਭ ਮੇਲਾ ਸ਼ੁਰੂ ਹੋਣ ਤੋਂ ਪਹਿਲੇ ਹਨ। 'ਪ੍ਰਯਾਗਰਾਜ' ਵਿਚ ਗੰਗਾ ਅਤੇ ਯਮੁਨਾ ਵਿਚ ਅਣਸੋਧਿਆ ਸੀਵਰੇਜ ਪਾਉਣ ਦੇ ਮਸਲੇ ਦੀ ਸੁਣਵਾਈ ਕਰਦੇ ਹੋਏ ਐਨਜੀਟੀ ਨੇ ਆਪਣਾ





ਇਹ ਦੋਸ਼ ਦੁਹਰਾਇਆ ਹੈ ਕਿ ਮਹਾਕੁੰਭ ਵਿਚ ਉਨ੍ਹਾਂ ਨੂੰ ਕਈ ਥਾਵਾਂ ਉੱਪਰ ਪਾਣੀ ਦੀ ਜਾਂਚ ਵਿਚ ਮਨੁੱਖੀ ਗੰਦਗੀ ਸਬੰਧੀ ਜੀਵਾਣੂ (ਬੈਕਟੀਰੀਆ) ਅਤੇ ਟੋਟਲ ਕਾਲੀਫਾਰਮ ਦੇ ਤੱਤ ਮਿਲੇ ਹਨ। ਕਾਲੀਫਾਰਮ ਜੀਵਾਣੂ ਬਹੁਤ ਸਾਰੇ ਜੀਵਾਣੂਆਂ ਦਾ ਸਮੂਹ ਹੈ, ਇਹ ਮਨੁੱਖਾਂ ਅਤੇ ਜਾਨਵਰਾਂ ਦੀਆਂ ਆਂਦਰਾਂ ਅਤੇ ਮਲ ਵਿਚ ਪਾਇਆ ਜਾਂਦਾ ਹੈ। ਜਦੋਂ ਇਹ ਸਰੀਰ ਦੇ ਅੰਦਰ ਹੁੰਦਾ ਹੈ ਤਾਂ ਨੁਕਸਾਨਦੇਹ ਨਹੀਂ ਹੁੰਦਾ ਪਰ ਪਾਣੀ ਵਿਚ ਮਿਲਣ ਤੋਂ ਬਾਅਦ ਜੀਵਾਣੂ ਖ਼ਤਰਨਾਕ ਹੋ ਜਾਂਦਾ ਹੈ।

ਸੀਪੀਸੀਬੀ ਵੱਲੋਂ 3 ਫਰਵਰੀ ਨੂੰ ਐਨਜੀਟੀ ਨੂੰ ਜੋ ਰਿਪੋਰਟ ਸੌਂਪੀ ਗਈ ਸੀ ਜਿਸ ਵਿਚ ਕਿਹਾ ਗਿਆ ਕਿ ਗੰਗਾ-ਯਮੁਨਾ ਦੇ ਪਾਣੀ ਵਿਚ ਤੈਅ ਮਿਆਰਾਂ ਤੋਂ ਕਈ ਗੁਣਾ ਜ਼ਿਆਦਾ ਫੀਕਲ ਕਾਲੀਫਾਰਮ ਜੀਵਾਣੂ ਮਿਲੇ ਹਨ। ਇਸ ਤੋਂ ਬੌਖਲਾਈ ਅਦਿੱਤਿਆਨਾਥ ਸਰਕਾਰ ਨੇ ਯੂਪੀਪੀਸੀਬੀ ਉੱਪਰ ਆਪਣੇ ਪੱਖੀ ਰਿਪੋਰਟ ਬਣਾਉਣ ਲਈ ਦਬਾਅ ਪਾਇਆ, ਜਿਸ ਨੇ ਅਦਿੱਤਿਆਨਾਥ ਸਰਕਾਰ ਵੱਲੋਂ ਸ਼ਰਧਾਲੂਆਂ ਨਾਲ ਕੀਤੇ ਖਿਲਵਾੜ ਨੂੰ ਲੁਕੋਣ ਲਈ 18 ਫਰਵਰੀ ਨੂੰ ਇਕ ਨਵੀਂ ਰਿਪੋਰਟ ਪੇਸ਼ ਕੀਤੀ ਜਿਸ ਵਿਚ ਸੀਪੀਸੀਬੀ ਦੀ ਰਿਪੋਰਟ ਨੂੰ ਖਾਰਜ ਕੀਤਾ ਗਿਆ। ਇਸ ਉੱਪਰ ਤਿੱਖੀ ਟਿੱਪਣੀ ਕਰਦੇ ਹੋਏ ਐਨਜੀਟੀ ਨੇ ਯੂਪੀਪੀਸੀਬੀ ਤੋਂ ਨਵੀਂ ਰਿਪੋਰਟ ਮੰਗੀ ਹੈ। ਅਗਲੀ ਸੁਣਵਾਈ 28 ਫਰਵਰੀ ਨੂੰ ਹੋਵੇਗੀ।

ਆਰਐੱਸਐੱਸ-ਭਾਜਪਾ ਦੀ ਖ਼ਸਲਤ ਅਨੁਸਾਰ ਅਦਿੱਤਿਆਨਾਥ ਕੋਲ ਹਰ ਸਵਾਲ ਅਤੇ ਦੋਸ਼ ਦਾ ਜਵਾਬ ਹਮੇਸ਼ਾ ਸਾਫ਼ ਮੁੱਕਰਨਾ ਹੀ ਹੁੰਦਾ ਹੈ। ਹੁਣ ਵੀ ਉਸਨੇ ਵਿਧਾਨ ਸਭਾ ਦੇ ਅੰਦਰ ਸੀਪੀਸੀਬੀ ਦੀ ਰਿਪੋਰਟ ਰੱਦ ਕਰ ਦਿੱਤੀ ਹੈ ਅਤੇ ਹਿੱਕ ਠੋਕ ਕੇ ਦਾਅਵਾ ਕੀਤਾ ਹੈ ਕਿ ਗੰਗਾ-ਯਮੁਨਾ ਦਾ ਪਾਣੀ 'ਸਿਰਫ਼ ਨਹਾਉਣ ਯੋਗ ਹੀ ਨਹੀਂ ਹੈ ਇਹ ਤਾਂ ਪੀਣ ਯੋਗ ਵੀ ਹੈ।' ਅਸਲ ਮਸਲੇ ਤੋਂ ਧਿਆਨ ਭਟਕਾਉਣ ਲਈ ਅਦਿੱਤਿਆਨਾਥ ਨੇ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਦੀ ਘਿਣਾਉਣੀ ਖੇਡ ਸ਼ੁਰੂ ਕਰ ਦਿੱਤੀ ਹੈ। ਉਸਨੇ ਦੋਸ਼ ਲਾਇਆ ਹੈ ਕਿ 'ਸਨਾਤਨ ਧਰਮ ਦੇ ਵਿਰੋਧੀਆਂ' ਤੋਂ ਮਹਾਕੁੰਭ ਦੀ ਸ਼ਾਨੋ-ਸ਼ੌਕਤ ਝੱਲੀ ਨਹੀਂ ਜਾ ਰਹੀ, ਉਹ 'ਸਨਾਤਨ ਧਰਮ ਦੇ ਖ਼ਿਲਾਫ਼ ਸੁਪਾਰੀ ਲੈ ਕੇ ਸਾਜ਼ਿਸ਼ ਤਹਿਤ' ਨਵੇਂ ਤੋਂ ਨਵੇਂ ਝੂਠ ਘੜ ਰਹੇ ਹਨ। ਉਸਨੇ ਦਾਅਵਾ ਕੀਤਾ ਕਿ ਜਲ ਸ਼ੁੱਧੀਕਰਨ ਦਾ ਪ੍ਰਬੰਧ ਸਹੀ ਤਰੀਕੇ ਨਾਲ ਕੰਮ ਕਰ ਰਿਹਾ ਹੈ, ਸੰਗਮ ਅਤੇ ਨੇੜੇ-ਤੇੜੇ ਦੇ ਸਾਰੇ ਨਾਲਿਆਂ ਦੇ ਪਾਣੀ ਨੂੰ ਟੈਪ ਕਰ ਕੇ ਅਤੇ ਸ਼ੁੱਧ ਕਰ ਕੇ ਹੀ ਛੱਡਿਆ ਜਾ ਰਿਹਾ ਹੈ। ਇਸ ਸਮੇਂ ਪ੍ਰਯਾਗਰਾਜ ਵਿਚ ਫੀਕਲ ਕਾਲੀਫਾਰਮ ਜੀਵਾਣੂ ਦਾ ਪੱਧਰ ਪ੍ਰਤੀ 100 ਮਿਲੀਲੀਟਰ ਵਿਚ 2500 ਤੋਂ ਘੱਟ ਹੈ। ਉਸ ਮੁਤਾਬਿਕ ਸਿਰਫ਼ ਮਹਾਕੁੰਭ ਦਾ ਅਕਸ ਵਿਗਾੜਨ ਦੀ ਕੋਸ਼ਿਸ਼ 'ਚੋਂ ਗ਼ਲਤ ਪ੍ਰਚਾਰ ਕੀਤਾ ਜਾ ਰਿਹਾ ਹੈ।

ਨਿਰਸੰਦੇਹ, ਵਿਰੋਧੀ-ਧਿਰ, ਕਾਂਗਰਸ ਅਤੇ ਸਮਾਜਵਾਦੀ ਪਾਰਟੀ, ਦੇ ਆਗੂ ਇਸ ਮੁੱਦੇ ਨੂੰ ਸਿਆਸੀ ਲਾਹਾ ਲੈਣ ਲਈ ਉਛਾਲ ਰਹੇ ਹਨ, ਪਰ ਭਾਰਤ ਦੇ ਕੇਂਦਰੀ ਅਦਾਰੇ ਤਾਂ 'ਸਨਾਤਨ ਧਰਮ' ਦੀ ਪੈਰੋਕਾਰ ਆਰਐੱਸਐੱਸ-ਭਾਜਪਾ ਸਰਕਾਰ ਦੇ ਅਧੀਨ ਹਨ, ਉਨ੍ਹਾਂ ਦੀਆਂ ਰਿਪੋਰਟਾਂ ਉੱਪਰ ਤਾਂ ਅਦਿੱਤਿਆਨਾਥ ਦੀ ਇਹ ਦਲੀਲ ਲਾਗੂ ਹੀ ਨਹੀਂ ਹੋ ਸਕਦੀ। ਇਨ੍ਹਾਂ ਅਦਾਰਿਆਂ ਨੇ ਕੁੰਭ ਮੇਲੇ ਦੌਰਾਨ ਸ਼ਰੰਗਬੇਰਪੁਰ ਘਾਟ, ਲਾਰਡ ਕਰਜਨ ਬਰਿੱਜ, ਨਾਗਾਵਾਸੁਕੀ ਮੰਦਰ, ਦੀਹਾ ਘਾਟ, ਨੈਨੀ ਬਰਿੱਜ ਅਤੇ ਸੰਗਮ ਖੇਤਰ ਤੋਂ ਬਾਕਾਇਦਗੀ ਨਾਲ ਪਾਣੀ ਦੇ ਨਮੂਨੇ ਲਏ ਸਨ। ਦੀਹਾ ਘਾਟ ਅਤੇ ਪੁਰਾਣੇ ਨੈਨੀ ਬਰਿੱਜ ਕੋਲੋਂ ਲਏ ਗਏ ਨਮੂਨਿਆਂ ਵਿਚ 100 ਮਿਲੀਲੀਟਰ ਪਾਣੀ ਵਿਚ ਮਨੁੱਖੀ ਗੰਦਗੀ 'ਚ ਪੈਦਾ ਹੋਣ ਵਾਲੇ ਜੀਵਾਣੂ 13000 ਐੱਮਪੀਐੱਨ ਮਿਲੇ। ਰਿਪੋਰਟ ਵਿਚ ਫੀਕਲ ਕਾਲੀਫਾਰਮ ਬੈਕਟਰੀਆ ਹੀ ਨਹੀਂ ਸਗੋਂ ਕਿਸੇ ਵੀ ਮਿਆਰ ਅਨੁਸਾਰ ਇਨ੍ਹਾਂ ਥਾਵਾਂ ਦਾ ਪਾਣੀ ਨਹਾਉਣ ਦੇ ਯੋਗ ਨਹੀਂ ਮਿਲਿਆ। ਇਸ ਤੋਂ ਸਾਹਮਣੇ ਆਇਆ ਕਿ ਸੀਵਰੇਜ ਦੇ ਪਾਣੀ ਨੂੰ ਸ਼ੁੱਧ ਕਰਨ ਲਈ ਲਾਏ ਪਲਾਂਟ ਕੰਮ ਨਹੀਂ ਕਰ ਰਹੇ ਸਨ। ਇਹ ਤੈਅ ਸੀ ਕਿ ਉਨ੍ਹਾਂ ਦੀ ਸਮਰੱਥਾ ਗੰਗਾ-ਯਮੁਨਾ ਦੇ ਪਾਣੀ ਨੂੰ ਨਹਾਉਣ ਯੋਗ ਬਣਾਉਣ ਦੇ ਸਮਰੱਥ ਨਹੀਂ ਸੀ। ਐਮਰਜੈਂਸੀ ਕਦਮ ਚੁੱਕਣ ਲਈ ਨਾ ਢੌਂਗੀ ਸੰਘ-ਭਾਜਪਾ ਕੋਲ ਈਮਾਨਦਾਰੀ ਹੈ ਅਤੇ ਨਾ ਅਜਿਹੀ ਇੱਛਾ ਸ਼ਕਤੀ।

ਪ੍ਰਦੂਸ਼ਿਤ ਪਾਣੀ ਦੀਆਂ ਰਿਪੋਰਟਾਂ ਨੂੰ ਰੱਦ ਕਰਨ ਲਈ ਇਹ ਵੀ ਕਿਹਾ ਜਾ ਰਿਹਾ ਹੈ ਕਿ ਉੱਥੇ ਕੋਈ ਲੋਕ ਬੀਮਾਰ ਤਾਂ ਹੋ ਨਹੀਂ ਰਹੇ, ਇਸਦਾ ਮਤਲਬ ਪਾਣੀ ਦੀ ਕੁਆਲਿਟੀ ਸਹੀ ਹੈ। ਹਕੀਕਤ ਇਹ ਹੈ ਕਿ ਲੋਕ ਇਸ਼ਨਾਨ ਕਰ ਕੇ ਆਪੋ ਆਪਣੇ ਘਰਾਂ ਨੂੰ ਚਲੇ ਜਾਂਦੇ ਹਨ, ਉਨ੍ਹਾਂ ਨੂੰ ਬੈਕਟੀਰੀਆ ਕਾਰਨ ਜੇਕਰ ਕੋਈ ਸਮੱਸਿਆ ਆਵੇਗੀ ਤਾਂ ਉਹ ਆਮ ਤੌਰ 'ਤੇ ਆਪਣੇ ਘਰੀਂ ਜਾ ਕੇ ਆਵੇਗੀ। ਅਜਿਹੇ ਲੋਕਾਂ ਦਾ ਕੋਈ ਸਰਵੇਖਣ ਤਾਂ ਹੋ ਨਹੀਂ ਸਕਦਾ ਕਿ ਕਿੰਨੇ ਲੋਕ ਬੀਮਾਰ ਹੋਏ ਅਤੇ ਉਨ੍ਹਾਂ ਨੂੰ ਕਿਸ ਤਰ੍ਹਾਂ ਦੀਆਂ ਸਮੱਸਿਆਵਾਂ ਆਈਆਂ। ਸੋ ਅਦਿੱਤਿਆਨਾਥ ਵਰਗੇ ਢੌਂਗੀਆਂ ਕੋਲ ਜਵਾਬਦੇਹੀ ਤੋਂ ਬਚਣ ਦਾ ਚੰਗਾ ਬਹਾਨਾ ਹੈ।

ਇਹ ਹਕੀਕਤ ਜੱਗ ਜ਼ਾਹਰ ਹੈ ਕਿ ਭਾਰਤ ਦੀਆਂ ਨਦੀਆਂ ਅਤੇ ਹੋਰ ਜਲ-ਸਰੋਤ ਕਿੰਨੇ ਜ਼ਿਆਦਾ ਪ੍ਰਦੂਸ਼ਤ ਹਨ। ਸਰਕਾਰਾਂ ਅਤੇ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਫੈਕਟਰੀਆਂ ਅਤੇ ਹੋਰ ਉਦਯੋਗਾਂ ਦੀ ਜ਼ਹਿਰੀਲੀ ਡਿਸਪੋਜ਼ਲ ਇਨ੍ਹਾਂ ਜਲ ਸਰੋਤਾਂ ਅਤੇ ਜ਼ਮੀਨਦੋਜ਼ ਪਾਣੀ ਵਿਚ ਬੇਖ਼ੌਫ਼ ਹੋ ਕੇ ਪਾਉਣਾ ਤਾਂ ਅਕੱਟ ਸੱਚ ਹੈ ਹੀ, ਇਸ ਤੋਂ ਇਲਾਵਾ ਮਨੁੱਖਾਂ ਅਤੇ ਪਸ਼ੂਆਂ ਦੀ ਗੰਦਗੀ ਵੀ ਅਕਸਰ ਨਦੀਆਂ ਤੇ ਹੋਰ ਕੁਦਰਤੀ ਜਲ-ਸਰੋਤਾਂ ਵਿਚ ਮਿਲਦੀ ਰਹਿੰਦੀ ਹੈ। ਸ਼ਰਧਾਲੂ ਫੁੱਲ, ਹੋਰ ਸਮੱਗਰੀ, ਪਲਾਸਟਿਕ ਅਤੇ ਮੂਰਤੀਆਂ ਵੀ ਨਦੀਆਂ ਨਾਲਿਆਂ ਵਿਚ ਆਮ ਹੀ ਚੜ੍ਹਾਉਂਦੇ ਦੇਖੇ ਜਾ ਸਕਦੇ ਹਨ। ਕਰੋਨਾ ਦੇ ਦਿਨਾਂ 'ਚ ਗੰਗਾ 'ਚ ਲਾਸ਼ਾਂ ਤੈਰਨ ਦਾ ਮੁੱਦਾ ਉੱਠਣ ਸਮੇਂ ਰਿਪੋਰਟਾਂ ਛਪੀਆਂ ਸਨ ਕਿ ਆਪਣੇ ਪਰਿਵਾਰਕ ਮੈਂਬਰਾਂ ਦੇ ਅੰਤਮ ਸੰਸਕਾਰ ਤੋਂ ਅਸਮਰੱਥ ਗ਼ਰੀਬ ਲੋਕਾਂ ਵੱਲੋਂ ਗੰਗਾ 'ਚ ਲਾਸ਼ਾਂ ਸੁੱਟ ਦੇਣਾ ਬਹੁਤ ਪੁਰਾਣੇ ਸਮੇਂ ਤੋਂ ਚਲਿਆ ਆ ਰਿਹਾ ਵਰਤਾਰਾ ਹੈ।

'ਸਵੱਛ ਭਾਰਤ ਅਭਿਆਨ' ਦੀ ਰਾਜਨੀਤਕ ਡਰਾਮੇਬਾਜ਼ੀ ਅਤੇ ਇਸ ਬਹਾਨੇ ਭਗਵਾ ਹੁਕਮਰਾਨਾਂ ਵੱਲੋਂ ਦਹਿ ਹਜ਼ਾਰਾਂ ਕਰੋੜ ਰੁਪਏ ਹੜੱਪਣ ਦੇ ਬਾਵਜੂਦ ਜ਼ਮੀਨੀ ਹਕੀਕਤ ਇਹ ਹੈ ਕਿ ਅਜੇ ਵੀ ਨਾ ਵਸੋਂ ਦੇ ਵੱਡੇ ਹਿੱਸੇ ਕੋਲ ਜੰਗਲ-ਪਾਣੀ ਜਾਣ ਦੀ ਸਹੀ ਸਹੂਲਤ ਹੈ ਅਤੇ ਨਾ ਘੋਰ ਗ਼ਰੀਬੀ ਤੇ ਅਨਪੜ੍ਹਤਾ ਕਾਰਨ ਉਹ ਸਾਫ਼-ਸਫ਼ਾਈ ਰੱਖਣ ਦੀ ਜ਼ਰੂਰਤ ਬਾਰੇ ਜਾਗਰੂਕ ਹਨ। ਦਿੱਲੀ ਵਰਗੇ ਮਹਾਂਨਗਰਾਂ ਵਿਚ ਪ੍ਰਦੂਸ਼ਣ ਦੀ ਹਾਲਤ ਦੱਸਣ ਲਈ ਕਿਸੇ ਸਬੂਤ ਦੀ ਜ਼ਰੂਰਤ ਨਹੀਂ ਹੈ। ਪੌਣ-ਪਾਣੀ ਦੇ ਸਰੋਤਾਂ ਦੇ ਲਗਾਤਾਰ ਵਧਦੇ ਜਾ ਰਹੇ ਪ੍ਰਦੂਸ਼ਣ ਨੂੰ ਰੋਕਣ ਦਾ ਕੋਈ ਉਚਿਤ, ਭਰੋਸੇਯੋਗ ਅਤੇ ਤਸੱਲੀਬਖ਼ਸ਼ ਪ੍ਰਬੰਧ ਕੀਤੇ ਜਾਣ ਦੀ ਤਾਂ ਗੱਲ ਛੱਡੋ, ਸਰਕਾਰ ਤੇ ਪ੍ਰਸ਼ਾਸਨ ਦੇ ਪੱਧਰ 'ਤੇ ਇਸ ਪ੍ਰਤੀ ਕੋਈ ਸਰੋਕਾਰ ਅਤੇ ਸੰਜੀਦਾ ਕੋਸ਼ਿਸ਼ ਵੀ ਨਜ਼ਰ ਨਹੀਂ ਆਉਂਦੀ, ਹਾਲਾਂਕਿ ਇਹ ਜੀਵਨ ਦਾ ਆਧਾਰ ਹੈ।

ਕੁੰਭ ਮੇਲੇ 'ਚ ਸ਼ਰਧਾਲੂਆਂ ਨੂੰ ਸਹੂਲਤਾਂ ਦੇਣ ਦੇ ਨਾਂ ਹੇਠ ਹਜ਼ਾਰਾਂ ਕਰੋੜ ਰੁਪਏ ਖ਼ਰਚਣ ਦੇ ਦਾਅਵਿਆਂ ਦੇ ਬਾਵਜੂਦ ਕਰੋੜਾਂ ਸ਼ਰਧਾਲੂਆਂ ਦੀ ਆਮਦ ਅਨੁਸਾਰ ਉੱਥੇ ਟੱਟੀ-ਪਿਸ਼ਾਬ ਜਾਣ ਦਾ ਲੋੜੀਂਦਾ ਪ੍ਰਬੰਧ ਨਹੀਂ ਸੀ। ਕੁਝ ਮਹੀਨਿਆਂ ਵਿਚ ਵੱਡੇ ਪੈਮਾਨੇ 'ਤੇ ਪ੍ਰਬੰਧ ਕਰ ਸਕਣਾ ਸੰਭਵ ਵੀ ਨਹੀਂ ਸੀ। ਸੋ ਆਮ ਲੋਕਾਂ ਨੇ ਖੁੱਲ੍ਹੇ ਥਾਵਾਂ ਉੱਪਰ ਹੀ ਟੱਟੀ-ਪਿਸ਼ਾਬ ਕਰਨਾ ਸੀ। ਸੀਪੀਸੀਬੀ ਨੇ ਇਸ ਗੱਲ ਵੱਲ ਸਹੀ ਧਿਆਨ ਦਿੱਤਾ ਹੈ ਕਿ ਕੁੰਭ 'ਚ ਲੋਕ ਬਹੁਤ ਵੱਡੀ ਗਿਣਤੀ 'ਚ ਡੁਬਕੀ ਲਾਉਂਦੇ ਹਨ। ਉਨ੍ਹਾਂ ਦੇ ਸਰੀਰਾਂ ਅਤੇ ਕੱਪੜਿਆਂ 'ਚੋਂ ਗੰਦਗੀ ਨਿਕਲ ਕੇ ਪਾਣੀ 'ਚ ਮਿਲਦੀ ਰਹਿੰਦੀ ਹੈ। ਇਸ ਨਾਲ ਪਾਣੀ ਵਿਚ ਮਲ ਜੀਵਾਣੂਆਂ ਦੀ ਘਣਤਾ ਦਾ ਵਧਣਾ ਸੁਭਾਵਿਕ ਹੈ। 'ਮਹਾਕੁੰਭ' ਵਿਚ ਕਿਉਂਕਿ ਦਹਿ ਕਰੋੜਾਂ ਲੋਕਾਂ ਨੇ ਸ਼ਾਮਲ ਹੋਣਾ ਸੀ, ਇਸ ਲਈ ਸੀਪੀਸੀਬੀ ਅਤੇ ਹੋਰ ਸਬੰਧਤ ਸਰਕਾਰੀ ਅਦਾਰਿਆਂ ਨੇ ਪਾਣੀ ਦੇ ਨਮੂਨੇ ਤਾਂ ਲੈਣੇ ਹੀ ਸਨ। ਯੋਗੀ-ਮੋਦੀ ਵਰਗੇ ਢੌਂਗੀ ਸਿਰਫ਼ ਧਾਰਮਿਕ ਜਜ਼ਬਾਤ ਭੜਕਾਉਣੇ ਹੀ ਜਾਣਦੇ ਹਨ, ਨਾ ਇਹ ਡੂੰਘੇ ਮਨੁੱਖੀ ਸਰੋਕਾਰ ਉਨ੍ਹਾਂ ਦੇ ਥੋਥੇ ਦਿਮਾਗਾਂ ਨੂੰ ਸਮਝ ਆ ਸਕਦੇ ਹਨ ਅਤੇ ਨਾ ਉਨ੍ਹਾਂ ਦੀ ਦੰਭੀ ਅਣਮਨੁੱਖੀ ਖ਼ਸਲਤ ਤਲਖ਼ ਹਕੀਕਤਾਂ ਨੂੰ ਸਵੀਕਾਰ ਕਰ ਕੇ ਜਵਾਬਦੇਹ ਹੋਣ ਦੀ ਆਦੀ ਹੈ।

ਮਹਾਕੁੰਭ ਦੇ ਨਾਂ ਹੇਠ ਲੋਕਾਂ ਦੀ ਧਾਰਮਿਕ ਸ਼ਰਧਾ ਨਾਲ ਕੀਤੇ ਗਏ ਖਿਲਵਾੜ ਦੇ ਪਾਪਾਂ ਦਾ ਭਾਂਡਾ ਫੁੱਟਣਾ ਚੰਗੀ ਗੱਲ ਹੈ। ਪਰ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਐਨਜੀਟੀ ਅਤੇ ਸੀਪੀਸੀਬੀ ਵਰਗੇ ਅਦਾਰੇ ਉਨ੍ਹਾਂ ਕੁਝ ਕੁ ਨਦੀਆਂ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਕੋਈ ਅਸਰਦਾਰ ਕਾਰਵਾਈ ਕਰ ਸਕਣਗੇ ਜੋ ਹਿੰਦੂ ਆਸਥਾ ਅਨੁਸਾਰ ਬਹੁਤ ਪਵਿੱਤਰ ਮੰਨੀਆਂ ਜਾਂਦੀਆਂ ਹਨ। ਧਾਰਮਿਕ ਸ਼ਰਧਾ ਲੋਕਾਈ ਦਾ ਨਿੱਜੀ ਹੱਕ ਹੈ, ਪਰ ਕੀ ਉਹ ਇਸ ਨਾਂ ਹੇਠ ਆਪਣੇ ਨਾਲ ਹੋ ਰਹੇ ਖਿਲਵਾੜ ਦਾ ਨੋਟਿਸ ਲੈਣ ਲਈ ਵੀ ਕਦੇ ਜਾਗਰੂਕ ਹੋਣਗੇ? ਸਿਰਫ਼ ਪੌਣਪਾਣੀ ਨੂੰ ਜ਼ਿੰਦਗੀ ਦੇ ਯੋਗ ਬਣਾਉਣ ਦੀ ਲੋਕਾਈ ਦੀ ਜਾਗਰੂਕਤਾ 'ਤੇ ਆਧਾਰਤ ਜਨਤਕ ਦਬਾਅ ਹੀ ਪ੍ਰਦੂਸ਼ਣ ਨੂੰ ਰੋਕਣ ਲਈ ਠੋਸ ਯੋਜਨਾਵਾਂ ਬਣਾਉਣ ਅਤੇ ਉਨ੍ਹਾਂ ਨੂੰ ਅਮਲ ਵਿਚ ਲਿਆਉਣ ਲਈ ਢੌਂਗੀ ਹੁਕਮਰਾਨਾਂ ਨੂੰ ਮਜਬੂਰ ਕਰ ਸਕਦਾ ਹੈ।


# ਕਸ਼ਮੀਰ ਵਿਚ ਜਿਨਸੀ ਹਿੰਸਾ ਦਾ ਦਸਤਾਵੇਜ਼ੀਕਰਨ: ਓਸ਼ੀਨ ਆਫ ਟੀਅਰਜ਼

ਬਿਲਾਲ ਏ. ਜਾਨ ਦੀ 2012 ਦੀ ਦਸਤਾਵੇਜ਼ੀ ਫਿਲਮ 'ਓਸ਼ੀਨ ਆਫ਼ ਟੀਅਰਜ਼, ਜੋ ਪਬਲਿਕ ਸਰਵਿਸ ਬ੍ਰੌਡਕਾਸਟਿੰਗ ਟਰੱਸਟ ਆਫ਼ ਇੰਡੀਆ (ਪੀ.ਐੱਸ.ਬੀ.ਟੀ.) ਦੀ ਸਰਪ੍ਰਸਤੀ ਹੇਠ

**ਬੂਟਾ ਸਿੰਘ ਮਹਿਮੂਦਪੁਰ**

ਰਾਜੀਵ ਮਹਿਰੋਤਰਾ ਦੁਆਰਾ ਕਸ਼ਮੀਰੀ ਵਿਚ ਬਣਾਈ ਗਈ, "ਕਸ਼ਮੀਰੀ ਔਰਤਾਂ ਵਿਰੁੱਧ ਕੀਤੇ ਗਏ ਜ਼ੁਲਮਾਂ ਤੇ ਮਨੁੱਖੀ ਹੱਕਾਂ ਦੇ ਘਾਣ ਦਾ ਵਿਆਪਕ ਦਸਤਾਵੇਜ਼ ਹੈ। ਇਸ ਦਸਤਾਵੇਜ਼ੀ ਫ਼ਿਲਮ ਵਿਚ ਕੁਨਾਨ ਪੋਸ਼ਪੋਰਾ ਅਤੇ ਸ਼ੋਪੀਆਂ ਸਮੇਤ ਹੋਰਾਂ ਸਮੂਹਿਕ ਬਲਾਤਕਾਰ ਕਾਂਡਾਂ ਨੂੰ ਸ਼ਾਮਲ ਕੀਤਾ ਗਿਆ ਹੈ। ਫਿਲਮਸਾਜ਼ ਨੇ ਇਨ੍ਹਾਂ ਜੁਰਮਾਂ ਦੀਆਂ ਅਖ਼ਬਾਰੀ ਸੁਰਖ਼ੀਆਂ ਅਤੇ ਅਧਿਕਾਰਕ ਦਸਤਾਵੇਜ਼ਾਂ ਨੂੰ ਸੰਗ੍ਰਹਿ ਕੀਤਾ ਹੈ।

ਪੁਰਾਲੇਖ ਰਿਪੋਰਟਾਂ ਦੇ ਨਾਲ-ਨਾਲ ਪੀੜਤਾਂ, ਪਰਿਵਾਰਾਂ ਅਤੇ ਮਾਹਿਰਾਂ ਦੀਆਂ ਸਿੱਧੀਆਂ




ਗਵਾਹੀਆਂ ਦੀ ਖ਼ਾਸੀਅਤ ਵਾਲੀ ਇਹ 27 ਮਿੰਟ ਦੀ ਦਸਤਾਵੇਜ਼ੀ ਫ਼ਿਲਮ ਸਿਸਟਮ ਦੀ ਹਿੰਸਾ ਨੂੰ ਦਲੇਰੀ ਨਾਲ ਸਾਹਮਣੇ ਲਿਆਉਂਦੀ ਹੈ। ਆਰਐੱਸਐੱਸ ਦੇ ਮੈਂਬਰ ਇਸ ਨੂੰ ਪਰਦਾ ਪੇਸ਼ ਕੀਤੇ ਜਾਣ ਉੱਪਰ ਅਕਸਰ ਰੋਕਾਂ ਲਾਉਂਦੇ ਰਹੇ ਹਨ, ਇਸ ਤੋਂ ਪਤਾ ਲੱਗਦਾ ਹੈ ਕਿ ਸੱਤਾ ਨੂੰ ਰਾਸ ਨਾ ਆਉਣ ਵਾਲੀਆਂ ਸੱਚਾਈਆਂ ਦਾ ਸਾਹਮਣਾ ਕਰਨ ਲਈ ਕਿਸ ਤਰ੍ਹਾਂ ਦਾ ਸੰਘਰਸ਼ ਚੱਲ ਰਿਹਾ ਹੈ। ਕਸ਼ਮੀਰ ਯੂਨੀਵਰਸਿਟੀ ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਅਧਿਕਾਰੀਆਂ ਨੇ ਇਸ ਦਾ ਲੋਕ-ਅਰਪਣ ਕੀਤੇ ਜਾਣ ਤੋਂ ਬਾਅਦ ਆਪਣੇ-ਆਪਣੇ ਕੈਂਪਸਾਂ ਵਿਚ ਇਸ ਦੀ ਸਕਰੀਨਿੰਗ ਰੋਕ ਦਿੱਤੀ।

ਦਸਤਾਵੇਜ਼ੀ ਫ਼ਿਲਮ ਦੀ ਸ਼ੁਰੂਆਤ

*(ਬਾਕੀ ਸਫ਼ਾ 13 'ਤੇ)*

# 'ਮਾਡਲ ਸਟੇਟ' ਗੁਜਰਾਤ 'ਚੋਂ ਪ੍ਰਵਾਸ ਕਿਉਂ?

***ਪਿਛਲੇ ਦਿਨੀਂ ਟਰੰਪ ਸਰਕਾਰ ਵੱਲੋਂ ਵਾਪਸ ਭੇਜੇ '.ਗੈਰਕਾਨੂੰਨੀ ਪ੍ਰਵਾਸੀਆਂ' ਵਿਚ ਕਾਫ਼ੀ ਵੱਡੀ ਗਿਣਤੀ ਗੁਜਰਾਤੀਆਂ ਦੀ ਹੈ। ਗੁਜਰਾਤ ਨੂੰ ਭਾਰਤ ਦੇ ਭਗਵਾ ਹੁਕਮਰਾਨ ਵਿਕਾਸ ਦੇ 'ਮਾਡਲ ਰਾਜ' ਵਜੋਂ ਪੇਸ਼ ਕਰਦੇ ਆ ਰਹੇ ਹਨ, ਜ਼ਾਹਿਰ ਹੈ ਕਿ 2047 ਦਾ 'ਵਿਕਸਿਤ ਭਾਰਤ' ਇਸੇ ਨਮੂਨੇ ਦਾ ਹੋਵੇਗਾ। ਸਵਾਲ ਇਹ ਹੈ ਕਿ ਇਸ ਮਾਡਲ ਰਾਜ ਨੂੰ ਛੱਡ ਕੇ ਗੁਜਰਾਤ ਦੇ ਲੋਕ ਆਪਣੀਆਂ ਜਾਨਾਂ ਜ਼ੋਖ਼ਮ ਵਿਚ ਪਾ ਕੇ .ਗੈਰਕਾਨੂੰਨੀ ਤਰੀਕਿਆਂ ਨਾਲ ਪ੍ਰਵਾਸ ਕਿਉਂ ਕਰ ਰਹੇ ਹਨ। ਇਨ੍ਹਾਂ ਸਵਾਲਾਂ ਦੀ ਬਕਾਇਦਾ ਅੰਕੜਿਆਂ ਦੇ ਅਧਾਰ 'ਤੇ ਚਰਚਾ ਉੱਘੇ ਵਿਦਵਾਨ ਕਰਿਸਟੌਫ ਜੈਫਰਲੈਟ ਵੱਲੋਂ ਆਪਣੇ ਇਸ ਲੇਖ ਵਿਚ ਕੀਤੀ ਗਈ ਹੈ। – ਸੰਪਾਦਕ***

**ਮੂਲ ਲੇਖਕ: ਕਰਿਸਟੌਫ ਜੈਫਰਲੈਟ**
**ਅਨੁਵਾਦ: ਪੁਸ਼ਪਿੰਦਰ**

ਇਹ ਖਬਰ ਬਹੁਤ ਗਰਮ ਹੈ ਕਿ ਟਰੰਪ ਪ੍ਰਸ਼ਾਸਨ ਵੱਲੋਂ ਵਾਪਸ ਭੇਜੇ ਗਏ ਭਾਰਤੀਆਂ ਵਿਚ ਜ਼ਿਆਦਾ ਗਿਣਤੀ ਗੁਜਰਾਤੀਆਂ ਦੀ ਹੈ। ਇਹ ਦੱਸਿਆ ਜਾ ਰਿਹਾ ਹੈ ਕਿ ਅਮਰੀਕਾ ਵਿਚ ਵਸਦੇ ਗੈਰ-ਕਾਨੂੰਨੀ ਭਾਰਤੀਆਂ ਵਿਚੋਂ ਗੁਜਰਾਤੀਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। 2023 ਵਿਚ 67391 ਭਾਰਤੀ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਗਏ ਸਨ, ਜਿਨ੍ਹਾਂ ਵਿਚੋਂ 41330 ਗੁਜਰਾਤੀ ਮੂਲ ਦੇ ਸਨ। ਇਹ ਗੁਜਰਾਤੀ ਲੋਕ ਜੋ ਖਤਰੇ ਸਹੇੜਦੇ ਹਨ, ਉਹ ਵੀ ਛੋਟੇ ਨਹੀਂ ਹਨ। 2022 ਵਿਚ ਗੁਜਰਾਤ ਦੇ ਦਿੰਦਾ ਪਿੰਡ ਦੇ ਵਸਨੀਕ ਜਗਦੀਸ਼ ਪਟੇਲ ਨੇ ਆਪਣੀ ਪਤਨੀ ਅਤੇ ਦੋ ਬੱਚਿਆਂ ਸਮੇਤ ਅਮਰੀਕਾ ਜਾਣ ਦੀ ਕੋਸ਼ਿਸ਼ ਕੀਤੀ ਸੀ, ਪਰ ਅਮਰੀਕਾ-ਕੈਨੇਡਾ ਸਰਹੱਦ 'ਤੇ ਬਰਫੀਲੇ ਤੂਫਾਨ ਦੀ ਲਪੇਟ ਵਿਚ ਆ ਗਏ ਤੇ ਸਾਰੇ ਬਰਫ ਵਿਚ ਦੱਬੇ ਗਏ ਸਨ।

ਗੁਜਰਾਤੀ ਲੋਕ ਸਦੀਆਂ ਤੋਂ ਅਫਰੀਕਾ ਦੀ ਯਾਤਰਾ 'ਤੇ ਜਾ ਰਹੇ ਹਨ ਅਤੇ ਉਸ ਤੋਂ ਅੱਗੇ ਪੱਛਮ ਵੱਲ ਚਲੇ ਜਾਂਦੇ ਰਹੇ ਹਨ, ਪਰ ਉਹ ਗੈਰ-ਕਾਨੂੰਨੀ ਤੌਰ 'ਤੇ ਨਹੀਂ ਜਾਂਦੇ ਸਨ। ਕਾਫੀ ਦੇਰ ਤੋਂ ਗੁਜਰਾਤ ਇੱਕ ਅਮੀਰ ਸੂਬਾ ਮੰਨਿਆ ਜਾ ਰਿਹਾ ਹੈ, ਸਗੋਂ 'ਮਾਡਲ ਸਟੇਟ' ਵਜੋਂ ਪਰਚਾਰਿਆ ਜਾਂਦਾ ਹੈ ਤਾਂ ਫਿਰ ਭਾਰਤ ਦੇ ਇਸ ਅਮੀਰ ਪ੍ਰਾਂਤ ਨੂੰ ਐਨੀ ਵੱਡੀ ਗਿਣਤੀ ਲੋਕ ਛੱਡ ਕੇ ਕਿਉਂ ਜਾ ਰਹੇ ਹਨ ਅਤੇ ਉਹ ਵੀ ਚੋਰੀ ਛੁਪੇ। ਪ੍ਰਾਂਤ, ਜਿਸ ਦੀ ਆਰਥਿਕ ਵਿਕਾਸ ਦਰ ਭਾਰਤ ਦੇ ਉਪਰਲਿਆਂ ਸੂਬਿਆਂ ਵਿਚ ਆਉਂਦੀ ਹੈ, ਜਿਸ ਸਟੇਟ ਦਾ ਪ੍ਰਤੀ ਵਿਅਕਤੀ ਕੁਲ ਘਰੇਲੂ ਉਤਪਾਦਨ 2022-23 ਵਿਚ 181,963 ਰੁਪਏ ਸੀ, ਜਦ ਕਿ ਸਾਰੇ ਦੇਸ਼ ਦੀ ਔਸਤ 99404 ਰੁਪਏ ਸੀ। ਵਿਆਖਿਆ ਬਹੁਤ ਸਰਲ ਹੈ ਗੁਜਰਾਤ ਸੂਬੇ ਵਿਚ ਕੁਝ ਲੋਕ ਬਹੁਤ ਜ਼ਿਆਦਾ ਅਮੀਰ ਹਨ, ਪਰ ਗਰੀਬ ਲੋਕਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ, ਕਿਉਂਕਿ ਪ੍ਰਾਂਤ ਵਿਚ ਬਹੁਤ ਦੇਰ ਤੋਂ ਚੰਗੀਆਂ ਨੌਕਰੀਆਂ ਪੈਦਾ ਨਹੀਂ ਹੋ ਰਹੀਆਂ। ਨਾ ਸਿਰਫ ਰੁਜ਼ਗਾਰ ਦੀ ਵਿਕਾਸ ਦਰ ਪ੍ਰਾਂਤ ਦੇ ਕੁਲ ਘਰੇਲੂ ਉਤਪਾਦਨ ਦੀ ਵਾਧਾ ਦਰ ਤੋਂ ਘੱਟ ਰਹੀ, ਸਗੋਂ ਇਹ ਵੀ ਹੈ ਕਿ ਨੌਕਰੀਆਂ ਦੀ ਗੁਣਵੱਤਾ ਵਿਚ ਵੀ ਵਾਧਾ ਨਹੀਂ ਹੋਇਆ। ਇਹ ਨੁਕਤਾ ਰੁਜ਼ਗਾਰ ਬਾਜ਼ਾਰ ਵਿਚ ਨੌਕਰੀਆਂ ਦੇ ਗ਼ੈਰ-ਰਵਾਇਤੀਕਰਨ ਦੀ ਪ੍ਰਕਿਰਿਆ ਤੋਂ ਪ੍ਰਗਟ ਹੋ ਜਾਂਦਾ ਹੈ। ਸੰਨ 2022 ਦੇ ਪੀ ਐੱਲ ਐੱਫ ਐੱਸ ਦੇ ਅਨੁਸਾਰ ਗੁਜਰਾਤ ਦੇ 74 ਫੀਸਦੀ ਮਜ਼ਦੂਰਾਂ ਕੋਲ ਨੌਕਰੀ ਦਾ ਲਿਖਤੀ ਇਕਰਾਰਨਾਮਾ ਨਹੀਂ ਹੈ, ਜਦ ਕਿ ਕਰਨਾਟਕ ਵਿਚ ਇਹ ਦਰ 41 ਫੀਸਦੀ, ਤਾਮਿਲਨਾਡੂ ਅਤੇ ਕੇਰਲਾ ਵਿਚ 53 ਫੀਸਦੀ, ਮੱਧ ਪ੍ਰਦੇਸ਼ ਵਿਚ 57 ਫੀਸਦੀ, ਹਰਿਆਣਾ ਵਿਚ 65 ਫੀਸਦੀ, ਮਹਾਰਾਸ਼ਟਰ ਵਿਚ 65 ਫੀਸਦੀ ਅਤੇ ਬਿਹਾਰ ਵਿਚ 68 ਫੀਸਦੀ ਹੈ।

ਇਸ ਤੋਂ ਜ਼ਿਆਦਾ ਮਹੱਤਵਪੂਰਨ ਹੈ ਕਿ ਇਨ੍ਹਾਂ ਆਰਜ਼ੀ ਨੌਕਰੀਆਂ ਕਾਰਨ ਤਨਖਾਹਾਂ ਵਿਚ ਕਟੌਤੀ ਹੋ ਜਾਂਦੀ ਹੈ। ਸਾਲ 2024 ਦੇ ਦੌਰਾਨ ਗੁਜਰਾਤ ਵਿਚ ਦਿਹਾੜੀਦਾਰ ਮਜ਼ਦੂਰ ਦੀ ਔਸਤ ਉਜਰਤ 375 ਰੁਪਏ ਦੀ ਸੀ, ਜੋ ਕਿ ਕੌਮੀ ਔਸਤ (473 ਰੁਪਏ) ਤੋਂ ਘੱਟ ਹੈ, ਜਦ ਕਿ ਕੇਰਲਾ ਵਿਚ ਇਹ ਔਸਤ ਮਜ਼ਦੂਰੀ 836 ਰੁਪਏ, ਤਾਮਿਲ ਨਾਡੂ ਵਿਚ 584 ਰੁਪਏ, ਹਰਿਆਣਾ ਵਿਚ 486 ਰੁਪਏ, ਪੰਜਾਬ ਵਿਚ 449 ਰੁਪਏ, ਕਰਨਾਟਕ ਵਿਚ 447 ਰੁਪਏ, ਰਾਜਸਥਾਨ ਵਿਚ 442 ਰੁਪਏ, ਉਤਰ ਪ੍ਰਦੇਸ਼ ਵਿਚ 432 ਰੁਪਏ, ਅਤੇ ਬਿਹਾਰ ਵਿਚ ਵੀ 426 ਰੁਪਏ ਸੀ। ਇਕੋ ਪ੍ਰਾਂਤ ਜਿਥੇ ਉਜਰਤ ਗੁਜਰਾਤ ਨਾਲੋਂ ਘੱਟ ਸੀ, ਉਹ ਹੈ ਛੱਤੀਸਗੜ੍ਹ 295 ਰੁਪਏ।

ਗੁਜਰਾਤ ਵਿਚ ਮੁਲਾਜ਼ਮਾਂ ਦੀ ਮਹੀਨਾਵਾਰ ਤਨਖਾਹ ਵੀ ਦੂਸਰੇ ਸੂਬਿਆਂ ਤੋਂ ਬਹੁਤ ਘੱਟ ਹੈ। ਅਪ੍ਰੈਲ-ਜੂਨ 2024 ਦੇ ਦੌਰਾਨ ਇਹ ਤਨਖਾਹ 17,503 ਰੁਪਏ ਸੀ, ਜਦ ਕਿ ਕੌਮੀ ਔਸਤ 21,103 ਰੁਪਏ ਸੀ। ਵੱਡੇ ਸੂਬਿਆਂ ਵਿਚੋਂ ਕੇਵਲ ਪੰਜਾਬ ਹੀ ਅਜਿਹਾ ਹੈ, ਜਿਥੇ ਗੁਜਰਾਤ ਤੋਂ ਘੱਟ ਅੰਕੜਾ 16,161 ਰੁਪਏ ਦਾ ਹੈ। ਕਰਨਾਟਕ ਵਿਚ 25,621 ਰੁਪਏ, ਹਰਿਆਣਾ ਵਿਚ 25,015 ਮਹਾਰਾਸ਼ਟਰ ਵਿਚ 23,723, ਕੇਰਲਾ ਵਿਚ 22,287, ਆਂਧਰਾ ਵਿਚ 21,459, ਤਾਮਿਲ ਨਾਡੂ ਵਿਚ 21,266, ਉਤਰ ਪ੍ਰਦੇਸ਼ ਵਿਚ 19,203, ਰਾਜਿਸਥਾਨ ਵਿਚ 19,105, ਮੱਧ ਪ੍ਰਦੇਸ਼ ਵਿਚ 18,918 ਅਤੇ ਪੱਛਮੀ ਬੰਗਾਲ ਵਿਚ ਮਹੀਨਾਵਾਰ ਔਸਤ 17,559 ਰੁਪੈ ਤਨਖਾਹ ਮਿਲਦੀ ਸੀ।



ਜ਼ਰੂਰੀ ਨਹੀਂ ਕਿ ਜੋ ਲੋਕ ਅਮਰੀਕਾ ਜਾਂਦੇ ਹਨ, ਉਹ ਸਭ ਨੌਕਰੀਪੇਸ਼ਾ ਲੋਕ ਹੀ ਹੋਣ, ਉਹ ਜ਼ਿਆਦਾਤਰ ਪੇਂਡੂ ਖੇਤਰਾਂ ਤੋਂ ਆਉਂਦੇ ਹਨ, ਆਮ ਕਰਕੇ ਮੱਧ ਵਰਗੀ ਕਿਸਾਨ ਪਰਵਾਰਾਂ ਤੋਂ, ਜਿਨ੍ਹਾਂ ਦੀ ਆਰਥਿਕ ਹਾਲਤ ਸ਼ਹਿਰੀ ਲੋਕਾਂ ਤੋਂ ਵੀ ਬਦਤਰ ਹੁੰਦੀ ਹੈ। ਸਾਲ 2023 ਵਿਚ ਗੁਜਰਾਤ ਦੇ ਖੇਤ ਮਜ਼ਦੂਰ ਦੀ ਔਸਤ ਦਿਹਾੜੀ 242 ਰੁਪਏ ਸੀ, ਜੋ ਕਿ ਭਾਰਤ ਦੇ ਬਹੁਤ ਗਰੀਬ ਮੰਨੇ ਜਾਂਦੇ ਸੂਬੇ ਬਿਹਾਰ ਦੇ ਮਜ਼ਦੂਰ ਦੀ ਦਿਹਾੜੀ ਤੋਂ ਵੀ ਘੱਟ ਸੀ। ਮਜ਼ਦੂਰ ਜੋ ਖੇਤਾਂ ਵਿਚ ਕੰਮ ਕਰਨ ਦੀ ਬਜਾਏ ਕੋਈ ਛੋਟਾ-ਮੋਟਾ ਹੁਨਰਮੰਦ ਕੰਮ ਕਰਦੇ ਸਨ, ਦੀ ਰੋਜ਼ਾਨਾ ਕਿਰਤ 273 ਰੁਪਏ, ਜੋ ਮੱਧ ਪ੍ਰਦੇਸ਼ ਦੀ ਕਿਰਤ (246 ਰੁਪਏ) ਤੋਂ ਰਤੀ ਭਰ ਜ਼ਿਆਦਾ ਸੀ, ਜਦ ਕਿ ਬਿਹਾਰੀ ਕਾਮੇ ਦੀ ਔਸਤ 313 ਰੁਪਏ ਸੀ। ਗੁਜਰਾਤ ਦੇ ਇਮਾਰਤ ਉਸਾਰੀ ਵਿਚ ਕੰਮ ਕਰਦੇ ਮਜ਼ਦੂਰ ਦੀ ਰੋਜ਼ਾਨਾ ਮਜ਼ਦੂਰੀ 323 ਰੁਪਏ, ਜੋ ਕਿ ਦੇਸ਼ ਦੇ ਹੇਠਲੇ ਪੱਧਰ ਤੋਂ ਤੀਜੇ ਨੰਬਰ 'ਤੇ ਆਉਂਦੀ, ਮੱਧ ਪ੍ਰਦੇਸ਼ ਦੀ 278 ਰੁਪਏ ਅਤੇ ਤ੍ਰਿਪੁਰਾ ਦੇ ਮਜ਼ਦੂਰ ਦੀ 286 ਰੁਪਏ।

ਕੇਵਲ ਤਨਖਾਹਾਂ ਨੂੰ ਹੀ ਗਰੀਬੀ ਦੇ ਮਾਪਦੰਡ ਦਾ ਪੈਮਾਨਾ ਨਹੀਂ ਮੰਨਿਆ ਜਾ ਸਕਦਾ। ਸੂਬੇ ਦੇ ਦਿਹਾਤੀ ਅਤੇ ਸ਼ਹਿਰੀ ਨਾਗਰਿਕਾਂ ਦਾ ਪ੍ਰਤੀ ਜੀਅ ਮਹੀਨੇਵਾਰ ਖਰਚ ਵੀ ਕਈ ਤੱਥਾਂ ਦਾ ਪ੍ਰਗਟਾਵਾ ਕਰਦਾ ਹੈ। ਨੈਸ਼ਨਲ ਸੈਂਪਲ ਸਰਵੇ ਆਫਿਸ ਦੇ 2022-23 ਦੇ ਸਰਵੇ ਅਨੁਸਾਰ ਗੁਜਰਾਤ ਦੇ ਸ਼ਹਿਰੀ ਲੋਕਾਂ ਦਾ ਪ੍ਰਤੀ ਮਹੀਨਾ ਖਰਚ 6621 ਰੁਪਏ ਅਤੇ ਦਿਹਾਤੀ ਲੋਕਾਂ ਦਾ 3798 ਰੁਪਏ ਸੀ, ਜੋ ਕਿ ਤਾਮਿਲਨਾਡੂ ਵਿਚ ਕ੍ਰਮਵਾਰ 7630 ਅਤੇ 5310 ਰੁਪਏ; ਕੇਰਲਾ ਵਿਚ 7078 ਤੇ 5924 ਰੁਪਏ; ਕਰਨਾਟਕ ਵਿਚ 7666 ਤੇ 4397; ਆਂਧਰਾ ਵਿਚ 6782 ਅਤੇ 4870; ਹਰਿਆਣਾ ਵਿਚ 7911 ਅਤੇ 4859, ਮਹਾਂਰਾਸ਼ਟਰ ਵਿਚ ਕ੍ਰਮਵਾਰ 6657 ਅਤੇ 4010 ਰੁਪਏ ਸੀ।

ਸੰਯੁਕਤ ਰਾਸ਼ਟਰ ਨੇ ਗਰੀਬੀ ਮਾਪਣ ਦਾ ਮਲਟੀ ਡਾਇਮੈਨਸ਼ਨਲ ਪਾਵਰਟੀ ਇੰਡੈਕਸ ਬਣਾਇਆ ਹੈ, ਜਿਸ ਵਿਚ ਆਰਥਿਕ ਪੱਧਰ ਤੋਂ ਇਲਾਵਾ ਵਿਦਿਆ ਅਤੇ ਸਿਹਤ ਸਹੂਲਤਾਂ ਦੀ ਪ੍ਰਾਪਤੀ ਨੂੰ ਵੀ ਸ਼ਾਮਲ ਕੀਤਾ ਗਿਆ ਹੈ, ਇਹ ਜ਼ਿਆਦਾ ਕਾਰਗਰ ਹੈ, ਕਿਉਂਕਿ ਆਰਥਿਕ ਪੈਮਾਨੇ ਤੋਂ ਉਪਰ ਚਲੇ ਜਾਂਦਾ ਹੈ। ਇਸ ਦ੍ਰਿਸ਼ਟੀਕੋਣ ਤੋਂ ਦੇਖੀਏ ਤਾਂ ਗੁਜਰਾਤ ਦੇਸ਼ ਵਿਚ ਅੱਧ-ਵਿਚਕਾਰ ਜਿਹੇ ਆਉਂਦਾ ਹੈ। 2020-21 ਦੌਰਾਨ ਸੂਬੇ ਵਿਚ 11.66 ਫੀਸਦੀ ਪ੍ਰਤੀਸ਼ਤ ਗਰੀਬ ਸਨ, ਪੱਛਮੀ ਬੰਗਾਲ ਤੋਂ ਥੋੜ੍ਹਾ ਘੱਟ (11.89 ਫੀਸਦੀ), ਪਰ ਮੁੱਖ ਵੱਡੇ ਸੂਬਿਆਂ ਮਹਾਰਾਸ਼ਟਰ, ਕਰਨਾਟਕ, ਹਰਿਆਣਾ, ਆਂਧਰਾ, ਤਿਲੰਗਾਨਾ, ਹਿਮਾਚਲ ਪ੍ਰਦੇਸ਼, ਪੰਜਾਬ, ਤਾਮਿਲ ਨਾਡੂ, ਜੰਮੂ-ਕਸ਼ਮੀਰ ਅਤੇ ਕੇਰਲਾ ਤੋਂ ਇਹ ਗਿਣਤੀ ਜ਼ਿਆਦਾ ਹੈ। ਗੁਜਰਾਤ ਖਾਸ ਕਰਕੇ ਆਪਣੇ ਨਾਗਰਿਕਾਂ ਨੂੰ ਲੋੜੀਂਦੀ ਖੁਰਾਕ ਦੇਣ ਵਿਚ ਬਹੁਤ ਪਛੜਿਆ ਹੋਇਆ ਹੈ, 38 ਫੀਸਦੀ, ਜਦ ਕਿ ਬਿਹਾਰ ਵਿਚ 42 ਫੀਸਦੀ ਅਤੇ ਝਾਰਖੰਡ ਵਿਚ 40 ਫੀਸਦੀ ਲੋਕ ਹਨ, ਜਿਨ੍ਹਾਂ ਨੂੰ ਜ਼ਰੂਰਤ ਮੁਤਾਬਕ ਖਾਣਾ ਨਸੀਬ ਨਹੀਂ ਹੋ ਰਿਹਾ। ਇਸ ਤਰ੍ਹਾਂ ਮਾਡਲ ਸਟੇਟ ਗੁਜਰਾਤ ਵਿਚ ਸੌ ਵਿਚੋਂ 38 ਵਿਅਕਤੀਆਂ ਨੂੰ ਪੂਰਾ ਖਾਣਾ ਨਹੀਂ ਮਿਲ ਰਿਹਾ।

ਗੁਜਰਾਤ ਪ੍ਰਾਂਤ, ਜੋ ਕਿ ਸਾਰੇ ਦੇਸ਼ ਵਿਚ ਪ੍ਰਤੀ ਵਿਅਕਤੀ ਘਰੇਲੂ ਉਤਪਾਦਨ ਦੇ ਪੱਖ ਤੋਂ ਸਿਖਰ 'ਤੇ ਆਉਂਦਾ ਹੈ, ਪਰ ਗਰੀਬੀ ਪੱਖੋਂ ਵੀ ਸਿਖਰ 'ਤੇ ਹੈ ਅਤੇ ਆਪਣੇ ਨਾਗਰਿਕਾਂ ਨੂੰ ਚੰਗੀਆਂ ਨੌਕਰੀਆਂ ਦੇਣ ਵਿਚ ਵੀ ਨਾਕਾਮ ਹੈ। ਇਸ ਆਰਥਿਕ ਮੰਦਹਾਲੀ ਦੇ ਕਾਰਨ ਗੁਜਰਾਤੀ ਲੋਕ ਘਰ ਛੱਡ ਕੇ ਵਿਦੇਸ਼ ਜਾਣ ਲਈ ਮਜਬੂਰ ਹੋ ਰਹੇ ਹਨ, ਇਸ ਸਥਿਤੀ ਨੂੰ ਕਿਸ ਤਰ੍ਹਾਂ ਬਿਆਨ ਕੀਤਾ ਜਾ ਸਕਦਾ ਹੈ? ਪੂੰਜੀ ਪ੍ਰਧਾਨ ਰਾਜਨੀਤਕ ਅਰਥ-ਵਿਵਸਥਾ ਅਜਿਹੀਆਂ ਅੰਤਰਵਿਰੋਧੀ ਪ੍ਰਸਥਿਤੀਆਂ ਦੀ ਵਿਆਖਿਆ ਗੁਜਰਾਤ ਵੱਲੋਂ ਨਰਿੰਦਰ ਮੋਦੀ ਸਰਕਾਰ ਦੀ ਅਗਵਾਈ ਹੇਠ ਅਪਣਾਈਆਂ ਆਰਥਿਕ ਨੀਤੀਆਂ ਅਨੁਸਾਰ ਕੀਤੀ ਜਾ ਸਕਦੀ ਹੈ। ਸਾਲ 2001 ਤੋਂ ਲੈ ਕੇ 2014 ਤੱਕ ਸਰਕਾਰ ਵਲੋਂ ਸੂਬੇ ਵਿਚ ਢਾਂਚਾਗਤ ਉਸਾਰੀਆਂ (ਸੜਕਾਂ, ਬੰਦਰਗਾਹਾਂ, ਤਾਪ ਬਿਜਲੀ ਘਰ, ਤੇਲ ਸੋਧਕ ਕਾਰਖਾਨੇ) ਅਤੇ ਪੈਟਰੋਕੈਮੀਕਲ ਉਦਯੋਗ ਵੱਲ ਧਿਆਨ ਜਾਂਦਾ ਰਿਹਾ ਹੈ। ਮੁਕਾਬਲਤਨ ਸਮਾਜਕ ਖੇਤਰਾਂ (ਸਿਹਤ, ਵਿਦਿਆ) ਨੂੰ ਨਜ਼ਰ-ਅੰਦਾਜ਼ ਕੀਤਾ ਗਿਆ। ਇਸ ਦੇ ਨਾਲ ਹੀ ਰੁਜ਼ਗਾਰ ਮੁਖੀ ਉਦਯੋਗ ਦੀ ਉਸਾਰੀ ਵੱਲ ਵੀ ਧਿਆਨ ਨਹੀਂ ਦਿੱਤਾ ਗਿਆ। ਇਹ ਨੀਤੀ ਗੁਜਰਾਤ ਦੀ ਪੁਰਾਤਨ ਉਦਯੋਗਿਕ ਨੀਤੀ ਛੋਟੇ ਅਤੇ ਨਿਮਨ ਵਰਗੀ ਉਦਯੋਗ ਨੂੰ ਪ੍ਰਮੁੱਖਤਾ ਦੇ ਉਲਟ ਚਲਦੀ ਹੋਈ ਨਜ਼ਰ ਆਈ। ਇਸ ਸੂਬੇ ਨੂੰ ਰਵਾਇਤੀ ਤੌਰ 'ਤੇ ਛੋਟੇ ਮੱਧ-ਵਰਗੀ ਪੂੰਜੀਪਤੀਆਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਰਿਹਾ ਹੈ ਅਤੇ ਸੂਬਾ ਸਰਕਾਰ ਵੀ ਇਨ੍ਹਾਂ ਉਦਯੋਗਾਂ ਦੀ ਸਹਾਇਤਾ ਕਰਦੀ ਰਹੀ ਸੀ। 1990ਵਿਆਂ ਤੱਕ ਵੀ ਸੂਬਾ ਸਰਕਾਰ ਦੀ ਉਦਯੋਗ ਨੀਤੀ ਛੋਟੇ ਉਦਯੋਗ ਪੱਖੀ ਰਹੀ ਹੈ। ਇਨ੍ਹਾਂ ਉਦਯੋਗਾਂ ਵਿਚ ਰੁਜ਼ਗਾਰ ਦੀਆਂ ਸੰਭਾਵਨਾਵਾਂ ਵੱਡੇ ਕਾਰਖਾਨਿਆਂ ਦੇ ਮੁਕਾਬਲੇ ਔਸਤਨ ਚਾਰ ਗੁਣਾ ਜ਼ਿਆਦਾ ਹੁੰਦੀਆਂ ਹਨ।

ਸੰਨ 2003 ਵਿਚ ਨਰਿੰਦਰ ਮੋਦੀ ਸਰਕਾਰ ਵੱਲੋਂ ਜਾਰੀ ਕੀਤੀ ਗਈ ਉਦਯੋਗਿਕ ਨੀਤੀ ਨੇ ਰਵਾਇਤੀ ਨੀਤੀ ਤਿਆਗ ਕੇ ਵੱਖਰਾ ਰਸਤਾ ਅਖਤਿਆਰ ਕਰ ਲਿਆ। ਸਾਲ 2009 ਇਸ ਤੋਂ ਵੀ ਅੱਗੇ ਨਿਕਲ ਗਿਆ। ਕਦੇ 'ਨਿੱਕਾ ਖੂਬਸੂਰਤ ਹੁੰਦਾ ਹੈ' ਦਾ ਅਖਾਣ ਝੂਠਾ ਪੈਣ ਲੱਗਿਆ। ਗੁਜਰਾਤ ਸਪੈਸ਼ਲ ਇਨਵੈਸਟਮੈਂਟ ਰੀਜ਼ਨ ਐਕਟ ਦਾ ਨਵਾਂ ਕਾਨੂੰਨ ਬਣਾਇਆ ਗਿਆ, ਤਾਂ ਕਿ ਸੂਬੇ ਵਿਚ ਵਿਸ਼ਾਲ ਉਦਯੋਗਿਕ ਖੇਤਰ ਅਤੇ ਪੂੰਜੀ ਨਿਵੇਸ਼ ਖੇਤਰ ਵਿਕਸਤ ਕੀਤੇ ਜਾ ਸਕਣ। ਇਸ ਦਾ ਮੁੱਖ ਉਦੇਸ਼ ਸੀ ਕਿ ਗੁਜਰਾਤ ਨੂੰ ਵਿਦੇਸ਼ੀ ਉਦਯੋਗਿਕ ਅਤੇ ਵਿੱਤੀ ਨਿਵੇਸ਼ ਲਈ ਆਕਰਸ਼ਕ ਕੇਂਦਰ ਬਣਾਇਆ ਜਾਵੇ। ਵਿਸ਼ਵ ਪੱਧਰ ਦਾ ਬੁਨਿਆਦੀ ਢਾਂਚਾ ਉਸਾਰਿਆ ਜਾਵੇ। ਇਸ ਦਾ ਨਿਸ਼ਾਨਾ ਵਿਸ਼ਾਲ ਯੋਜਨਾਵਾਂ ਉਸਾਰਨ ਦਾ ਸੀ, ਜਿਨ੍ਹਾਂ ਵਿਚ ਘੱਟੋ-ਘੱਟ ਲਾਗਤ ਖਰਚਾ 10 ਅਰਬ ਰੁਪਏ ਜਾਂ (125 ਮਿਲੀਅਨ ਡਾਲਰ) ਦਾ ਹੋਵੇ ਅਤੇ ਜਿਨ੍ਹਾਂ ਕਾਰਖਾਨਿਆਂ ਵਿਚ ਮਜ਼ਦੂਰਾਂ ਦੀ ਗਿਣਤੀ ਕੇਵਲ 2000 ਦੀ ਹੋਵੇ, ਯਾਨੀ ਇੱਕ ਨੌਕਰੀ ਪੈਦਾ ਕਰਨ ਦਾ ਖਰਚਾ 500,000 ਰੁਪਏ ਹੋਵੇ। ਸਪੱਸ਼ਟ ਹੈ ਕਿ ਇਹ ਯੋਜਨਾਵਾਂ ਸਰਮਾਏ ਮੁਖੀ ਸਨ, ਯਾਨਿ ਅਜਿਹੇ ਉਦਯੋਗ ਉਸਾਰੇ ਗਏ, ਜਿਨ੍ਹਾਂ ਵਿਚ ਮੁਲਾਜ਼ਮਾਂ ਦੀ ਜ਼ਰੂਰਤ ਜਾਂ ਤਨਖਾਹਾਂ ਦਾ ਖਰਚਾ ਬਹੁਤ ਘੱਟ ਸੀ। ਵਿਸ਼ਵ ਦੀਆਂ ਵੱਡੀਆਂ ਕੰਪਨੀਆਂ ਨੂੰ ਆਕਰਸ਼ਤ ਕਰਨ ਲਈ ਜ਼ਮੀਨ ਮੁਹੱਈਆ ਕਰਨਾ ਬੁਨਿਆਦੀ ਜ਼ਰੂਰਤ ਸਮਝੀ ਗਈ।

ਗੁਜਰਾਤ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਨੇ ਇਸ ਮਕਸਦ ਲਈ ਜ਼ਮੀਨ ਦਾ ਅਧਿਗ੍ਰਹਿਣ ਸ਼ੁਰੂ ਕੀਤਾ, ਜੋ ਅੱਗੇ ਪੂੰਜੀਪਤੀਆਂ ਨੂੰ ਸਸਤੇ ਭਾਵਾਂ 'ਤੇ ਦਿੱਤੀ ਗਈ। ਨਹੀਂ ਉਦਯਗ ਨੀਤੀ ਦੇ ਨਾਲ ਨਾ ਸਿਰਫ ਜ਼ਮੀਨ ਮਾਲਕ ਜਾਂ ਕਿਸਾਨ ਹੀ ਪ੍ਰਭਾਵਤ ਹੋਏ, ਸਗੋਂ ਇਹਦੇ ਨਾਲ ਕਿਰਤੀ ਜਮਾਤ ਉਪਰ ਵੀ ਅਸਰ ਹੋਇਆ। 1990ਵਿਆਂ ਤੱਕ ਇਹ ਕਾਨੂੰਨੀ ਤੌਰ 'ਤੇ ਜ਼ਰੂਰੀ ਸੀ ਕਿ ਜੋ ਵਪਾਰੀ ਕੋਈ ਨਵੀਂ ਯੋਜਨਾ ਸ਼ੁਰੂ ਕਰਨ ਲਈ ਸਰਕਾਰੀ ਰਿਆਇਤ ਪ੍ਰਾਪਤ ਕਰਦਾ ਹੈ, ਉਹ ਘੱਟੋ-ਘੱਟ 100 ਕਾਮਿਆਂ ਨੂੰ ਪੱਕਾ ਰੁਜ਼ਗਾਰ ਦੇਵੇਗਾ। ਸੰਨ 2000 ਤੱਕ ਇਹ ਸ਼ਰਤ ਨਰਮ ਹੁੰਦੀ ਚਲੀ ਗਈ। ਗੁਜਰਾਤ ਦੀ ਨਵੀਂ ਉਦਯੋਗਿਕ ਨੀਤੀ ਨੇ ਉਨ੍ਹਾਂ ਕੁਝ ਪੂੰਜੀਪਤੀਆਂ ਨੂੰ ਲਾਭ ਪਹੁੰਚਾਇਆ, ਜਿਨ੍ਹਾਂ ਦੇ ਕਾਰਖਾਨੇ ਸਰਮਾਏ ਮੁਖੀ ਸਨ, ਇਨ੍ਹਾਂ ਵਿਚ ਕਿਰਤੀਆਂ ਦੀ ਬਹੁਤ ਘੱਟ ਜ਼ਰੂਰਤ ਸੀ। ਇਸ ਨੀਤੀ ਦਾ ਨਤੀਜਾ ਇਹ ਹੋਇਆ ਕਿ ਸਾਲ 2009-10 ਤੋਂ 2012-13 ਤੱਕ ਦੇਸ਼ ਦੇ ਗੁਜਰਾਤ ਪ੍ਰਾਂਤ ਵਿਚ ਉਦਯੋਗਿਕ ਖੇਤਰ ਵਿਚ ਸਭ ਤੋਂ ਵੱਧ ਨਿਵੇਸ਼ ਹੋਇਆ, ਪਰ ਇਸ ਉਦਯੋਗਿਕ ਕਰਾਂਤੀ ਦੇ ਨਾਲ ਰੁਜ਼ਗਾਰ ਪੈਦਾ ਨਹੀਂ ਹੋਏ। ਇਸ ਦੇ ਉਲਟ ਉਨ੍ਹਾਂ ਸੂਬਿਆਂ ਵਿਚ ਜ਼ਿਆਦਾ ਲੋਕਾਂ ਨੂੰ ਰੁਜ਼ਗਾਰ ਮਿਲਿਆ, ਜਿੱਥੇ ਛੋਟੀਆਂ ਉਦਯੋਗਿਕ ਇਕਾਈਆਂ ਨੇ ਵਿਕਾਸ ਕੀਤਾ ਅਤੇ ਜੋ ਇਕਾਈਆਂ ਰੁਜ਼ਗਾਰ ਮੁਖੀ ਸਨ। ਇਸ ਮਾਮਲੇ ਵਿਚ ਗੁਜਰਾਤ ਦੀ ਤੁਲਨਾ ਤਾਮਿਲਨਾਡੂ ਨਾਲ ਕੀਤੀ ਜਾ ਸਕਦੀ ਹੈ। 2013 ਦੇ ਭਾਰਤ ਵਿਚ ਗੁਜਰਾਤ ਦੇ ਉਦਯੋਗਿਕ ਖੇਤਰ ਵਿਚ ਦੇਸ਼ ਦੇ ਕੁਲ ਸਰਮਾਏ ਦਾ 17.7 ਫੀਸਦੀ ਲੱਗਿਆ ਹੋਇਆ ਸੀ, ਜਿਹਦੇ ਨਾਲ ਕੁਲ 9.8 ਫੀਸਦੀ ਨੌਕਰੀਆਂ ਪੈਦਾ ਹੋ ਰਹੀਆਂ ਸਨ ਇਸ ਦੇ ਮੁਕਾਬਲੇ ਤਾਮਿਲਨਾਡੂ ਦੇ ਉਦਯੋਗ ਵਿਚ ਸਰਮਾਏ ਦੀ ਲਾਗਤ 9.8 ਫੀਸਦੀ ਸੀ, ਪਰ ਫੈਕਟਰੀ ਨੌਕਰੀਆਂ 16 ਫੀਸਦੀ ਸਨ।

ਸਿਰਫ ਐਨਾ ਹੀ ਨਹੀਂ ਕਿ ਵੱਡੀਆਂ ਕੰਪਨੀਆਂ ਜ਼ਿਆਦਾਤਰ ਸਰਮਾਏ ਮੁਖੀ ਯੋਜਨਾਵਾਂ ਵਿਚ ਨਿਦੇਸ਼ ਕਰਦੀਆਂ ਹਨ। ਸਮੱਸਿਆ ਇਹ ਵੀ ਹੈ ਕਿ ਇਨ੍ਹਾਂ ਨੇ ਗੁਜਰਾਤ ਦੇ ਛੋਟੇ ਤੇ ਦਰਮਿਆਨੇ ਵਰਗੀ ਕਾਰੋਬਾਰੀਆਂ ਦੀ ਗਿਰਾਵਟ ਵਿਚ ਵੀ ਹਿੱਸਾ ਪਾਇਆ ਹੈ, ਜੋ ਛੋਟੇ ਕਾਰੋਬਾਰੀ ਵੱਡੀਆਂ ਕੰਪਨੀਆਂ ਨੂੰ ਮਾਲ ਸਪਲਾਈ ਕਰਦੇ ਹਨ, ਉਨ੍ਹਾਂ ਨੂੰ ਵਕਤ ਤੇ ਅਦਾਇਗੀ ਨਾ ਕਰਨਾ। ਅਡਾਨੀ ਗਰੁੱਪ ਬਿਜਲੀ ਉਤਪਾਦਨ ਦੀ ਗੁਜਰਾਤ ਦੀ ਮੁੱਖ ਕੰਪਨੀ ਸੀ, ਜੋ ਛੋਟੇ ਤੇ ਦਰਮਿਆਨੇ ਵਰਗੀ ਕਾਰੋਬਾਰੀਆਂ ਨੂੰ ਮਹਿੰਗੇ ਭਾਅ ਬਿਜਲੀ ਸਪਲਾਈ ਕਰਦੀ ਰਹੀ ਸੀ। ਇਨ੍ਹਾਂ ਕਾਰਨਾਂ ਸਦਕਾ ਹੀ ਸਾਲ 2004 ਤੇ 2014 ਦੇ ਵਿਚਕਾਰ ਗੁਜਰਾਤ ਦੇ 60,000 ਛੋਟੇ ਕਾਰੋਬਾਰ ਬੰਦ ਹੋ ਗਏ ਸਨ।

ਭਾਰਤ ਦੇ ਸਭ ਤੋਂ ਪ੍ਰਮੁੱਖ ਇਜ਼ਾਰੇਦਾਰ ਗੌਤਮ ਅਡਾਨੀ ਦੇ ਕਾਰੋਬਾਰਾਂ 'ਚ ਮੁਲਾਜ਼ਮਾਂ ਦੀ ਗਿਣਤੀ 36000 ਹੈ, ਜਦ ਕਿ ਦੇਸ਼ ਦੇ ਬਾਕੀ ਦੇ ਛੇ ਮੁੱਖ ਗਰੁੱਪਾਂ ਵਿਚ ਔਸਤ 1,50,000 ਕਿਰਤੀ ਕੰਮ ਕਰਦੇ ਹਨ।

***–ਦੀ ਵਾਇਰ ਤੋਂ ਧੰਨਵਾਦ ਸਹਿਤ***

## ਮਿੰਨੀ ਕਹਾਣੀ

## ਅਹਿਸਾਨ ਫ਼ਰਾਮੋਸ਼

**ਪ੍ਰੋ. ਨਵ ਸੰਗੀਤ ਸਿੰਘ**
**ਫੋਨ: 94176-92015**

ਸਰ ਜੀ, ਬਸ ਤੀਹ ਹਜ਼ਾਰ ਦਾ ਪ੍ਰਬੰਧ ਕਰ ਦਿਓ, ਮਾਂ ਬਹੁਤ ਬੀਮਾਰ ਹੈ। ਹਸਪਤਾਲ ਦਾਖ਼ਲ ਹੈ... ਅਗਲੇ ਮਹੀਨੇ ਥੋੜੇ ਸਾਰੇ ਪੈਸੇ ਮੋੜ ਦਿਆਂਗਾ।" ਕਰਮਜੀਤ ਨੇ ਲੇਲੜੀਆਂ ਕੱਢਦੇ ਹੋਏ ਮੇਰੇ ਪੈਰ ਫੜ ਲਏ। ਉਹ ਮੇਰੇ ਹੀ ਵਿਭਾਗ ਵਿਚ ਮੇਰੇ ਅਧੀਨ ਕਾਰਜਸ਼ੀਲ ਸੀ। ਉਹਦੀ ਨਿਯੁਕਤੀ ਲਈ ਵੀ ਮੈਂ ਬੌਸ 'ਤੇ ਜ਼ੋਰ ਪਾਇਆ ਸੀ। ਮੇਰਾ ਮਨ ਤਾਂ ਨਹੀਂ ਸੀ ਕਰਦਾ ਕਿ ਉਹਨੂੰ ਪੈਸੇ ਦਿਆਂ, ਕਿਉਂਕਿ ਉਹਨੇ ਪਹਿਲਾਂ ਵੀ ਵੀਹ ਹਜ਼ਾਰ ਰੁਪਏ ਕੋਈ ਹੋਰ ਬਹਾਨਾ ਲਾ ਕੇ ਪੰਦਰਾਂ ਦਿਨਾਂ ਲਈ ਲਏ ਸਨ ਤੇ ਹੁਣ ਤਿੰਨ ਸਾਲਾਂ ਬਾਅਦ ਵੀ ਨਹੀਂ ਮੋੜੇ। ਪਰ ਮੈਨੂੰ ਮਾਂ ਦੀ ਬੀਮਾਰੀ 'ਤੇ ਤਰਸ ਆ ਗਿਆ। ਮੈਂ ਚੈੱਕ ਕੱਟ ਕੇ ਦੇ ਦਿੱਤਾ, ਕਿਉਂਕਿ ਮੇਰੇ ਕੋਲ ਨਕਦ ਪੈਸੇ ਨਹੀਂ ਸਨ। ਪੰਜ ਸਾਲ ਤੱਕ ਉਹਨੇ ਪੈਸਿਆਂ ਦਾ ਕੋਈ ਨਾਂ ਨਾ ਲਿਆ। ਮੈਂ ਆਨੀਂ-ਬਹਾਨੀਂ ਮੰਗਦਾ ਤਾਂ ਟਾਲ-ਮਟੋਲ ਕਰ ਦਿੰਦਾ। ਮੇਰੀ ਸੇਵਾਮੁਕਤੀ ਦਾ ਦਿਨ ਆ ਗਿਆ ਤਾਂ ਮੈਂ ਕਰਮਜੀਤ ਨੂੰ ਪੈਸੇ ਮੋੜਨ ਬਾਰੇ ਯਾਦ ਕਰਾਇਆ। "ਸਰ ਜੀ, ਗੱਲ ਈ ਕੋਈ ਨਹੀਂ, ਏਸੇ ਹਫ਼ਤੇ ਦੇ ਦਿਆਂਗਾ।" ਮੇਰੀ ਬੇਟੀ ਦਾ ਦਾਖਲਾ ਚੰਡੀਗੜ੍ਹ ਹੋ ਗਿਆ ਤਾਂ ਉਹਦੀ ਫੀਸ, ਪੀਜੀ ਆਦਿ ਲਈ ਪੈਸੇ ਚਾਹੀਦੇ ਸਨ। ਮੈਂ ਕਰਮਜੀਤ ਨੂੰ ਕਿਹਾ ਤਾਂ ਉਹ ਸਾਫ਼ ਮੁੱਕਰ ਗਿਆ, "ਕਿੱਥੇ ਸਰ ਜੀ, ਪੰਜ ਮਹੀਨੇ ਤੋਂ ਮੇਰੀ ਤਨਖਾਹ ਹੀ ਨਹੀਂ ਆਈ...।" ਮੈਨੂੰ ਪਤਾ ਸੀ ਕਿ ਉਹ ਬਹਾਨੇ ਬਣਾ ਰਿਹਾ ਹੈ ਤੇ ਉਹਨੂੰ ਲਗਾਤਾਰ ਤਨਖਾਹ ਮਿਲ ਰਹੀ ਹੈ। ਮੈਂ ਦਫ਼ਤਰ ਦੇ ਉੱਚ ਅਧਿਕਾਰੀਆਂ ਤੱਕ ਪਹੁੰਚ ਕੀਤੀ ਪਰ ਉਸ ਅਹਿਸਾਨ-ਫ਼ਰਾਮੋਸ਼ ਨੇ ਅੱਜ ਸਾਢੇ ਛੇ ਸਾਲਾਂ ਬਾਅਦ ਪੰਜਾਹ ਹਜ਼ਾਰ ਰੁਪਏ 'ਚੋਂ ਇੱਕ ਰੁਪਏ ਦੀ ਵੀ ਅਦਾਇਗੀ ਨਹੀਂ ਕੀਤੀ। ਮੇਰੇ ਅਹਿਸਾਨਾਂ ਦਾ ਉਹਨੇ ਇਹ ਸਿਲਾ ਦਿੱਤਾ ਹੈ...।

# ਉਜਾੜਾ ਅਤੇ ਪ੍ਰਵਾਸ ਅਤਿਅੰਤ ਪੀੜਾਦਾਇਕ

ਨਿੱਤ ਦਿਹਾੜੇ ਸੈਂਕੜਿਆਂ ਦੀ ਗਿਣਤੀ 'ਚ ਜਬਰੀ ਹੱਥਾਂ 'ਚ ਹੱਥਕੜੀਆਂ, ਪੈਰਾਂ 'ਚ ਬੇੜੀਆਂ ਨਾਲ ਜਕੜ ਕੇ ਪ੍ਰਵਾਸੀ ਅਮਰੀਕਾ 'ਚੋਂ ਕੱਢੇ ਜਾ ਰਹੇ ਹਨ। ਅਮਰੀਕਾ ਵਸਦੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਲੱਖਾਂ ਵਿਚ ਹੈ। ਮੈਕਸੀਕੋ, ਭਾਰਤ ਅਤੇ ਹੋਰ ਦੇਸ਼ਾਂ ਦੇ ਬਾਸ਼ਿੰਦੇ ਰੁਜ਼ਗਾਰ ਅਤੇ ਚੰਗੇ ਭਵਿੱਖ ਖ਼ਾਤਰ ਏਜੰਟਾਂ ਦੇ ਵਹੇ ਚੜ੍ਹ ਕੇ ਅਮਰੀਕਾ ਪੁੱਜੇ, ਸਰਕਾਰੀ ਸ਼ਿਕੰਜੇ 'ਚ ਗ਼ੈਰ-ਕਾਨੂੰਨੀ ਹੋਣ ਕਾਰਨ ਜਕੜੇ ਗਏ।

ਅਮਰੀਕਾ ਦੀ ਨਵੀਂ ਹਕੂਮਤ ਆਉਣ 'ਤੇ ਉਨ੍ਹਾਂ ਵਿਚੋਂ ਵੱਡੀ ਗਿਣਤੀ ਪ੍ਰਵਾਸੀਆਂ ਨੂੰ ਡਿਟੈਂਸ਼ਨ ਸੈਂਟਰ 'ਚ ਧੱਕ ਦਿੱਤਾ ਗਿਆ, ਜਿੱਥੇ ਉਨ੍ਹਾਂ ਨੂੰ ਤਸੀਹੇ ਦਿੱਤੇ ਗਏ ਅਤੇ ਮੁੜ ਉਨ੍ਹਾਂ ਨੂੰ ਉੱਥੋਂ ਦੇ ਸਖ਼ਤ ਕਾਨੂੰਨ ਅਨੁਸਾਰ ਫੌਜੀ ਹਵਾਈ ਜਹਾਜ਼ਾਂ ਰਾਹੀਂ ਉਨ੍ਹਾਂ ਦੇ ਆਪਣੇ ਦੇਸ਼ ਭੇਜਿਆ ਜਾ ਰਿਹਾ ਹੈ। ਇਹ ਉਹ ਪ੍ਰਵਾਸੀ ਹਨ ਜਿਹੜੇ ਲੱਖਾਂ ਰੁਪਏ



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਖ਼ਰਚ ਕੇ ਡੌਂਕੀ ਰੂਟਾਂ ਰਾਹੀਂ ਵੱਡੇ ਕਸ਼ਟ ਝੱਲ ਕੇ ਅਮਰੀਕਾ ਪੁੱਜੇ ਸਨ। ਇੱਕ ਰਿਪੋਰਟ ਮੁਤਾਬਕ ਕੁਝ ਸਮੇਂ 'ਚ ਹੀ ਲਗਭਗ 18000 ਗ਼ੈਰ-ਕਾਨੂੰਨੀ ਪ੍ਰਵਾਸੀ ਭਾਰਤੀ ਦੇਸ਼ ਪਰਤਾ ਦਿੱਤੇ ਜਾਣਗੇ। ਗ਼ੈਰ-ਕਾਨੂੰਨੀ ਪ੍ਰਵਾਸੀਆਂ ਦਾ ਇਹ ਪ੍ਰਤੱਖ ਸਿੱਟਾ ਦੁਖਦਾਇਕ ਹੈ।

ਇਸ ਤੋਂ ਵੱਧ ਪੀੜਾਦਾਇਕ ਕੈਨੇਡਾ, ਅਮਰੀਕਾ ਵਸਦੇ ਉਨ੍ਹਾਂ ਲੋਕਾਂ ਦੇ ਡਗਮਗਾਉਂਦੇ ਭਵਿੱਖ ਦੀ ਵਾਰਤਾ ਹੈ, ਜੋ ਉਨ੍ਹਾਂ ਦੇਸ਼ਾਂ ਦੇ ਕਾਨੂੰਨਾਂ ਦੇ ਥਪੇੜੇ ਝੱਲ ਰਹੇ ਹਨ, ਜਿਹੜੇ ਇਸ ਆਸ ਨਾਲ ਉਨ੍ਹਾਂ ਦੇਸ਼ਾਂ 'ਚ ਚੰਗੇਰੇ ਭਵਿੱਖ ਲਈ ਵਿਦਿਆਰਥੀ ਬਣ ਕੇ ਜਾਂ ਨੌਕਰੀਆਂ ਕਰਨ ਲਈ ਗਏ ਸਨ ਅਤੇ ਹੁਣ ਬਦਲਦੇ ਕਾਨੂੰਨਾਂ ਦੇ ਥਪੇੜੇ ਝੱਲ ਰਹੇ ਹਨ। ਇਨ੍ਹਾਂ ਦੀ ਚਿੰਤਾ ਉੱਥੋਂ ਦੇਸ-ਨਿਕਾਲੇ ਦੀ ਹੈ।

ਅਸਲ ਵਿਚ ਪ੍ਰਵਾਸ ਦਾ ਦਰਦ ਇੰਨਾ ਡੂੰਘਾ ਹੈ ਮਨੁੱਖ ਲਈ ਕਿ ਉਸਨੂੰ ਝੱਲਣਾ ਔਖਾ ਹੈ। ਪਿੰਡ ਤੋਂ ਸ਼ਹਿਰ ਦਾ ਪ੍ਰਵਾਸ, ਸ਼ਹਿਰ ਦੇ ਇੱਕ ਕੋਨੇ ਤੋਂ ਦੂਜੇ ਸੂਬੇ ਦਾ ਪ੍ਰਵਾਸ, ਜਿਥੋਂ ਦੀ ਬੋਲੀ, ਸਭਿਆਚਾਰ ਦਾ ਆਪਸੀ ਵਖਰੇਵਾਂ ਹੈ ਅਤੇ ਫਿਰ ਦੇਸ ਤੋਂ ਪ੍ਰਦੇਸ ਦੇ ਪ੍ਰਵਾਸ ਦਾ ਦਰਦ ਮਨੁੱਖ ਨੂੰ ਭਰੇ ਮਨ ਨਾਲ ਮਜਬੂਰੀ ਵੱਸ ਹੰਢਾਉਣਾ ਪੈਂਦਾ ਹੈ। ਇਹੋ ਜਿਹੇ ਪ੍ਰਵਾਸ ਦੇ ਦਰਦ ਦੀ ਇੱਕ ਵੰਨਗੀ ਪਿਛਲੇ ਸਾਲਾਂ 'ਚ ਉਸ ਵੇਲੇ ਦੇਸ਼ 'ਚ ਵੇਖਣ ਨੂੰ ਮਿਲੀ ਜਦੋਂ ਕਰੋਨਾ ਆਫ਼ਤ ਨੇ ਦੇਸਾਂ-ਵਿਦੇਸ਼ਾਂ 'ਚ ਕਰੋੜਾਂ ਲੋਕ ਘਰੋਂ ਬੇਘਰ ਕਰ ਦਿੱਤੇ। ਸ਼ਹਿਰਾਂ 'ਚ ਰੋਜ਼ੀ ਰੋਟੀ ਕਮਾਉਣ ਗਏ ਲੋਕ ਪਿੰਡਾਂ ਵੱਲ ਪਰਤਾ ਦਿੱਤੇ। ਇਨ੍ਹਾਂ ਪ੍ਰਵਾਸੀਆਂ ਦੇ ਹਾਲਾਤ ਬਦ ਤੋਂ ਬਦਤਰ ਹੋਏ, ਜਿਹੜੇ ਵਰ੍ਹਿਆਂ ਬਾਅਦ ਵੀ ਸੌਖੇ ਨਹੀਂ ਹੋ ਸਕੇ। ਵੱਡੀਆਂ ਉਜਾੜੇ ਦੀਆਂ ਇਹ ਹਾਲਤਾਂ ਭੁੱਖਮਰੀ ਦੀਆਂ ਪ੍ਰਸਥਿਤੀਆਂ ਪੈਦਾ ਕਰਦੀਆਂ ਹਨ, ਉਦੋਂ ਜਦੋਂ ਮਨੁੱਖ ਆਪਣੀਆਂ ਜੜ੍ਹਾਂ ਤੋਂ ਉਖੜਨ ਲਈ ਬੇਬਸ ਹੋ ਜਾਂਦਾ ਹੈ। ਵਸਿਆ-ਰਸਿਆ ਘਰ, ਪਰਿਵਾਰ, ਆਲਾ-ਦੁਆਲਾ ਛੱਡਣ ਲਈ ਉਹ ਮਜਬੂਰ ਹੋ ਜਾਂਦਾ ਹੈ।

ਅੱਜ ਵਿਸ਼ਵ ਭਰ 'ਚ ਜਬਰਨ ਘਰ ਛੱਡਣ-ਛੁਡਾਉਣ ਦੇ ਹਾਲਾਤ ਦਾ ਸਾਹਮਣਾ ਕਰਨ ਵਾਲੇ ਲੋਕਾਂ ਦੀ ਗਿਣਤੀ ਅੱਠ ਕਰੋੜ ਚਾਲੀ ਲੱਖ ਤੋਂ ਜ਼ਿਆਦਾ ਹੋ ਚੁੱਕੀ ਹੈ। ਇਨ੍ਹਾਂ ਵਿਚ ਚਾਰ ਕਰੋੜ ਅੱਸੀ ਲੱਖ ਲੋਕ ਤਾਂ ਆਪਣੇ ਦੇਸ਼ਾਂ ਵਿਚ ਹੀ ਉਜਾੜੇ ਦਾ ਸ਼ਿਕਾਰ ਹਨ। ਪਰ ਅਸਲ ਵਿਚ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਵਾਸੀਆਂ ਦੀ ਗਿਣਤੀ ਸਤਾਈ ਕਰੋੜ ਵੀਹ ਲੱਖ ਪੁੱਜ ਚੁੱਕੀ ਹੈ। ਇਨ੍ਹਾਂ ਵਿਚੋਂ 9 ਕਰੋੜ 50 ਲੱਖ ਲੋਕ ਹੇਠਲੇ ਅਤੇ ਵਿਚਕਾਰਲੀ ਆਮਦਨ ਵਾਲੇ ਦੇਸ਼ਾਂ ਵਿਚ ਰਹਿ ਰਹੇ ਹਨ। ਉਹ ਉਜਾੜੇ ਅਤੇ ਭੁੱਖਮਰੀ ਨਾਲ ਜੂਝ ਰਹੇ ਹਨ। ਜਲਵਾਯੂ ਆਫ਼ਤ, ਭੂਚਾਲ, ਹਿੰਸਕ ਝੜਪਾਂ, ਯੁੱਧ, ਮਹਿੰਗਾਈ-ਬੇਰੁਜ਼ਗਾਰੀ, ਸਿਆਸੀ ਹਾਲਾਤ, ਸੋਕਾ ਅਤੇ ਹੜ੍ਹ ਦੇ ਚਲਦਿਆਂ ਦੁਨੀਆਂ ਦੇ ਉਜਾੜੇ ਦਾ ਸ਼ਿਕਾਰ ਲੋਕਾਂ ਦੀ ਗਿਣਤੀ ਗਿਆਰਾਂ ਕਰੋੜ ਤੋਂ ਵੀ ਵੱਧ ਹੈ, ਜਿਨ੍ਹਾਂ 'ਚ 40 ਫ਼ੀਸਦੀ ਬੱਚੇ ਹਨ। ਉਹ ਰਾਸ਼ਟਰੀਅਤਾ, ਸਿਖਿਆ, ਸਿਹਤ, ਰੁਜ਼ਗਾਰ, ਆਵਾਗਮਨ, ਆਜ਼ਾਦੀ ਅਤੇ ਬੁਨਿਆਦੀ ਅਧਿਕਾਰਾਂ ਤੋਂ ਵਾਂਝੇ ਹੋ ਚੁੱਕੇ ਹਨ। 2024 'ਚ ਇੱਕ ਰਿਪੋਰਟ ਇਹੋ ਜਿਹੇ ਹਾਲਾਤ ਬਾਰੇ ਛਪੀ ਹੈ, ਜੋ ਦਰਸਾਉਂਦੀ ਹੈ ਕਿ 2024 ਉਜਾੜੇ 'ਤੇ ਪ੍ਰਵਾਸ ਦੀ ਦ੍ਰਿਸ਼ਟੀ ਤੋਂ ਅਤਿਅੰਤ ਚੁਣੌਤੀ ਭਰਪੂਰ ਰਿਹਾ ਹੈ।

ਸੀਰੀਆ 'ਚ ਉਜਾੜੇ ਦੀ ਸਥਿਤੀ ਗੰਭੀਰ ਹੈ। ਯੂਕਰੇਨ ਜੰਗ ਕਾਰਨ ਇੱਕ ਕਰੋੜ ਤੇਰਾਂ ਲੱਖ ਲੋਕ ਬੇਘਰ ਹੋ ਗਏ ਹਨ। ਪੋਲੈਂਡ, ਰੁਮਾਨੀਆ, ਹੰਗਰੀ ਅਤੇ ਬੇਲਾਰੂਸ ਦੇ ਲੋਕ ਗੁਆਂਢੀ ਦੇਸ਼ਾਂ 'ਚ ਸ਼ਰਨਾਰਥੀ ਬਣੇ ਹੋਏ ਹਨ। ਅਫ਼ਗਾਨਿਸਤਾਨ ਦੇ ਇੱਕ ਕਰੋੜ ਨੱਬੇ ਲੱਖ ਲੋਕ ਭੁੱਖਮਰੀ ਵਰਗੇ ਹਾਲਾਤ ਵਿਚ ਹਨ। ਵੈਨੇਜ਼ੁਏਲਾ 'ਚ ਤੇਈ ਲੱਖ ਲੋਕ ਭੁੱਖਮਰੀ ਦੀ ਗੰਭੀਰ ਸਥਿਤੀ ਸੰਕਟ 'ਚ ਹਨ। ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। ਦੱਖਣੀ ਸੂਡਾਨ ਦੇ ਹਾਲਾਤ ਅਤਿਅੰਤ ਗੰਭੀਰ ਹਨ। ਮੀਆਂਮਾਰ ਵਿਚੋਂ ਉਜੜੇ ਸਤਾਰਾਂ ਲੱਖ ਲੋਕ ਆਪਣੀ ਨਾਗਰਿਕਤਾ ਗੁਆ ਕੇ ਦੁਨੀਆ ਦੇ ਸਭ ਤੋਂ ਜ਼ਿਆਦਾ ਸਤਾਏ ਜਾਣ ਵਾਲੀ ਸਥਿਤੀ 'ਚ ਘੱਟ ਗਿਣਤੀਆਂ ਦੇ ਰੂਪ 'ਚ ਜਾਣੇ ਜਾਂਦੇ ਹਨ। ਇਨ੍ਹਾਂ ਦੇਸ਼ਾਂ ਦੇ ਬੱਚਿਆਂ ਦੇ ਹਾਲਾਤ ਅਤਿਅੰਤ ਤਰਸਯੋਗ ਹਨ। ਪੰਜ ਸਾਲ ਤੋਂ ਘੱਟ ਉਮਰ ਦੇ ਬੱਚੇ ਕੁਪੋਸ਼ਣ ਕਾਰਨ ਬੌਣੇਪਨ ਦਾ ਸ਼ਿਕਾਰ ਹਨ। ਦੁਨੀਆ 'ਚ ਇਸ ਸਮੇਂ ਸਭ ਤੋਂ ਵੱਧ ਆਬਾਦੀ ਸ਼ਰਨਾਰਥੀਆਂ ਦੀ ਹੈ, ਜਿਨ੍ਹਾਂ ਵਿਚ ਦੋ ਕਰੋੜ ਪੰਜਾਹ ਲੱਖ ਤੋਂ ਜ਼ਿਆਦਾ ਆਪਣੇ ਘਰਾਂ 'ਚੋਂ ਉਜੜ ਕੇ ਵਿਦੇਸ਼ਾਂ 'ਚ ਦਿਨ ਕੱਟੀ ਕਰ ਰਹੇ ਹਨ। ਇਨ੍ਹਾਂ ਵਿਚੋਂ ਇੱਕ ਕਰੋੜ ਦਸ ਲੱਖ ਬੱਚੇ ਹਨ। ਪਿਛਲੇ ਦਸ ਸਾਲਾਂ 'ਚ ਇਹ ਸੰਖਿਆ ਦੁਗਣੀ ਹੋ ਗਈ ਹੈ।

ਵਿਸ਼ਵ ਭਰ 'ਚ ਟੈਕਨਾਲੋਜੀ ਦੇ ਵਿਕਾਸ ਦੇ ਫੋਕੇ ਨਾਹਰਿਆਂ ਵਿਚਕਾਰ ਬੀਤੇ ਸਾਲ 2024 ਵਿਚ ਲਗਭਗ ਪੰਦਰਾਂ ਕਰੋੜ ਲੋਕ ਭੁੱਖਮਰੀ ਤੋਂ ਬੇਹਾਲ ਰਹੇ। ਕੋਵਿਡ ਦੇ ਬਾਅਦ ਹੁਣ ਤੱਕ ਇਸ ਗਿਣਤੀ 'ਚ ਪੰਦਰਾਂ ਕਰੋੜ ਦਾ ਹੋਰ ਵਾਧਾ ਹੋਇਆ। ਇੱਕ ਅਧਿਐਨ ਅਨੁਸਾਰ ਸਤਾਹਟ ਕਰੋੜ ਲੋਕਾਂ ਨੂੰ 2030 ਤੱਕ ਭੁੱਖਮਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਭਾਰਤ ਵਿਚ ਉਜਾੜੇ ਅਤੇ ਪ੍ਰਵਾਸ ਦੇ ਕਾਰਨ ਵੱਖ-ਵੱਖ ਖਿੱਤਿਆਂ 'ਚ ਵੱਖੋ-ਵੱਖਰੇ ਹਨ। ਇਨ੍ਹਾਂ ਦਾ ਕਾਰਨ ਸੋਕਾ, ਹੜ੍ਹ ਵੀ ਹੈ, ਭੋਜਨ ਦੀ ਘਾਟ ਵੀ ਅਤੇ ਹਿੰਸਾ ਅਤੇ ਸੰਘਰਸ਼ ਵੀ। ਡਾਊਨ ਟੂ ਅਰਥ ਸਟੇਟ ਆਫ਼ ਇੰਡੀਅਨਜ਼ ਐਨਵਾਇਰਨਮੈਂਟ ਦੀ ਇੱਕ ਰਿਪੋਰਟ ਇਹ ਦਾਅਵਾ ਕਰਦੀ ਹੈ ਕਿ ਸੰਘਰਸ਼ ਅਤੇ ਹਿੰਸਾ ਕਾਰਨ ਲਗਭਗ ਪਚਾਸੀ ਲੱਖ ਲੋਕ ਉਜਾੜੇ ਦਾ ਸ਼ਿਕਾਰ ਹੋਏ। ਅਸਾਮ, ਮਿਜ਼ੋਰਮ, ਕਸ਼ਮੀਰ, ਮੇਘਾਲਿਆ, ਮਨੀਪੁਰ, ਤ੍ਰਿਪੁਰਾ 'ਚ ਸਾਲ 2022 ਦੇ ਅੰਤ ਤੱਕ ਸੱਤ ਲੱਖ ਲੋਕਾਂ ਨੂੰ ਆਪਣੇ ਘਰ ਛਡਣੇ ਪਏ।

ਵਿਕਾਸ ਦੀਆਂ ਕਈ ਯੋਜਨਾਵਾਂ ਵੀ ਉਜਾੜੇ ਦਾ ਕਾਰਨ ਬਣ ਰਹੀਆਂ ਹਨ। ਸੈਂਟਰ ਫਾਰ ਸਾਇੰਸ ਐਂਡ ਐਨਵਾਇਰਨਮੈਂਟ ਦੀ ਇੱਕ ਰਿਪੋਰਟ ਦੱਸਦੀ ਹੈ ਕਿ ਹੜ੍ਹ, ਸੋਕੇ ਅਤੇ ਚੱਕਰਵਾਤ ਤੂਫ਼ਾਨਾਂ ਕਾਰਨ ਭਾਰਤ ਵਿਚ ਵੱਡੇ ਪੈਮਾਨੇ ਉਤੇ ਉਜਾੜਾ ਹੋ ਰਿਹਾ ਹੈ। ਦੇਸ਼ ਦੇ ਪਹਾੜੀ ਅਤੇ ਸਮੁੰਦਰੀ ਤੱਟਵਰਤੀ ਖੇਤਰਾਂ ਤੋਂ ਬਿਨਾ ਬਿਹਾਰ, ਛੱਤੀਸਗੜ੍ਹ, ਝਾਰਖੰਡ 'ਚ ਵੀ ਲਗਾਤਾਰ ਇਹੋ ਜਿਹੀਆਂ ਸਥਿਤੀਆਂ ਵੇਖਣ ਨੂੰ ਮਿਲਦੀਆਂ ਹਨ। ਬਿਨਾ ਸ਼ੱਕ ਮਨੁੱਖ ਨੂੰ ਵੱਡੀਆਂ ਆਫ਼ਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੁਝ ਕੁਦਰਤੀ ਆਫ਼ਤਾਂ ਹਨ, ਜਿਨ੍ਹਾਂ ਦਾ ਕਾਰਨ ਵਾਤਾਵਰਨ ਨਾਲ ਵੱਡੀ ਛੇੜ-ਛਾੜ ਹੈ, ਜਿਸਦਾ ਖਮਿਆਜ਼ਾ ਆਮ ਆਦਮੀ ਨੂੰ ਭੁਗਤਣਾ ਪੈਂਦਾ ਹੈ। ਆਮ ਲੋਕਾਂ ਵਿਚੋਂ ਵੀ ਘੱਟ ਤਾਕਤਵਰ, ਕਮਜ਼ੋਰ ਲੋਕ, ਖ਼ਾਸ ਕਰਕੇ ਔਰਤਾਂ ਤੇ ਬੱਚੇ ਆਫ਼ਤਾਂ, ਯੁੱਧਾਂ ਦੇ ਸਿੱਟਿਆਂ ਦਾ ਵੱਧ ਸ਼ਿਕਾਰ ਹੁੰਦੇ ਹਨ।

ਸਮਾਜ 'ਚ ਆਰਥਿਕ ਤੇ ਸਮਾਜਿਕ ਨਾ-ਬਰਾਬਰੀ, ਸਾਧਨਾਂ ਦੀ ਲੁੱਟ, ਇਹੋ ਜਿਹੇ ਕਾਰਨ ਹਨ, ਜੋ ਸਾਧਨਹੀਣ ਮਨੁੱਖ ਲਈ ਵਧੇਰੇ ਮੁਸੀਬਤਾਂ ਖੜ੍ਹੀਆਂ ਕਰਦੇ ਹਨ। ਹੇਠਲੇ ਵਰਗ ਵਾਲੇ, ਘੱਟ ਆਮਦਨੀ ਵਾਲੇ ਲੋਕਾਂ ਨੂੰ ਪ੍ਰਵਾਸ ਦਾ ਵੱਧ ਦਰਦ ਸਹਿਣਾ ਪੈਂਦਾ ਹੈ। ਘਰੋਂ ਬੇਘਰ ਹੋਣਾ, ਭੁੱਖਮਰੀ ਦਾ ਸ਼ਿਕਾਰ ਹੋਣਾ, ਬੇਰੁਜ਼ਗਾਰੀ ਦੀ ਮਾਰ ਹੇਠ ਆਉਣਾ, ਇਹ ਵਰਤਮਾਨ ਸਮੇਂ 'ਚ ਕਾਰਪੋਰੇਟ ਘਰਾਣਿਆਂ ਦੀ ਤਾਕਤ ਤੇ ਧਨ ਹਥਿਆਉਣ ਦਾ ਸਿੱਟਾ ਹੈ। ਜੋ ਕੁਦਰਤ ਦੇ ਨਾਲ ਖਿਲਵਾੜ ਕਰ ਕੇ ਨਵੇਂ ਪ੍ਰਾਜੈਕਟ ਲਗਾ ਕੇ ਸਾਧਨਾਂ ਦੀ ਲੁੱਟ ਕਰ ਕੇ ਆਪਣੇ ਭੜੋਲੇ ਭਰਦੇ ਹਨ, ਹਾਕਮਾਂ ਨਾਲ ਰਲ ਕੇ ਲੋਕਾਂ ਦੀ ਲੁੱਟ-ਖਸੁੱਟ ਕਰਦੇ ਹਨ, ਉਨ੍ਹਾਂ ਦਾ ਸ਼ੋਸ਼ਣ ਕਰਦੇ ਹਨ। ਇਹ ਵਰਤਾਰਾ ਦੇਸ-ਪ੍ਰਦੇਸ 'ਚ ਲਗਾਤਾਰ ਵਧ ਰਿਹਾ ਹੈ।

ਮਨੁੱਖ ਮੁੱਢ ਕਦੀਮ ਤੋਂ ਪ੍ਰਵਾਸ ਹੰਢਾਉਂਦਾ, ਜੰਗਲ ਬੇਲੇ ਘੁੰਮਦਾ, ਸੁਰੱਖਿਅਤ ਟਿਕਾਣਿਆਂ ਅਤੇ ਚੰਗੇ ਸੁਖਾਵੇਂ ਜੀਵਨ ਦੀ ਭਾਲ ਤੇ ਲਾਲਸਾ ਤਹਿਤ ਆਪਣੀ ਜਨਮ ਭੂਮੀ ਤੋਂ ਦੂਰ ਜਾਂਦਾ ਰਿਹਾ ਹੈ। ਜੀਵਨ ਦਾ ਉਸਦਾ ਇਹ ਸੰਘਰਸ਼ ਲਗਾਤਾਰ ਜਾਰੀ ਹੈ। ਉਸਦੀ ਤਾਂਘ ਬ੍ਰਹਿਮੰਡ 'ਚ ਵਿਸ਼ਵ ਨਾਗਰਿਕਤਾ ਪ੍ਰਾਪਤ ਕਰਨ ਨਾਲ ਜੁੜੀ ਹੈ। ਉਸਦੀ ਸੋਚ, ਭੁੱਖਮਰੀ ਤੋਂ ਛੁਟਕਾਰਾ ਪਾ ਕੇ ਚੰਗੀ ਸਾਵੀ ਜ਼ਿੰਦਗੀ ਜੀਊਣ ਨਾਲ ਬੱਝੀ ਹੋਈ ਹੈ। ਦੇਸਾਂ-ਵਿਦੇਸ਼ਾਂ ਦੀਆਂ ਸਰਕਾਰਾਂ ਦੇ ਨਿਯਮ ਉਸਨੂੰ ਆਪਣੀ ਖੁੱਲ੍ਹੀ ਸੋਚ 'ਚ ਰੁਕਾਵਟ ਜਾਪਦੇ ਹਨ। ਉਹ ਕਈ ਵੇਰ ਵੱਡੇ ਜੋਖ਼ਮ ਉਠਾ ਕੇ ਕਾਨੂੰਨੀ ਸੰਗਲਾਂ ਨੂੰ ਤੋੜਦਾ ਹੈ ਅਤੇ ਕਈ ਵੇਰ ਆਪ ਇਨ੍ਹਾਂ ਸੰਗਲਾਂ 'ਚ ਜਕੜਿਆਂ ਜਾਂਦਾ ਹੈ।

ਉਂਜ ਮਨੁੱਖ ਲਈ ਉਜਾੜਾ ਅਤੇ ਪ੍ਰਵਾਸ ਦੋਵੇਂ ਹੀ ਅਤਿਅੰਤ ਖ਼ਤਰਨਾਕ ਪੀੜਾਦਾਇਕ ਹਨ। ਜਿਨ੍ਹਾਂ ਤੋਂ ਨਿਜਾਤ ਪਾਉਣ ਲਈ ਮਨੁੱਖ ਨੂੰ ਨਿਵੇਕਲੀ ਸੋਚ ਨਾਲ ਨਵੇਂ ਦਿਸਹੱਦੇ ਸਿਰਜਣੇ ਪੈਣਗੇ ਤਾਂ ਕਿ ਚੰਗੇਰਾ ਮਨੁੱਖੀ ਜੀਵਨ ਜੀਊਣ ਦੀਆਂ ਉਸ ਦੀਆਂ ਆਸਾਂ ਨੂੰ ਬੂਰ ਪਵੇ।

*(ਸਫ਼ਾ 11 ਦਾ ਬਾਕੀ)*

ਜਲਾਲੂਦੀਨ ਰੂਮੀ ਦੇ ਇਕ ਹਵਾਲੇ ਨਾਲ ਹੁੰਦੀ ਹੈ: "ਔਰਤ ਖ਼ੁਦਾ ਦੀ ਰਿਸ਼ਮ ਹੈ, ਮਹਿਜ਼ ਰਖੇਲ ਨਹੀਂ। ਇਹ ਸਿਰਜਣਹਾਰ ਦਾ ਸਵੈ ਹੈ, ਜਿਵੇਂ ਕਿ ਇਹ ਸੀ, ਇਹ ਨਿਰਾ ਪ੍ਰਾਣੀ ਨਹੀਂ।" ਫਿਲਮ ਵਿਚ ਕਸ਼ਮੀਰ ਘਾਟੀ ਦੇ ਪ੍ਰਤੀਕ ਕਈ ਦ੍ਰਿਸ਼ ਵਾਰ-ਵਾਰ ਆਉਂਦੇ ਹਨ, ਜਿਨ੍ਹਾਂ ਵਿਚ ਸਾਇਰਨ, ਟਾਵਰ, ਬਿਜਲੀ ਦੀ ਵਾੜ, ਕੰਡਿਆਲੀਆਂ ਤਾਰਾਂ, ਚਿਨਾਰ ਦੇ ਦਰੱਖਤ ਅਤੇ ਪਹਾੜੀ ਪੱਥਰ ਸ਼ਾਮਲ ਹਨ।

ਦਸਤਾਵੇਜ਼ੀ ਵਿਚ, ਡਾ. ਨਾਇਲਾ ਅਲੀ ਖ਼ਾਨ ਇਸ ਉਪਰ ਚਾਨਣਾ ਪਾਉਂਦੇ ਹਨ ਕਿ ਕਿਵੇਂ ਕਸ਼ਮੀਰ ਵਿਚ ਔਰਤਾਂ ਉੱਤੇ ਬਹੁਤ ਜ਼ਿਆਦਾ ਜ਼ੁਲਮ ਕੀਤੇ ਗਏ ਹਨ, ਬਲਾਤਕਾਰ ਨੂੰ ਦਹਾਕਿਆਂ ਤੋਂ ਯੁੱਧ ਦੇ ਜਿਨਸੀ ਅਤੇ ਮਨੋਵਿਗਿਆਨਕ ਹਥਿਆਰ ਵਜੋਂ ਵਰਤਿਆ ਜਾਂਦਾ ਰਿਹਾ ਹੈ। 1991 ਦਾ ਕੁਨਨ-ਪੋਸ਼ਪੋਰਾ ਸਮੂਹਿਕ ਬਲਾਤਕਾਰ ਦਾ ਮਾਮਲਾ ਦੋ ਦਹਾਕਿਆਂ ਦੇ ਹਥਿਆਰਬੰਦ ਸੰਘਰਸ਼ ਦਾ ਸਭ ਤੋਂ ਜ਼ਿਆਦਾ ਚਰਚਿਤ ਮਾਮਲਾ ਹੈ। ਇਹ ਕਾਂਡ ਕੁਪਵਾੜਾ ਦੇ ਸਰਹੱਦੀ ਜ਼ਿਲ੍ਹੇ ਦੇ ਕੁਨਨ ਪੋਸ਼ਪੋਰਾ ਦੇ ਪਿੰਡਾਂ ਵਿਚ 23 ਅਤੇ 24 ਫਰਵਰੀ 1991 ਦੀ ਦਰਮਿਆਨੀ ਰਾਤ ਨੂੰ ਵਾਪਰਿਆ ਸੀ।

ਪਿੰਡ ਵਾਸੀਆਂ ਦੇ ਬਿਆਨ ਅਤੇ ਅਖ਼ਬਾਰਾਂ ਦੀਆਂ ਰਿਪੋਰਟਾਂ ਅਨੁਸਾਰ ਕੁਨਨ ਪੋਸ਼ਪੋਰਾ ਵਿਚ 32 ਤੋਂ ਵੱਧ ਔਰਤਾਂ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ। ਦੁਖਾਂਤ ਦੀ ਯਾਦ ਉਨ੍ਹਾਂ ਦੇ ਮਨਾਂ ਵਿਚ ਤਾਜ਼ਾ ਰਹਿੰਦੀ ਹੈ, ਅਤੇ ਉਹ ਮਾਨਸਿਕ ਤੇ ਸਰੀਰਕ ਤੌਰ 'ਤੇ ਸੰਤਾਪ ਝੱਲਦੀਆਂ ਰਹਿੰਦੀਆਂ ਹਨ। ਪੀੜਤਾਂ ਦਾ ਮੰਨਣਾ ਹੈ ਕਿ ਕੁਝ ਵੀ ਉਨ੍ਹਾਂ ਦੀ ਇੱਜ਼ਤ ਨੂੰ ਬਹਾਲ ਨਹੀਂ ਕਰ ਸਕਦਾ। ਨਿਰਦੇਸ਼ਕ ਨੇ ਦਸਤਾਵੇਜ਼ੀ ਬਣਾਉਣ ਦੀਆਂ ਚੁਣੌਤੀਆਂ ਬਾਰੇ ਚਰਚਾ ਕਰਦੇ ਹੋਏ ਮੰਨਿਆ ਕਿ ਔਰਤਾਂ ਪਹਿਲਾਂ ਗਵਾਹੀ ਦੇਣ ਤੋਂ ਸੰਕੋਚ ਕਰ ਰਹੀਆਂ ਸਨ ਪਰ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਉਹ ਸਹਿਮਤ ਹੋ ਗਈਆਂ। ਸ਼ੁਰੂ ਵਿਚ ਸਿਰਫ਼ ਮਰਦ ਹੀ ਗਵਾਹੀ ਦੇਣ ਲਈ ਤਿਆਰ ਸਨ।

ਫਿਲਮ ਵਿਚ, ਸ਼ੋਪੀਆਂ, ਸੋਪੋਰ ਅਤੇ ਅਸ਼ਮਲ ਮਾਮਲਿਆਂ ਦੀ ਗਵਾਹੀ ਪਰਿਵਾਰ ਦੇ ਮੈਂਬਰਾਂ ਦੁਆਰਾ ਦਿੱਤੀ ਗਈ, ਕਿਉਂਕਿ ਇਨ੍ਹਾਂ ਮਾਮਲਿਆਂ ਵਿਚ ਪੀੜਤਾਂ ਨੂੰ ਮਾਰ ਦਿੱਤਾ ਗਿਆ ਸੀ। ਸ਼ੋਪੀਆਂ ਦੇ ਦੋਹਰੇ ਕਤਲ ਅਤੇ ਬਲਾਤਕਾਰ ਦੇ ਮਾਮਲੇ ਵਿਚ ਇਕ ਪੀੜਤ ਦੇ ਭਰਾ ਅਤੇ ਦੂਜੇ ਦੇ ਪਤੀ ਨੇ ਗਵਾਹੀ ਦਿੱਤੀ। ਅਸ਼ਮਲ ਦੇ ਮਾਮਲੇ ਵਿਚ, ਪੀੜਤ ਦੀ ਧੀ ਅਤੇ ਪੁੱਤਰ ਨੇ ਆਪਣੇ ਸੰਤਾਪ ਸਾਂਝੇ ਕੀਤੇ। ਇਹ ਫਿਲਮ ਮਰਦਾਂ ਨੂੰ ਜ਼ਬਰਦਸਤੀ ਗਾਇਬ ਕਰ ਦਿੱਤੇ ਜਾਣ ਦੇ ਮੁੱਦੇ ਨੂੰ ਵੀ ਮੁਖ਼ਾਤਿਬ ਹੁੰਦੀ ਹੈ, ਜਿਸ ਨਾਲ ਪਿੱਛੇ ਔਰਤਾਂ ਅਤੇ ਬੱਚੇ ਰੁਲਣ ਲਈ ਰਹਿ ਜਾਂਦੇ ਹਨ। ਇਹ ਔਰਤਾਂ, ਜਿਨ੍ਹਾਂ ਨੂੰ ਅਕਸਰ 'ਅਰਧ-ਵਿਧਵਾਵਾਂ' ਕਿਹਾ ਜਾਂਦਾ ਹੈ, ਅਨਿਸ਼ਚਿਤ ਰਹਿੰਦੀਆਂ ਹਨ ਕਿ ਉਨ੍ਹਾਂ ਦੇ ਪਤੀ ਜ਼ਿੰਦਾ ਹਨ ਜਾਂ ਮਰ ਚੁੱਕੇ ਹਨ।

ਕੈਮਰਾ ਦੁਖੀ ਪਤੀਆਂ ਦੀਆਂ ਆਵਾਜ਼ਾਂ ਨੂੰ ਕੈਦ ਕਰਦਾ ਹੈ ਜੋ ਆਪਣੇ ਅਨੁਭਵ ਬਿਆਨ ਕਰਦੇ ਹਨ। ਉਹ ਦੱਸਦੇ ਹਨ ਕਿ ਕਿਵੇਂ ਉਨ੍ਹਾਂ ਨੂੰ ਅੱਧੀ ਰਾਤ ਤੋਂ ਪਹਿਲਾਂ ਉਨ੍ਹਾਂ ਦੇ ਘਰਾਂ ਤੋਂ ਬਾਹਰ ਕੱਢਿਆ ਗਿਆ ਜਦੋਂ ਕਿ ਉਨ੍ਹਾਂ ਦੀਆਂ ਪਤਨੀਆਂ ਅਤੇ ਬੱਚੇ ਅੰਦਰ ਹੀ ਰਹੇ। ਪਿੱਛੇ ਸਿਰਫ਼ ਔਰਤਾਂ ਹੀ ਰਹਿ ਗਈਆਂ। ਕਈਆਂ ਦਾ ਮੰਨਣਾ ਸੀ ਕਿ ਉਨ੍ਹਾਂ ਨਾਲ ਜੋ ਹੋਇਆ ਉਸ ਨਾਲੋਂ ਤਾਂ ਮਰਨਾ ਬਿਹਤਰ ਹੁੰਦਾ। ਫ਼ੌਜੀਆਂ ਨੇ ਪਿੰਡ ਦੇ ਹਰ ਇਕ ਵਿਅਕਤੀ ਨੂੰ ਤਸੀਹੇ ਦਿੱਤੇ, ਕਿਸੇ ਨੂੰ ਵੀ ਨਹੀਂ ਬਖ਼ਸ਼ਿਆ। ਮਰਦਾਂ ਨੂੰ ਪੂਰੀ ਰਾਤ ਔਰਤਾਂ ਨੂੰ ਮਿਲਣ ਜਾਂ ਗੱਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ। ਸਵੇਰੇ ਪਤਾ ਲੱਗਣ 'ਤੇ ਨੇੜੇ-ਤੇੜੇ ਦੇ ਇਲਾਕਿਆਂ ਦੇ ਲੋਕ ਔਰਤਾਂ ਨੂੰ ਇਲਾਜ ਲਈ ਹਸਪਤਾਲ ਲੈ ਕੇ ਗਏ। ਕੁਝ ਪੀੜਤ ਔਰਤਾਂ ਸਮਾਜ ਵਿਚ ਕਲੰਕ ਲੱਗ ਜਾਣ ਦੇ ਭੈਅ ਕਾਰਨ ਬਲਾਤਕਾਰ ਦਾ ਖ਼ੁਲਾਸਾ ਆਪਣੇ ਪਤੀਆਂ ਨੂੰ ਵੀ ਨਹੀਂ ਕਰ ਸਕੀਆਂ। ਸਮਾਜਿਕ ਨਤੀਜਿਆਂ ਦੇ ਡਰੋਂ ਅਣਵਿਆਹੀਆਂ ਪੀੜਤ ਲੜਕੀਆਂ ਕਦੇ ਵੀ ਆਪਣੇ ਨਾਲ ਹੋਇਆ ਦੱਸਣ ਲਈ ਅੱਗੇ ਨਹੀਂ ਆਈਆਂ। ਫ਼ੌਜ ਨੇ ਉਨ੍ਹਾਂ ਨਾਲ ਜੋ ਕੀਤਾ, ਉਸਦੇ ਨਤੀਜੇ ਵਜੋਂ, ਉਨ੍ਹਾਂ ਦੇ ਬੱਚਿਆਂ ਨੂੰ ਸਕੂਲ ਵਿਚ ਮਜ਼ਾਕ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਅਕਸਰ ਆਪਣੇ ਪਿੰਡ ਤੋਂ ਬਾਹਰ ਦੀਆਂ ਸੰਸਥਾਵਾਂ ਵਿਚ ਨਹੀਂ ਜਾ ਸਕਦੇ।

ਮਾਨਵਤਾ ਨੂੰ ਸ਼ਰਮਸਾਰ ਕਰਨ ਵਾਲੇ ਇਸ ਘਿਣਾਉਣੇ ਕਾਰੇ ਦੇ ਚਰਚਾ ਵਿਚ ਆਉਣ 'ਤੇ ਸਟੇਟ ਵੱਲੋਂ ਪੀੜਤਾਂ ਨੂੰ ਮੁਆਵਜ਼ੇ ਵਜੋਂ 2 ਲੱਖ ਰੁਪਏ ਦਿੱਤੇ ਗਏ ਪਰ ਉਨ੍ਹਾਂ ਵੱਲੋਂ ਸੁਤੰਤਰ ਜਾਂਚ ਦੀ ਮੰਗ ਕੀਤੀ ਗਈ। ਮਰਦਾਂ ਨੇ ਨਿਆਂ ਦੇਣ ਅਤੇ ਸ਼ਾਮਲ ਦੋਸ਼ੀਆਂ ਵਿਰੁੱਧ ਮੁਕੱਦਮਾ ਚਲਾਉਣ ਦੀ ਮੰਗ ਕੀਤੀ।

ਆਸਿਆ ਦੇ ਭਰਾ ਅਤੇ ਨੀਲੋਫ਼ਰ ਦੇ ਪਤੀ ਨੇ ਦੋਵਾਂ ਔਰਤਾਂ ਨਾਲ ਹੋਏ ਦੁਖਾਂਤ ਬਾਰੇ ਦੱਸਿਆ। ਉਹ ਘਰ ਤੋਂ ਬਾਹਰ ਗਈਆਂ ਅਤੇ ਕਦੇ ਵਾਪਸ ਨਹੀਂ ਆਈਆਂ। ਇਕ ਨਦੀ ਦੇ ਨੇੜੇ ਉਨ੍ਹਾਂ ਦੀਆਂ ਲਾਸ਼ਾਂ ਹੀ ਮਿਲੀਆਂ ਸਨ। ਪਰਿਵਾਰ ਸਰਕਾਰ ਤੋਂ ਨਿਆਂ ਦੀ ਮੰਗ ਕਰ ਰਿਹਾ ਹੈ। ਸ਼ੋਪੀਆਂ ਮਜਲਿਸ ਦੇ ਇਕ ਬੁਲਾਰੇ ਨੇ ਵਿਸਥਾਰ ਨਾਲ ਦੱਸਿਆ ਕਿ ਇਕ ਵਿਸ਼ੇਸ਼ ਜਾਂਚ ਟੀਮ ਹੱਤਿਆਵਾਂ ਦੀ ਜਾਂਚ ਕਰ ਰਹੀ ਸੀ, ਆਖ਼ਿਰਕਾਰ ਇਸ ਵਿਚ ਸੀ.ਬੀ.ਆਈ. ਨੇ ਦਖ਼ਲ ਦਿੱਤਾ।

ਫਿਲਮ ਵਿਚ ਅਸ਼ਮਲ ਦੀ ਧੀ ਦੇ ਦਰਦ ਨੂੰ ਵੀ ਦਰਸਾਇਆ ਗਿਆ ਹੈ, ਜੋ ਦੱਸਦੀ ਹੈ ਕਿ ਕਿਵੇਂ ਉਸ ਦੀ ਮਾਂ ਨਾਲ ਬਲਾਤਕਾਰ ਕੀਤਾ ਗਿਆ ਅਤੇ ਫਿਰ ਉਸਦਾ ਕਤਲ ਕਰ ਦਿੱਤਾ ਗਿਆ। ਉਹ ਦੱਸਦੀ ਹੈ ਕਿ ਜਦੋਂ ਫ਼ੌਜੀਆਂ ਨੇ ਪਿੰਡ ਨੂੰ ਘੇਰਾ ਪਾਇਆ ਤਾਂ ਉਹ ਉਸ ਦੀ ਅੰਮੀ ਨੂੰ ਧੂਹ ਕੇ ਨਾਲ ਹੀ ਖੇਤਾਂ ਵਿਚ ਲੈ ਗਏ, ਉਹ ਓਦੋਂ ਬੱਚੀ ਵਜੋਂ ਉਸ ਦੇ ਨਾਲ ਸੀ। ਉਸ ਕਾਂਡ ਦਾ ਹੀ ਅਸਰ ਹੈ ਕਿ ਉਸ ਤੋਂ ਬਾਅਦ ਉਹ ਉੱਚੀ ਆਵਾਜ਼ਾਂ ਨੂੰ ਸਹਿਣ ਨਹੀਂ ਕਰ ਸਕਦੀ ਅਤੇ ਹੁਣ ਦਿਲ ਦੀ ਬਿਮਾਰੀ ਤੋਂ ਪੀੜਤ ਹੈ। ਉਸ ਦੀ ਮਾਂ ਦੀ ਹਸਪਤਾਲ ਲਿਜਾਂਦੇ ਸਮੇਂ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਅਸ਼ਮਲ ਦੇ ਪੁੱਤਰ ਨੇ ਦੱਸਿਆ ਕਿ ਕਿਸੇ ਨੇ ਵੀ ਉਨ੍ਹਾਂ ਦੀ ਮੱਦਦ ਨਹੀਂ ਕੀਤੀ ਕਿਉਂਕਿ ਉਹ ਬੱਚੇ ਸਨ ਅਤੇ ਪੁਲਿਸ ਬੱਚੇ ਦੇ ਬਿਆਨ ਦੇ ਅਧਾਰ 'ਤੇ ਐਫਆਈਆਰ ਦਰਜ ਕਰਨ ਲਈ ਤਿਆਰ ਨਹੀਂ ਸੀ। ਇਹ ਮਾਮਲਾ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਸਾਹਮਣੇ ਅਜੇ ਵੀ ਲਟਕਿਆ ਹੋਇਆ ਹੈ।

ਕੁਨਨ ਪੋਸ਼ਪੋਰਾ ਕਾਂਡ ਦੀਆਂ ਕਈ ਪੀੜਤ ਦਸਤਾਵੇਜ਼ੀ ਵਿਚ ਬੋਲਦੀਆਂ ਹਨ, ਜਿਨ੍ਹਾਂ ਵਿਚ ਬੇਗਮ ਸਾਰਾ, ਜੂਨਾ, ਸਾਰਾ, ਬਖ਼ਤੀ ਅਤੇ ਮੁਗਲੀ ਸ਼ਾਮਲ ਹਨ। ਉਨ੍ਹਾਂ ਦਾ ਦਾਅਵਾ ਹੈ ਕਿ 150 ਦੇ ਕਰੀਬ ਫ਼ੌਜੀ ਉਨ੍ਹਾਂ ਦੇ ਘਰਾਂ ਵਿਚ ਜਬਰੀ ਘੁਸ ਗਏ, ਫਿਰ ਉਨ੍ਹਾਂ ਨੂੰ ਤਸੀਹੇ ਦਿੱਤੇ ਅਤੇ ਉਨ੍ਹਾਂ ਨਾਲ ਬਲਾਤਕਾਰ ਕੀਤਾ ਗਿਆ। ਉਨ੍ਹਾਂ ਰਾਤਾਂ ਦੀ ਭਿਆਨਕਤਾ ਨੂੰ ਬਿਆਨ ਕਰਦੇ ਹੋਏ ਬਹੁਤ ਸਾਰੇ ਲੋਕ ਰੋਂਦੇ ਹਨ। ਇਕ ਔਰਤ ਬੰਦੂਕ ਦੀ ਨਾਲੀ ਦੀ ਸੱਟ ਕਾਰਨ ਹੋਇਆ ਜ਼ਖ਼ਮ ਦਿਖਾਉਂਦੀ ਹੈ। ਉਹ ਦੱਸਦੀ ਹੈ ਕਿ ਉਸ ਦੇ ਬਹੁਤ ਲਹੂ ਵਗ ਰਿਹਾ ਸੀ ਅਤੇ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਹੀ ਉਸ ਨੂੰ ਇਲਾਜ ਦੀ ਆਗਿਆ ਦਿੱਤੀ ਗਈ ਸੀ। ਪੀੜਤਾਂ ਵਿਚੋਂ ਚਾਰ ਦੀ ਮੌਤ ਹੋ ਗਈ ਹੈ, ਜਦੋਂ ਕਿ ਕਈ ਪੀੜਤ ਸਾਲਾਂ ਬਾਅਦ ਵੀ ਡਾਕਟਰੀ ਇਲਾਜ ਕਰਵਾ ਰਹੀਆਂ ਹਨ।

ਇਹ ਫ਼ਿਲਮ ਇਨ੍ਹਾਂ ਔਰਤਾਂ ਦੀਆਂ ਆਵਾਜ਼ਾਂ ਨੂੰ ਦਰਦਨਾਕ ਰੂਪ 'ਚ ਕੈਮਰੇ 'ਚ ਕੈਦ ਕਰਦੀ ਹੈ। ਇਕ ਪੀੜਤ ਜ਼ਰੀਫ਼ਾ ਦੀ ਬਹੁਤ ਜ਼ਿਆਦਾ ਖ਼ੂਨ ਵਗਣ ਕਾਰਨ ਮੌਤ ਹੋ ਗਈ ਅਤੇ ਉਹ ਆਪਣੇ ਪਿੱਛੇ ਪੰਜ ਧੀਆਂ ਛੱਡ ਗਈ। ਤਿੰਨ ਔਰਤਾਂ ਨੂੰ ਆਪਣੀ ਬੱਚੇਦਾਨੀ ਕਢਵਾਉਣ ਲਈ ਸਰਜਰੀ ਕਰਵਾਉਣੀ ਪਈ ਅਤੇ ਉਨ੍ਹਾਂ ਨੂੰ ਅਜੇ ਵੀ ਹਮਲੇ ਦੇ ਸਰੀਰਕ ਨਤੀਜੇ ਭੁਗਤਣੇ ਪੈ ਰਹੇ ਹਨ। ਉਹ ਇਲਾਜ 'ਤੇ ਹਰ ਮਹੀਨੇ 8,000 ਰੁਪਏ ਤੋਂ ਵੱਧ ਖ਼ਰਚ ਕਰਦੀਆਂ ਹਨ। ਇਕ ਸਰਕਾਰੀ ਸਕੂਲ ਨੇ ਸਮਾਜਿਕ ਕਲੰਕ ਕਾਰਨ ਉਨ੍ਹਾਂ ਦੇ ਬੱਚਿਆਂ ਨੂੰ ਦਾਖ਼ਲਾ ਦੇਣ ਤੋਂ ਇਨਕਾਰ ਕਰ ਦਿੱਤਾ। ਪੀੜਤ ਨਿਆਂ ਦੀ ਉਡੀਕ ਕਰ ਰਹੇ ਹਨ। ਉਹ ਕਹਿੰਦੇ ਹਨ ਹਾਲਾਂਕਿ ਉਨ੍ਹਾਂ ਦੀ ਦੁਰਦਸ਼ਾ ਦਾ ਦਸਤਾਵੇਜ਼ੀਕਰਨ ਜ਼ਰੂਰ ਕੀਤਾ ਗਿਆ ਹੈ, ਪਰ ਸਰਕਾਰ ਉਨ੍ਹਾਂ ਦੀ ਪੀੜਾ ਪ੍ਰਤੀ ਉਦਾਸੀਨ ਹੈ।

ਦੋ ਵਿਦਵਾਨਾਂ, ਡਾ. ਨੁਸਰਤ ਅੰਦਰਾਬੀ ਅਤੇ ਪ੍ਰੋ. ਬਸ਼ੀਰ ਅਹਿਮਦ ਡਾਬਲਾ ਨੇ ਦਸਤਾਵੇਜ਼ੀ ਵਿਚ ਆਪਣੇ ਨਜ਼ਰੀਏ ਸਾਂਝੇ ਕੀਤੇ ਹਨ। ਰਾਜ ਮਨੁੱਖੀ ਅਧਿਕਾਰ ਕਮਿਸ਼ਨ (ਐੱਸਐੱਚਆਰਸੀ) ਦੇ ਨੁਮਾਇੰਦੇ ਤਾਰਿਕ ਅਹਿਮਦ ਬਾਂਦੇ ਅਤੇ ਪੁਲਿਸ ਇੰਸਪੈਕਟਰ ਐੱਸਐੱਮ ਸਹਾਏ ਦੇ ਇਨ੍ਹਾਂ ਮਾਮਲਿਆਂ 'ਤੇ ਵੱਖੋ-ਵੱਖਰੇ ਵਿਚਾਰ ਹਨ।

ਇਹ ਦਸਤਾਵੇਜ਼ੀ ਸ਼ਿਕਾਇਤਕਰਤਾਵਾਂ/ ਪੀੜਤਾਂ ਅਤੇ ਸਰਕਾਰੀ ਅਧਿਕਾਰੀਆਂ ਦੀਆਂ ਰਿਪੋਰਟਾਂ ਦਰਮਿਆਨ ਅੰਤਰਵਿਰੋਧ ਨੂੰ ਉਜਾਗਰ ਕਰਦੀ ਹੈ। ਐੱਸਐੱਚਆਰਸੀ ਨੇ ਕੇਸ ਨੂੰ ਦੁਬਾਰਾ ਖੋਲ੍ਹਣ ਅਤੇ ਉਸ ਸ਼ਖ਼ਸ ਵਿਰੁੱਧ ਕਾਰਵਾਈ ਕਰਨ ਦੀ ਸਿਫ਼ਾਰਸ਼ ਕੀਤੀ ਜਿਸ ਨੇ ਪਹਿਲਾਂ ਇਸ ਨੂੰ ਬੰਦ ਕਰ ਦਿੱਤਾ ਸੀ। ਨਿਆਂ ਦਿਵਾਉਣ ਵਿਚ ਸਰਕਾਰ ਦੀ ਸ਼ਮੂਲੀਅਤ ਦੇ ਪੱਖੋਂ ਬਹੁਤ ਘੱਟ ਫ਼ਰਕ ਪਿਆ ਹੈ। ਐੱਸਐੱਮ ਸਹਾਏ ਦਾ ਕਹਿਣਾ ਹੈ ਕਿ ਮੌਜੂਦਾ ਮੈਡੀਕਲ ਰਿਪੋਰਟਾਂ ਤੇ ਬਲਾਤਕਾਰ ਦੀ ਪੁਸ਼ਟੀ ਕਰਨ ਵਾਲੇ ਹੋਰ ਸਬੂਤਾਂ ਦੇ ਬਾਵਜੂਦ ਉਹ 'ਤੱਥਾਂ' ਤੋਂ ਬਿਨਾਂ ਕੁਨਨ ਪੋਸ਼ਪੋਰਾ 'ਤੇ ਟਿੱਪਣੀ ਨਹੀਂ ਕਰ ਸਕਦਾ ਅਤੇ ਉਹ ਐੱਸਐੱਚਆਰਸੀ ਦੀ ਰਿਪੋਰਟ ਦੀ ਉਡੀਕ ਕਰੇਗਾ। ਉਸ ਨੇ ਦਾਅਵਾ ਕੀਤਾ ਕਿ ਹਾਸਲ ਸਬੂਤਾਂ ਦੇ ਅਧਾਰ 'ਤੇ ਜਾਂਚ ਜਾਰੀ ਰਹੇਗੀ। ਸ਼ੋਪੀਆਂ ਮਾਮਲੇ ਦੇ ਸਬੰਧ ਵਿਚ ਉਹ ਧਿਆਨ ਦਿਵਾਉਂਦਾ ਹੈ ਕਿ ਇਹ ਸੀ.ਬੀ.ਆਈ. ਨੂੰ ਸੌਂਪ ਦਿੱਤਾ ਗਿਆ ਸੀ, ਜਿਸ ਨੇ ਸਿੱਟਾ ਕੱਢਿਆ ਕਿ ਔਰਤਾਂ ਦੀ ਮੌਤ 'ਡੁੱਬਣ' ਨਾਲ ਹੋਈ ਸੀ, ਨਾ ਕਿ ਉਨ੍ਹਾਂ ਦੀ ਹੱਤਿਆ ਕੀਤੀ ਗਈ ਸੀ। ਉਹ ਬਲਾਤਕਾਰ ਦੇ ਦੋਸ਼ਾਂ ਤੋਂ ਇਨਕਾਰ ਕਰਦੇ ਹੋਏ ਕਹਿੰਦਾ ਹੈ ਕਿ ਛੋਟੀ ਕੁੜੀ ਦੀ 'ਕੁਆਰਝਿੱਲੀ ਸਹੀ-ਸਲਾਮਤ' ਸੀ। ਇਹ ਜਿਨਸੀ ਹਮਲੇ ਦੀ ਸੰਕੀਰਨ ਵਿਆਖਿਆ ਨਹੀਂ ਹੈ ਤਾਂ ਹੋਰ ਕੀ ਹੈ?

ਫਿਲਮ ਦੱਸਦੀ ਹੈ ਕਿ ਕਿਵੇਂ ਸਰਕਾਰ ਨੇ ਸਰਕਾਰੀ ਰਿਕਾਰਡ ਨਾਲ ਛੇੜਛਾੜ ਕਰ ਕੇ ਇਤਿਹਾਸ ਉੱਪਰੋਂ ਇਸ ਦੁਖਦਾਈ ਕਾਂਡ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ। ਭਾਰਤੀ ਰਾਜ ਨੇ ਦੋਸ਼ਾਂ ਨੂੰ 'ਬੇਬੁਨਿਆਦ' ਕਰਾਰ ਦੇ ਕੇ ਖ਼ਾਰਜ ਕਰ ਦਿੱਤਾ ਅਤੇ ਦੋਸ਼ੀਆਂ 'ਤੇ ਕਦੇ ਵੀ ਮੁਕੱਦਮਾ ਨਹੀਂ ਚਲਾਇਆ ਗਿਆ। ਪ੍ਰੈੱਸ ਕੌਂਸਲ ਆਫ਼ ਇੰਡੀਆ ਨੇ ਫ਼ੌਜ ਵਿਰੁੱਧ ਦੋਸ਼ਾਂ ਨੂੰ 'ਮਨਘੜਤ ਝੂਠ ਦਾ ਪੂਰੀ ਤਰ੍ਹਾਂ ਗਿਣਿਆ-ਮਿੱਥਿਆ ਪੁਲੰਦਾ' ਅਤੇ 'ਕਸ਼ਮੀਰ ਵਿਚ ਅੱਤਵਾਦੀ ਸਮੂਹਾਂ ਅਤੇ ਉਨ੍ਹਾਂ ਦੇ ਹਮਦਰਦਾਂ ਦੁਆਰਾ ਕੀਤੀ ਗਈ ਇਕ ਵਿਸ਼ਾਲ ਧੋਖਾਧੜੀ' ਕਰਾਰ ਦਿੱਤਾ। ਜਦਕਿ, ਕੁਨਨ ਪੋਸ਼ਪੋਰਾ ਉੱਥੋਂ ਦੇ ਹਾਲਾਤ ਤੋਂ ਵੱਖਰੀ ਘਟਨਾ ਨਹੀਂ ਹੈ। 1990 ਤੋਂ ਬਾਅਦ ਕਸ਼ਮੀਰ ਵਿਚ ਜਿਨਸੀ ਹਿੰਸਾ ਸਿਖ਼ਰ 'ਤੇ ਪਹੁੰਚ ਗਈ, ਹਾਲਾਂਕਿ ਬਹੁਤ ਸਾਰੇ ਮਾਮਲਿਆਂ ਦੀ ਅਜੇ ਰਿਪੋਰਟ ਵੀ ਨਹੀਂ ਕੀਤੀ ਗਈ। ਜਿਨਸੀ ਹਿੰਸਾ ਨੂੰ ਯੁੱਧ ਦੇ ਹਥਿਆਰ ਦੇ ਰੂਪ 'ਚ ਅਤੇ ਹਾਸ਼ੀਏ 'ਤੇ ਧੱਕੇ ਭਾਈਚਾਰਿਆਂ ਦੇ ਵਿਰੋਧ ਨੂੰ ਕੁਚਲਣ ਦੇ ਸਾਧਨ ਵਜੋਂ ਵਰਤਿਆ ਜਾਂਦਾ ਹੈ।

23 ਫਰਵਰੀ, ਕੁਨਨ ਪੋਸ਼ਪੋਰਾ ਸਮੂਹਿਕ ਬਲਾਤਕਾਰ ਦੇ ਦਿਨ ਨੂੰ ਕਸ਼ਮੀਰੀ ਔਰਤਾਂ ਦੇ ਵਿਰੋਧ ਦਿਵਸ ਵਜੋਂ ਮਨਾਇਆ ਜਾਂਦਾ ਹੈ। ਕਸ਼ਮੀਰੀ ਮੁਸਲਿਮ ਔਰਤਾਂ ਵਿਰੁੱਧ ਬਹੁਤ ਸਾਰੇ ਜੁਰਮ ਕੀਤੇ ਗਏ ਹਨ, ਹਾਲਾਂਕਿ ਕੁਝ ਵੱਲ ਹੀ ਧਿਆਨ ਦਿੱਤਾ ਗਿਆ ਹੈ। ਕੁਝ ਮਾਮਲਿਆਂ ਨੂੰ ਮੀਡੀਆ ਦੇ ਗੁੱਸੇ ਦਾ ਸਾਹਮਣਾ ਕਰਨਾ ਪਿਆ, ਜਦੋਂ ਕਿ ਹੋਰ ਗੁੰਮਨਾਮੀ 'ਚ ਦਫ਼ਨ ਹੋ ਗਏ। ਦਸਤਾਵੇਜ਼ੀ ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਪੀੜਤ ਦੀ ਪਛਾਣ ਕਦੇ ਵੀ ਉਨ੍ਹਾਂ ਦੇ ਸੰਤਾਪ ਨੂੰ ਜਾਇਜ਼ ਨਹੀਂ ਠਹਿਰਾਉਂਦੀ। ਇਹ ਮਨੁੱਖੀ ਅਧਿਕਾਰਾਂ ਅਤੇ ਔਰਤਾਂ ਦੇ ਅਧਿਕਾਰਾਂ ਦੇ ਵਕੀਲਾਂ ਨੂੰ ਕਸ਼ਮੀਰੀਆਂ, ਖ਼ਾਸ ਕਰਕੇ ਕਸ਼ਮੀਰੀ ਔਰਤਾਂ ਦੁਆਰਾ ਸਹਿਣ ਕੀਤੇ ਗਏ ਦਰਦ ਨੂੰ ਸਵੀਕਾਰ ਕਰਨ ਦਾ ਸੱਦਾ ਦਿੰਦੀ ਹੈ।

# 97ਵਾਂ ਆਸਕਰ ਅਵਾਰਡ: 2025

## ਫਿਲਮ 'ਏਮੀਲੀਆ ਪਰੇਜ਼' 13 ਨਾਮਜ਼ਦਗੀਆਂ ਨਾਲ ਸਭ ਤੋਂ ਅੱਗੇ

**ਸੁਰਿੰਦਰ ਸਿੰਘ ਭਾਟੀਆ**
**ਫੋਨ: 224-829-1437**

97ਵਾਂ ਆਸਕਰ ਅਵਾਰਡ ਪ੍ਰੋਗਰਾਮ ਡੋਲਬੀ ਥਿਏਟਰ ਲਾਸ ਏਂਜਲਸ ਵਿਚ 2 ਮਾਰਚ 2025, ਐਤਵਾਰ ਨੂੰ ਹੋ ਰਿਹਾ ਹੈ। ਇਸ ਸਾਲ ਫਰਾਂਸ ਦੀ ਸਪੈਨਿਸ਼ ਭਾਸ਼ਾ ਵਿਚ ਬਣੀ ਫਿਲਮ 'ਏਮੀਲੀਆ ਪਰੇਜ਼' 13 ਨਾਮਜ਼ਦਗੀਆਂ ਨਾਲ ਆਸਕਰ ਅਵਾਰਡ ਦੀ ਦੌੜ ਵਿਚ ਸਭ ਤੋਂ ਅੱਗੇ ਹੈ। ਇਸ ਤੋਂ ਬਾਅਦ ਕ੍ਰਮਵਾਰ 10-10 ਨਾਮਜ਼ਦਗੀਆਂ ਨਾਲ 'ਦੀ ਬਰੂਟਲਿਸਟ' ਅਤੇ 'ਵਿਕੇਡ' ਹਨ। ਕਾਮੇਡੀਅਨ ਅਤੇ ਪੋਡਕਾਸਟਰ ਕੋਨ ਓ 'ਬਰਿਨੇ ਪਹਿਲੀ ਵਾਰ ਸ਼ੋਅ ਦੀ ਮੇਜ਼ਬਾਨੀ ਕਰ ਰਹੇ ਹਨ। ਹਰ ਸਾਲ ਵਾਂਗ ਇਸ ਵਾਰ ਵੀ 'ਆਸਕਰ ਅਵਾਰਡ 2025' ਵਿਸ਼ੇ 'ਤੇ ਸੈਮੀਨਾਰ ਪਿਛਲੇ ਦਿਨੀਂ ਵਿਲਸਨ ਹਾਲ, ਸ਼ਿਕਾਗੋ ਵਿਚ ਹੋਇਆ, ਜਿਸ ਵਿਚ ਫਿਲਮੀ ਰਿਪੋਟਰ, ਸਿਨੇ ਪ੍ਰੇਮੀ ਆਦਿ ਸ਼ਾਮਿਲ ਹੋਏ। ਆਸਕਰ ਅਵਾਰਡ ਦੀਆਂ ਸਾਰੀਆਂ 23 ਸ਼੍ਰੇਣੀਆਂ ਵਿਚ ਮੁਕਾਬਲਾ ਕਾਫੀ ਸਖਤ ਹੈ। ਇਸ ਵਾਰ ਬਿਹਤਰੀਨ ਫਿਲਮਾਂ ਦੀ ਕੈਟੇਗਰੀ ਵਿਚ ਸ਼ਾਮਿਲ 10 ਫਿਲਮਾਂ 'ਏਮੀਲੀਆ ਪਰੇਜ਼','ਦੀ ਬਰੂਟਲਿਸਟ', 'ਵਿਕੇਡ', 'ਅਨੋਰਾ','ਏ ਕੰਪਲੀਟ ਅਨਨੋਨ', 'ਕਾਨਕਲੇਵ', 'ਟਿਊਨ ਪਾਰਟ ਟੂ'', 'ਆਈ ਐਮ ਸਟਿਲ ਹਿਅਰ', 'ਨਿੱਕਲ ਬੁਆਏਜ਼' ਅਤੇ 'ਦ ਸਬਸਟਾਂਸ' ਹਨ। ਇਨ੍ਹਾਂ ਫਿਲਮਾਂ ਨੂੰ ਦੁਨੀਆਂ ਭਰ ਵਿਚ ਦਰਸ਼ਕਾਂ ਨੇ ਬਹੁਤ ਪਸੰਦ ਕੀਤਾ ਹੈ। ਇਨ੍ਹਾਂ ਫਿਲਮਾਂ ਨੇ ਬਾਕਸ ਆਫਿਸ 'ਤੇ ਭਰਵੀਂ ਧੂਮ ਮਚਾਈ ਤੇ ਵਾਹਵਾ ਕਮਾਈ ਵੀ ਕੀਤੀ। ਇਸ ਲਈ ਹਰ ਕੈਟੇਗਰੀ ਵਿਚ ਫਿਲਮਾਂ ਦੀ ਆਪਸ ਵਿਚ ਇਨਾਮ ਜਿੱਤਣ ਲਈ ਕਾਂਟੇ ਦੀ ਟੱਕਰ ਹੈ।

ਭਾਰਤ ਵਲੋਂ ਸਰਕਾਰੀ ਤੌਰ 'ਤੇ ਬਿਹਤਰੀਨ ਵਿਦੇਸ਼ੀ ਫਿਲਮ ਵਰਗ ਵਿਚ ਭੇਜੀ ਗਈ ਨਿਰਦੇਸ਼ਕ ਕਿਰਨ ਰਾਓ ਦੀ ਫਿਲਮ 'ਲਾਪਤਾ ਲੇਡੀਜ਼' ਪਿਛਲੇ ਸਾਲ ਮਾਰਚ 'ਚ ਸਿਨੇਮਾਘਰਾਂ 'ਚ ਰਿਲੀਜ਼ ਹੋਈ ਸੀ ਅਤੇ ਇਸ ਨੂੰ ਦਰਸ਼ਕਾਂ ਨੇ ਵੀ ਕਾਫੀ ਪਸੰਦ ਕੀਤਾ ਸੀ। ਮਜ਼ਾਕੀਆ ਕਾਮੇਡੀ ਨਾਲ ਸਮਾਜ 'ਚ ਔਰਤਾਂ ਦੀ ਪਛਾਣ 'ਤੇ ਸਵਾਲ ਖੜ੍ਹੇ ਕਰਨ ਵਾਲੀ ਇਹ ਫਿਲਮ ਇਸ ਸਾਲ ਦੀਆਂ ਸਭ ਤੋਂ ਚਰਚਿਤ ਫਿਲਮਾਂ 'ਚੋਂ ਇਕ ਸੀ। ਪਰ ਇਹ ਆਸਕਰ ਅਵਾਰਡ ਦੇ ਫਾਈਨਲ 5 ਦੀ ਲਿਸਟ ਲਈ ਨਹੀਂ ਚੁਣੀ ਗਈ। ਪਾਇਲ ਕਪਾਡੀਆ ਦੁਆਰਾ ਲਿਖਤ ਤੇ ਨਿਰਦੇਸ਼ਤ ਫਿਲਮ 'ਆਲ ਵੂਈ ਇਮੈਜਿਨ ਇਜ਼ ਲਾਈਟ' ਨੂੰ ਵੀ ਲੋਕਾਂ ਨੇ ਕਾਫੀ ਪਸੰਦ ਕੀਤਾ ਸੀ। ਇਸ ਨੂੰ ਆਸਕਰ ਅਵਾਰਡ ਵਿਚ ਭੇਜਣ ਦੀ ਕ੍ਰਿਟੀਕਸ ਨੇ ਸਿਫਾਰਸ਼ ਕੀਤੀ ਸੀ ਪਰ ਇਹ ਵੀ ਫਾਈਨਲ ਵਿਚ ਸਥਾਨ ਨਹੀਂ ਬਣਾ ਸਕੀ।

ਕੈਨੇਡਾ ਵਲੋਂ ਸਰਕਾਰੀ ਤੌਰ 'ਤੇ ਬਿਹਤਰੀਨ ਵਿਦੇਸ਼ੀ ਫਿਲਮ ਵਰਗ ਵਿਚ ਮੈਥਿਊ ਰੇਨਕਿਨ ਦੀ ਫਿਲਮ 'ਯੂਨੀਵਰਸਲ ਲੈਂਗੂਏਜ' ਭੇਜੀ ਗਈ, ਜੋ ਆਸਕਰ ਅਵਾਰਡ-2025 ਦੀਆਂ 15 ਫਿਲਮਾਂ ਦੀ ਸ਼ਾਰਟ ਲਿਸਟ ਵਿਚ ਨਾਮਜ਼ਦ ਤਾਂ ਹੋਈ, ਪਰ ਆਖਰੀ ਪੰਜ ਫਿਲਮਾਂ ਵਿਚ ਸਥਾਨ ਹਾਸਲ ਨਹੀਂ ਕਰ ਸਕੀ। ਪਰ 'ਅਨੁਜਾ' ਲਘੂ ਫਿਲਮ ਲਾਈਵ ਐਕਸ਼ਨ ਸ਼ਾਰਟ ਸ਼੍ਰੇਣੀ ਵਿਚ ਆਸਕਰ ਅਵਾਰਡ ਲਈ ਆਖਰੀ 5 ਫਿਲਮਾਂ ਵਿਚ ਚੁਣੀ ਗਈ ਹੈ। ਜਿਸਦੇ ਨਿਰਦੇਸ਼ਕ ਤੇ ਲੇਖਕ ਐਡਮ ਡੀ ਗ੍ਰੇਵਜ਼ ਤੇ ਨਿਰਮਾਤਾ ਦੀ ਟੀਮ ਵਿਚ ਗੁਨੀਤ ਮੋਂਗਾ, ਸੁਚਿੱਤਰਾ ਮਟਾਈ, ਮਿੰਡੀ ਕਲਿੰਗ, ਕ੍ਰਿਸ਼ਨਾ ਨਾਇਕ, ਮਾਈਕਲ ਗੇਵਜ਼, ਐਰੋਨ, ਕੇ. ਸੈਣੀ, ਏ. ਬਲੇਨੇ ਅਤੇ ਡੀ. ਗ੍ਰੇਵਜ਼ ਹਨ। ਮਸ਼ਹੂਰ ਅਦਾਕਾਰਾ ਪ੍ਰਿਅੰਕਾ ਚੋਪੜਾ ਤੇ ਅਨੀਤਾ ਭਾਟੀਆ ਇਸ ਫਿਲਮ ਦੇ ਕਾਰਜਕਾਰੀ ਨਿਰਮਾਤਾ ਹਨ। ਯਾਦ ਰਹੇ ਕਿ ਪਿਛਲੇ ਸਾਲ 2023 ਵਿਚ ਨਿਰਮਾਤਾ ਗੁਨੀਤ ਮੋਂਗਾ ਤੇ ਅਚਿਨ ਜੈਨ ਦੀ ਫਿਲਮ 'ਦਿ ਐਲੀਫੈਂਟ ਵਿਸਪਰਜ਼' ਨੇ 'ਸ਼ਾਰਟ ਡਾਕੂਮੈਂਟਰੀ ਸ਼੍ਰੇਣੀ' ਵਿਚ ਆਸਕਰ ਅਵਾਰਡ' ਜਿਤਿਆ ਸੀ। 2019 ਵਿਚ ਗੁਨੀਤਾ ਮੋਂਗਾ ਦੀ ਫਿਲਮ 'ਪੀਰੀਅਡ-ਐਂਡ ਆਫ ਸੈਂਟੈਂਸ' ਨੇ ਸ਼ਾਰਟ ਡਾਕੂਮੈਂਟਰੀ ਸ਼੍ਰੇਣੀ 'ਚ ਆਸਕਰ ਅਵਾਰਡ ਜਿੱਤਿਆ ਸੀ।



**ਆਸਕਰ ਅਵਾਰਡ -2025 ਦੀ ਨਾਮਜ਼ਦ ਫਿਲਮ 'ਯੂਨੀਵਰਸਲ ਲੈਂਗੂਏਜ' ਦੇ ਡਾਇਰੈਕਟਰ ਤੇ ਐਕਟਰ ਮੈਥਊ ਰੇਨਕਿਨ ਤੇ ਫਿਲਮ ਇੰਡਸਟਰੀ ਦੇ ਲੇਖਕ ਸੁਰਿੰਦਰ ਸਿੰਘ ਭਾਟੀਆ**

**ਬਿਹਤਰੀਨ ਫਿਲਮ ਅਵਾਰਡ:** ਬਿਹਤਰੀਨ ਫਿਲਮ ਅਵਾਰਡ ਦੀ ਦੌੜ ਵਿਚ 'ਏਮੀਲੀਆ ਪਰੇਜ਼', 'ਦੀ ਬਰੂਟਲਿਸਟ', 'ਵਿਕੇਡ', 'ਅਨੋਰਾ', 'ਏ ਕੰਪਲੀਟ ਅਨਨੋਨ', 'ਕਾਨਕਲੇਵ', 'ਟਿਊਨ ਪਾਰਟ ਟੂ', 'ਆਈ ਐਮ ਸਟਿਲ ਹਿਅਰ', 'ਨਿੱਕਲ ਬੁਆਏਜ਼' ਅਤੇ 'ਦ ਸਬਸਟਾਂਸ' ਹਨ। ਪਰ ਫਿਲਮ 'ਏਮੀਲੀਆ ਪਰੇਜ਼' ਸਮੀਖਿਅਕਾਂ ਦੀ ਵਧੇਰੇ ਪਸੰਦ ਬਣੀ ਹੋਈ ਹੈ।

**ਸਰਵੋਤਮ ਅਭਿਨੇਤਾ:** ਇਸ ਦੌੜ ਵਿਚ ਐਡਰਿਨ ਬ੍ਰੋਡੀ-'ਸੀ. ਟਿਮੋਥੀ', ਕੋਲਮੈਨ ਡੋਮਿੰਗੋ','ਰਾਫਲ ਫਿਨੇਸ', ਸੇਬੇਸਟਿਅਨ ਸਟੇਨ-'ਅਪ੍ਰੈਂਟਿਸ' ਸ਼ਾਮਲ ਹਨ। ਪਰ ਐਡਰਿਨ ਬ੍ਰੋਡੀ ਨੂੰ ਅਵਾਰਡ ਮਿਲਣ ਦੀ ਸੰਭਾਵਨਾ ਵੱਧ ਸਮਝੀ ਜਾਂਦੀ ਹੈ। ਉਸ ਦਾ ਨਾਂ ਸਭ ਤੋਂ ਉਪਰ ਹੈ। ਰਾਫਲ ਫਿਨੇਸ ਨੇ ਆਪਣਾ ਕਿਰਦਾਰ ਬਾਖੂਬੀ ਨਿਭਾ ਕੇ ਚੰਗੀ ਵਾਹ-ਵਾਹ ਖੱਟੀ ਹੈ।

**ਸਰਵੋਤਮ ਨਿਰਦੇਸ਼ਕ:** ਇਸ ਵਰਗ ਵਿਚ ਬ੍ਰੇਡੀ ਕਾਰਬੇਟ-'ਦ ਬਰੂਟਲਿਸਟ', ਜੇਮਜ਼ ਮੈਂਗੋਲਡ 'ਏ ਕੰਪਲੀਟ ਅਨਨੋਨ', ਜ਼ੇਕ ਔਡੀਅਰਡ 'ਏਮੀਲੀਆ ਪਰੇਜ਼', ਕੋਲਰੀ ਫਰੋਜੇਟ 'ਦ ਸਬਸਟਾਂਸ', ਸ਼ੋਨ ਬੇਕਰ 'ਅਨੋਰਾ' ਹਨ। ਇਸ ਵਾਰ ਬ੍ਰੇਡੀ ਕਾਰਬੇਟ ਨੂੰ ਦਾਅਵੇਦਾਰ ਸਮਝਿਆ ਜਾ ਰਿਹਾ ਹੈ। ਜ਼ੇਕ ਔਡੀਅਰਡ ਦੇ ਨਿਰਦੇਸ਼ਨ ਦੀ ਬਹੁਤ ਚਰਚਾ ਹੈ।

**ਸਰਵੋਤਮ ਅਦਾਕਾਰਾ:** ਇਸ ਸ਼੍ਰੇਣੀ ਵਿਚ ਸਿੰਥੀਆ ਏਰਿਵੋ-'ਵਿਕੇਡ', ਕਾਰਲਾ ਸੋਫੀਆ ਗੈਸਕਾਨ-'ਏਮੀਲੀਆ ਪਰੇਜ਼', ਮਿਕੀ ਮੈਡੀਸਨ -'ਅਨੋਰਾ', ਡੈਮੀ ਮੂਰ-'ਦ ਸਬਸਟਾਂਸ, ਫਰਨੈਂਡਾ ਟੋਰਸ-'ਆਈ ਐਮ ਸਟਿਲ ਹਿਅਰ' ਹਨ। ਫਰਨੈਂਡਾ ਟੋਰਸ ਨੇ ਬਹੁਤ ਉਮਦਾ ਅਦਾਕਾਰੀ ਕੀਤੀ ਹੈ। ਇਸ ਦੌੜ ਵਿਚ ਕਾਰਲਾ ਸੋਫੀਆ ਗੈਸਕਾਨ ਦੀ ਵੀ ਖੂਬ ਚਰਚਾ ਹੈ। ਬਿਹਤਰੀਨ ਸਹਾਇਕ ਅਭਿਨੇਤਾ: ਇਸ ਦੌੜ ਵਿਚ 'ਯੂਰਾ ਬੋਰਿਸੋਵ','ਅਨੋਰਾ','ਕੀਰਨ ਕੁਲਕਿਨ','ਏ ਰੀਅਲ ਪੇਨ', ਐਡਵਰਡ ਨੌਰਟਨ,'ਏ ਕੰਪਲੀਟ ਅਨਨੋਨ' ਗਾਇ ਪੀਅਰਸ,'ਦ ਬਰੂਟਲਿਸਟ' 'ਜੈਰੇਮੀ ਸਟਰੋਂਗ,' 'ਦ ਅਪ੍ਰੈਂਟਿਸ' ਸ਼ਾਮਲ ਹਨ।

**ਸਰਵੋਤਮ ਸਹਾਇਕ ਅਭਿਨੇਤਰੀ:** ਇਸ ਵਰਗ ਵਿਚ ਮੋਨਿਕਾ ਬਾਰਬਾਰੋ -'ਏ ਕੰਪਲੀਟ ਅਨਨੋਨ', ਏਰੀਅਨਾ ਗ੍ਰਾਂਡੇ- 'ਵਿਕੇਡ', ਫੈਲਾਸਿਟੀ ਜੋਨਸ-'ਦ ਬਰੂਟਲਿਸਟ', ਇਜ਼ਾਬੇਲ ਰੋਸੋਲੀਨੀ-'ਕਾਨਕਲੇਵ, ਜਾਏ ਸਾਲਡੋਨਾ-'ਏਮੀਲੀਆ ਪਰੇਜ਼' ਹਨ ਪਰ ਜਾਏ ਸਾਲਡੋਨਾ ਦੇ ਇਨਾਮ ਜਿੱਤਣ ਬਾਰੇ ਚਰਚਾ ਹੈ। ਏਰੀਅਨਾ ਗ੍ਰਾਂਡੇ ਵੀ ਪੁਰਸਕਾਰ ਲਈ ਹੱਕਦਾਰ ਸਮਝੀ ਜਾ ਰਹੀ ਹੈ।

**ਬਿਹਤਰੀਨ ਮੌਲਿਕ ਪਟਕਥਾ:** ਇਸ ਵਰਗ ਵਿਚ ਫਿਲਮ 'ਅਨੋਰਾ,-ਸੀਨ ਬੇਕਰ, 'ਦ ਬਰੂਟਲਿਸਟ'-ਬ੍ਰੇਡੀ ਕਾਰਬੇਟ ਤੇ ਮੋਨਾ ਫਾਸਟਵੋਲਡ, ਦੀ ਰਿਅਲ ਪੇਨ-ਜੇਸੀ ਇਸੇਨਬਰਗ, 'ਸੇਪਟੇਂਬਰ 5 – ਮੋਰਟਿਜ਼, ਟਿਮ, ਅਲੈਕਸ ਡੇਵਿਡ ਦੁਆਰਾ ਸਕ੍ਰੀਨਪਲੇ; 'ਦ ਸਬਸਟਾਂਸ'- ਕੋਰੇਲੀ ਫਾਰਗਿਏਟ ਦੇ ਨਾਂ ਸ਼ਾਮਲ ਹਨ।

**ਅਡਾਪਟਿਡ ਸਕਰੀਨਪਲੇਅ:** ਅਡਾਪਟਿਡ ਸਕਰੀਨਪਲੇਅ ਲਈ ਨਾਮਜ਼ਦ ਹੋਏ ਹਨ-'ਏ ਕੰਪਲੀਟ ਅਨਨੋਨ', ਜੇਮਜ਼ ਵਰਗਲਡ ਅਤੇ ਜੈ ਕੁੱਕਸ ਦੁਆਰਾ ਸਕ੍ਰੀਨਪਲੇਅ, 'ਕਾਨਕਲੇਵ' ਪੀਟਰ ਸਟ੍ਰੈਗਨ ਦੁਆਰਾ ਸਕ੍ਰੀਨਪਲੇ, ਏਮੀਲੀਆ ਪਰੇਜ਼- ਜੈਕਾਂ, ਥੌਮਸ ਬੋਲੀਗੇਨ, ਲੀਆ ਮਾਈਸੀਅਸ ਅਤੇ ਨਿਕੋਲਸ ਲਾਈਵਸਚੀ,'ਨਿਕੱਲ ਬੁਆਏਜ਼' ਰੈਮਲ ਰਾਸ ਤੇ ਜਾਇਸਿਲੀਨ ਦੁਆਰਾ ਸਕ੍ਰੀਨਪਲੇਅ, 'ਸਿੰਗ-ਸਿੰਗ' ਕਲਾਈਂਟ ਤੇ ਗ੍ਰੇਗ ਹਨ। ਪਰ 'ਕਾਨਕਲੇਵ' ਪੀਟਰ ਸਟ੍ਰੈਗਨ ਦੁਆਰਾ ਸਕ੍ਰੀਨਪਲੇ ਦੇ ਇਨਾਮ ਜਿੱਤਣ ਦੀ ਉਮੀਦ ਹੈ।

**ਬੈਸਟ ਲਾਈਵ ਐਕਸ਼ਨ ਸ਼ਾਰਟ ਮੂਵੀ:** ਬੈਸਟ ਲਾਈਵ ਐਕਸ਼ਨ ਸ਼ਾਰਟ ਮੂਵੀ ਵਿਚ 'ਅਨੁਜਾ'-, 'ਏ ਲੀਨ'-, 'ਆਈ ਐਮ ਨਾਟ ਏ ਰੋਬੋਟ-, 'ਦ ਮੈਨ ਹੂ ਕੁਡ ਨਾਟ ਰਿਮੇਨ ਸਾਈਲੈਂਟ- ਤੇ ਲਾਸਟ ਰੇਂਜਰ ਨਾਮਜ਼ਦ ਹਨ। ਲਾਸਟ ਰੇਂਜਰ ਦੇ ਇਨਾਮ ਜਿੱਤਣ ਦੀ ਉਮੀਦ ਹੈ।

ਬਿਹਤਰੀਨ ਸਿਨੇਮਾਟੋਗ੍ਰਾਫੀ: ਬਿਹਤਰਨੀਨ ਸਿਨੇਮਾਟੋਗ੍ਰਾਫੀ ਵਿਚ 'ਲੋਲ ਕਰਾਲਾਏ', 'ਗ੍ਰੀਗ ਫਰੇਜ਼ਰ', 'ਪੌਲ ਗੁਇਲ','ਐਡ ਲੈਚਮੈਨ' ਤੇ ਜਿਰਨ ਬਲਾਸਕ ਹਨ।

ਫਿਲਮ ਸੰਪਾਦਨ ਵਿਚ ਨਾਮਜ਼ਦ 'ਅਨੋਰਾ'- ਸੀਨ ਬੇਕਰ, 'ਦੀ ਬਰੂਟਲਿਸਟ' ਡੇਵਿਡ ਜਾਨਸੋ, 'ਕਾਨਕਲੇਵ' ਨਿਕ ਇਮਰਸਨ, 'ਏਮੀਲੀਆ ਪਰੇਜ਼' ਜੂਲੀਅਟ ਵੈਲਫਲਿੰਗ ਦੀ, 'ਵਿਕੇਡ' ਮਾਇਰਨ ਕਰਟੀਨ ਦੇ ਨਾਂ ਸ਼ਾਮਲ ਹਨ।

ਬਿਹਤਰੀਨ ਮੌਲਿਕ ਗੀਤ ਸ਼੍ਰੇਣੀ ਵਿਚ ਗੀਤ 'ਐਲ ਮਾਲ','ਦੀ ਜਰਨੀ','ਲਾਈਕ ਏ ਬਰਡ', 'ਮਾਈ ਕਮਇਨ', 'ਨੇਵਰ ਟੂ ਲੇਟ' ਨਾਮਜ਼ਦ ਹਨ। ਗੀਤ 'ਲਾਈਕ ਏ ਬਰਡ' ਇਨਾਮ ਜਿੱਤ ਸਕਦਾ ਹੈ।

**ਮੌਲਿਕ ਸਕੋਰ:** ਇਸ ਸ਼੍ਰੇਣੀ ਵਿਚ 'ਡੈਨੀਅਲ ਬਲੂਮਬਰਗ','ਵੋਲਕਰ ਬਰਟੇਲਮਨ', ਕਲੈਮਮੈਂਟ ਡਿਕਲ ਅਤੇ ਕੈਮਿਲ, ਜੌਨ ਪਾਵੇਲ ਅਤੇ ਸਟੀਫਨ ਸਕਵਰਜ਼, ਕ੍ਰਿਸ ਬੋਅ ਸ਼ਾਮਲ ਹਨ। 'ਜੌਨ ਪਾਵੇਲ ਅਤੇ ਸਟੀਫਨ ਸਕਵਰਜ਼ ਦੇ ਇਨਾਮ ਜਿੱਤਣ ਦੀ ਸੰਭਾਵਨਾ ਵੱਧ ਹੈ।

**ਵਿਜ਼ੂਅਲ ਇਫੈਕਟਸ:** ਇਸ ਸ਼੍ਰੇਣੀ ਵਿਚ ਫਿਲਮਾਂ 'ਏਲੀਅਨ: ਰੋਮੂਲਸ', 'ਬੈਟਰ ਮੈਨ', 'ਟਿਊਨ ਪਾਰਟ ਟੂ', 'ਕਿੰਗਡਮ 'ਆਫ ਦ ਪਲੈਨਟ ਆਫ ਦ ਏਪ','ਵਿਕੇਡ' ਸ਼ਾਮਲ ਹਨ।

**ਪ੍ਰੋਡਕਸ਼ਨ ਡਿਜ਼ਾਈਨ:** ਇਸ ਸ਼੍ਰੇਣੀ ਵਿਚ ਫਿਲਮ 'ਦ ਬਰੂਟਲਿਸਟ', 'ਕਾਨਕਲੇਵ', 'ਟਿਊਨ ਪਾਰਟ ਟੂ', ਨੋਸਫੈਟੂ, 'ਵਿਕੇਡ' ਸ਼ਾਮਲ ਹਨ।

**ਕਾਸਟਿਊਮ ਡਿਜ਼ਾਈਨ:** ਇਸ ਵਿਚ 'ਕਾਨਕਲੇਵ', ਨੋਸਫੈਟੂ, 'ਵਿਕੇਡ', ਗਲੈਡੀਟਰ ਟੂ, 'ਏ ਕੰਪਲੀਟ ਅਨਨੋਨ' ਸ਼ਾਮਲ ਹਨ।

**ਬੈਸਟ ਮੇਕਅੱਪ ਤੇ ਹੇਅਰ ਸਟਾਈਲ:** ਇਸ ਮੁਕਾਬਲੇ ਵਿਚ ਨੋਸਫੈਟੂ, ਏਮੀਲੀਆ ਪੇਰੇਜ਼, 'ਏ ਡਿਫਰੰਟ ਮੈਨ', 'ਵਿਕੇਡ' ਤੇ 'ਦ ਸਬਸਟਾਂਸ' ਸ਼ਾਮਲ ਹਨ।

**ਸਾਊਂਡ:** ਸਾਊਂਡ ਵਿਚ ਫਿਲਮਾਂ 'ਏਮੀਲੀਆ ਪਰੇਜ਼', 'ਵਿਕੇਡ', 'ਏ ਕੰਪਲੀਟ ਅਨਨੋਨ', 'ਟਿਊਨ ਪਾਰਟ ਟੂ' ਤੇ 'ਵਾਈਲਡ ਰੋਬੋਟ ਨਾਮਜ਼ਦ ਹਨ।

ਬਿਹਤਰੀਨ ਐਨੀਮੇਸ਼ਨ ਫੀਚਰ ਫਿਲਮ: ਇਸ ਵਰਗ ਵਿਚ ਫਲੋ, ਇਨ-ਸਾਈਡ ਆਊਟ ਟੂ, ਮੋਮਰਾਇ ਆਫ ਏ ਸਨੇਲ, ਵੈਲਸ ਗਾਰਮਿਟ ਤੇ ਵਾਈਲਡ ਰੋਬੋਟ ਨਾਮਜ਼ਦ ਹਨ।

**ਬੈਸਟ ਐਨੀਮੇਟਡ ਸ਼ਾਰਟ ਫਿਲਮ:** ਇਸ ਸ਼੍ਰੇਣੀ ਵਿਚ ਬਿਊਟੀਫੁਲ ਮੈਨ, 'ਇਨ ਦੀ ਸ਼ੈਡੋ ਆਫ ਸਿਪਰਸ','ਮੈਜਿਕ ਕੈਂਡੀ','ਵਾਂਡਰ ਟੂ ਵਾਂਡਰ', ਯੱਕ ਨਾਮਜ਼ਦ ਹਨ।


**ਸ਼ਾਰਟ ਫਿਲਮ ਡਾਕੂਮੈਂਟਰੀ ਸ਼੍ਰੇਣੀ:** ਇਸ ਕੈਟੇਗਰੀ ਵਿਚ 'ਡੈਥ ਬਾਈ ਨੰਬਰਸ', 'ਆਈ ਐਮ ਰੈਡੀ ਵਾਰਡਨ', 'ਇੰਸੀਡੈਂਟ, 'ਇੰਸਟਰੂਮੈਂਟ ਆਫ ਏ ਬੀਟਿੰਗ ਹਰਟ','ਦ ਆਨਲੀ ਗਰਲ ਇਨ ਦੀ ਆਰਕੈਸਟਰਾ' ਨਾਮਜ਼ਦ ਹਨ।

**ਬਿਹਤਰੀਨ ਡਾਕੂਮੈਂਟਰੀ ਫੀਚਰ ਫਿਲਮ:** ਬਿਹਤਰੀਨ ਡਾਕੂਮੈਂਟਰੀ ਫੀਚਰ ਫਿਲਮ ਲਈ ਨਾਮਜ਼ਸ ਫਿਲਮਾਂ ਹਨ -ਬਲੈਕ ਬਾਕਸ ਡੇਅਰੀਜ਼, ਨੋ ਅਦਰ ਲੈਂਡ, ਪਰੋਕਲੀਨ ਵਾਰ, ਸਾਊਂਡ ਟਰੈਕ ਟੋ ਏ. ਅਤੇ ਸੁਗਰਕੇਨ।

**ਬਿਹਤਰੀਨ ਵਿਦੇਸ਼ੀ ਭਾਸ਼ਾ ਫਿਲਮ:** ਇਸ ਫਿਲਮ ਵਰਗ ਵਿਚ ਸਰਬੋਤਮ ਅੰਤਰਰਾਸ਼ਟਰੀ ਫੀਚਰ ਫਿਲਮ 'ਆਈ ਐਮ ਸਟਿਲ ਹੇਅਰ' (ਬ੍ਰਾਜ਼ੀਲ)-,'ਦ ਗਰਲ ਵਿਦ ਦਾ ਨੀਡਲ' (ਡੈਨਮਾਰਕ) -, 'ਏਮੀਲੀਆ ਪਰੇਜ਼ (ਫਰਾਂਸ)-, 'ਦ ਸੀਡ ਆਫ ਦੀ ਸੇਕਰਡ ਫਿਗ' (ਜਰਮਨੀ)-, 'ਫਲੋ' (ਲਾਤਵੀਆ) ਨਾਮਜ਼ਦ ਹਨ। 'ਦ ਸੀਡ ਆਫ ਦੀ ਸੇਕਰਡ ਫਿਗ' ਜ਼ੋਰਦਾਰ ਦਾਅਵੇਦਾਰ ਲੱਗ ਰਹੀ ਹੈ। 'ਦ ਗਰਲ ਵਿਦ ਦਾ ਨੀਡਲ'- ਫਿਲਮ ਦੀ ਕਹਾਣੀ ਵੀ ਕਾਫੀ ਪਸੰਦ ਕੀਤੀ ਜਾ ਰਹੀ ਹੈ। ਇਸ ਲਈ ਮੁਕਾਬਲਾ ਕਾਫੀ ਸਖ਼ਤ ਹੈ।

ਜ਼ਿਕਰਯੋਗ ਹੈ ਕਿ ਆਸਕਰ ਅਵਾਰਡ ਦਾ 200 ਦੇਸ਼ਾਂ ਵਿਚ ਸਿੱਧਾ ਪ੍ਰਸਾਰਣ ਹੁੰਦਾ ਹੈ ਤੇ ਕਰੋੜਾਂ ਲੋਕ ਇਸ ਪ੍ਰੋਗਰਾਮ ਨੂੰ ਦੇਖਣ ਲਈ ਟੀ.ਵੀ. ਨਾਲ ਜੁੜੇ ਹੁੰਦੇ ਹਨ। 97ਵੇਂ ਆਸਕਰ ਅਵਾਰਡ ਦਾ ਸਿੱਧਾ ਪ੍ਰਸਾਰਣ ਐਤਵਾਰ, 2 ਮਾਰਚ 2025 ਨੂੰ ਸ਼ਾਮ 5 (ਪੈਸੇਫਿਕ ਟਾਈਮ) ਅਤੇ ਸ਼ਾਮ 7 ਵਜੇ (ਸੈਂਟਰਲ ਟਾਈਮ) ਏ. ਬੀ. ਸੀ. ਚੈਨਲ 'ਤੇ ਦਿਖਾਇਆ ਜਾਏਗਾ।





**ਆਸਕਰ ਅਵਾਰਡ 2025 ਲਈ ਨਾਮਜ਼ਦ ਵੱਖ-ਵੱਖ ਫਿਲਮਾਂ ਦੇ ਪੋਸਟਰ।**

## ਕੀ ਪੰਜਾਬਣ ਗੁਨੀਤ ਅਮਰਪ੍ਰੀਤ ਕੌਰ ਮੋਂਗਾ ਤੀਜੀ ਵਾਰ ਆਸਕਰ ਅਵਾਰਡ ਜਿੱਤ ਕੇ ਇਤਿਹਾਸ ਰਚੇਗੀ?

97ਵਾਂ ਆਸਕਰ ਅਵਾਰਡ ਪ੍ਰੋਗਰਾਮ ਡੋਲਬੀ ਥਿਏਟਰ ਲਾਸ ਏਂਜਲਸ ਵਿਚ 2 ਮਾਰਚ 2025, ਐਤਵਾਰ ਨੂੰ ਹੋ ਰਿਹਾ ਹੈ। 'ਅਨੁਜਾ' ਲਘੂ ਫਿਲਮ 'ਲਾਈਵ ਐਕਸ਼ਨ ਸ਼ਾਰਟ' ਸ਼੍ਰੇਣੀ ਵਿਚ ਆਸਕਰ ਅਵਾਰਡ ਲਈ ਆਖਰੀ 5 ਫਿਲਮਾਂ ਵਿਚ ਚੁਣੀ ਗਈ ਹੈ। ਇਸ ਦੇ ਨਿਰਦੇਸ਼ਕ ਤੇ ਲੇਖਕ ਐਡਮ ਡੀ ਗ੍ਰੇਵਜ਼ ਤੇ ਨਿਰਮਾਤਾਵਾਂ ਦੀ ਟੀਮ ਵਿਚ ਗੁਨੀਤ ਮੋਂਗਾ ਵੀ ਸ਼ਾਮਲ ਹੈ। ਯਾਦ ਰਹੇ ਕਿ ਸਾਲ 2023 ਵਿਚ ਨਿਰਮਾਤਾ ਗੁਨੀਤ ਮੋਂਗਾ ਤੇ ਅਚਿਨ ਜੈਨ ਦੀ ਫਿਲਮ 'ਦੀ ਐਲੀਫੈਂਟ ਵਿਸਪਰਜ਼' ਨੇ 'ਸ਼ਾਰਟ ਡਾਕੂਮੈਂਟਰੀ ਸ਼੍ਰੇਣੀ' ਵਿਚ ਆਸਕਰ ਅਵਾਰਡ' ਜਿਤਿਆ ਸੀ। 2019 ਵਿਚ



ਗੁਨੀਤ ਮੋਂਗਾ ਦੀ ਫਿਲਮ 'ਪੀਰੀਅਡ-ਐਂਡ ਆਫ ਸੈਂਟੈਂਸ' ਸ਼ਾਰਟ ਡਾਕੂਮੈਂਟਰੀ ਸ਼੍ਰੇਣੀ 'ਚ ਆਸਕਰ ਅਵਾਰਡ ਜਿੱਤਿਆ ਸੀ।

ਫਿਲਮ ਜਗਤ ਵਿਚ ਗੁਨੀਤ ਮੋਂਗਾ ਦੇ ਨਾਂ ਨਾਲ ਨਾਮਣਾ ਖੱਟਣ ਵਾਲੀ ਅਮਰਪ੍ਰੀਤ ਕੌਰ ਦਾ ਜਨਮ ਦਿੱਲੀ ਵਿਚ ਹੋਇਆ, ਉਸਨੇ ਆਪਣੀ ਮੁਢਲੀ ਪੜ੍ਹਾਈ ਅੰਤਰਰਾਸ਼ਟਰੀ ਬਲੂ ਬੈਲ ਸਕੂਲ ਤੋਂ ਹਾਸਲ ਕੀਤੀ। ਉਪਰੰਤ ਗੁਰੂ ਗੋਬਿੰਦ ਸਿੰਘ ਕਾਲਜ ਯੂਨੀਵਰਸਿਟੀ ਦੇ ਇੰਸਟੀਚਿਊਟ ਤੋਂ ਕਮਿਊਨੀਕੇਸ਼ਨ ਅਤੇ ਇਲੈਕਟ੍ਰਾਨਿਕ ਮੀਡੀਆ ਅਤੇ ਜਨ ਸੰਚਾਰ ਵਿਚ ਡਿਗਰੀ ਪ੍ਰਾਪਤ ਕੀਤੀ। ਉਸ ਤੋਂ ਬਾਅਦ ਉਸਨੇ

**(ਬਾਕੀ ਅਗਲੇ ਸਫ਼ੇ 'ਤੇ)**

# ਅਰਬਪਤੀਆਂ ਦੀ ਆਰਥਿਕਤਾ, ਗਣਤੰਤਰ ਅਤੇ ਖੇਤਰੀ ਪਾਰਟੀਆਂ

ਸਿਆਸੀ ਤਾਕਤ ਅਤੇ ਧਨ ਦੌਲਤ ਵਿਚ ਬਹੁਤ ਨੇੜੇ ਦਾ ਸਬੰਧ ਹੁੰਦਾ ਹੈ। ਬਰਤਾਨੀਆ ਦੇ ਪ੍ਰਸਿੱਧ ਇਤਿਹਾਸਕਾਰ ਲਾਰਡ ਐਕਟੋਨ ਨੇ ਆਪਣੀ ਕਿਤਾਬ ਆਜ਼ਾਦੀ ਅਤੇ ਹੋਰ ਲੇਖ (Freedom And Other Essays,1907) ਵਿਚ ਇੱਕ ਮਹੱਤਵਪੂਰਨ ਕਥਨ ਦਰਜ ਕੀਤਾ ਸੀ। ਉਸ ਨੇ ਲਿਖਿਆ ਸੀ ਕਿ "ਤਾਕਤ ਅਤੇ ਮੁਦਰਾ ਵਿਚ ਵਿਛੋੜਾ ਤਾਂ ਹੋ ਸਕਦਾ ਹੈ ਪਰ ਤਲਾਕ ਨਹੀਂ, ਜਲਦੀ ਹੀ ਜਾਂ ਤਾਂ ਮੁਦਰਾ ਤਾਕਤ ਨੂੰ ਖਰੀਦ ਲਵੇਗੀ ਜਾਂ ਤਾਕਤ ਮੁਦਰਾ ਨੂੰ ਹਾਸਲ ਕਰ ਲਵੇਗੀ"। ਇਸ ਕਥਨ ਦੀ ਪ੍ਰਮਾਣਿਕਤਾ ਵੱਖ-ਵੱਖ ਦੇਸ਼ਾਂ ਦੀ ਅਜੋਕੇ ਸਮੇਂ ਸਿਆਸਤ ਦੀ ਪ੍ਰਕਿਰਿਆ ਤੋਂ ਮਿਲਦੀ ਹੈ। ਅਸੀਂ ਐਸੇ ਦੌਰ ਵਿਚੋਂ ਗੁਜ਼ਰ ਰਹੇ ਹਾਂ ਜਦੋਂ


**ਸੁੱਚਾ ਸਿੰਘ ਗਿੱਲ**


ਸਾਰੇ ਦੇਸ਼ਾਂ ਵਿਚ ਆਮਦਨ ਅਤੇ ਧਨ ਦੌਲਤ ਥੋੜ੍ਹੇ ਜਿਹੇ ਹੱਥਾਂ ਵਿਚ ਇਕੱਠੀ ਹੋ ਗਏ ਹਨ। ਥਾਮਸ ਪਿਕਟੀ ਵਲੋਂ ਆਪਣੀ ਕਿਤਾਬ ਇਕਵੀਂ ਸਦੀ ਵਿਚ ਸਰਮਾਇਆ (Capital in Twenty First Century) ਵਿਚ ਬਹੁਤ ਵਿਸਥਾਰ ਨਾਲ ਦੁਨੀਆ ਵਿਚ ਫੈਲੀ ਆਮਦਨ ਦੀ ਅਸਮਾਨਤਾ ਦਾ ਅਧਿਐਨ ਕੀਤਾ ਗਿਆ ਹੈ। ਇਨ੍ਹਾਂ ਦਿਨਾਂ ਵਿਚ (ਡਾਲਰ) ਅਰਬਪਤੀਆਂ ਦੇ ਨਾਮ ਨਾਲ ਇੱਕ ਨਵੀਂ ਧਾਰਨਾ ਤੇਜ਼ੀ ਨਾਲ ਪ੍ਰਚਲਿਤ ਹੋਈ ਹੈ। ਫੋਰਬਜ਼ ਸੰਸਥਾ ਵਲੋਂ ਵਿਸ਼ਵ ਦੇ ਅਰਬਪਤੀਆਂ ਦੀ ਲਿਸਟ ਹਰ ਸਾਲ ਛਾਪੀ ਜਾ ਰਹੀ ਹੈ। ਇਸ ਲਿਸਟ ਤੋਂ ਕਿਹੜੇ ਦੇਸ਼ ਵਿਚ ਕਿੰਨੇ ਅਰਬਪਤੀ ਹਨ ਉਸ ਬਾਰੇ ਅੰਕੜੇ ਮਿਲ ਜਾਂਦੇ ਹਨ। ਇਹ ਅਰਬਪਤੀ ਹਾਕਮ ਪਾਰਟੀਆਂ ਨਾਲ ਮਿਲ ਕੇ ਚਲਦੇ ਹਨ ਅਤੇ ਦੇਸ਼ਾਂ ਦੀ ਸਿਆਸਤ ਦੇ ਬਿਰਤਾਂਤ ਨੂੰ ਨਿਰਧਾਰਿਤ ਕਰਦੇ ਹਨ।

ਭਾਰਤ ਵਿਚ ਅਰਬਪਤੀਆਂ ਦੀ ਗਿਣਤੀ ਪਿਛਲੇ ਦਹਾਕੇ ਦੌਰਾਨ ਤੇਜ਼ੀ ਨਾਲ ਵਧੀ ਹੈ। ਭਾਵੇਂ ਦੇਸ਼ ਵਿਚ ਕਾਰੋਬਾਰੀ ਅਤੇ ਉਦਯੋਗਪਤੀ ਪਹਿਲਾਂ ਵੀ ਮੌਜੂਦ ਸਨ ਪਰ ਉਨ੍ਹਾਂ ਦੀ ਪਕੜ ਦੇਸ਼ ਦੀ ਆਰਥਿਕਤਾ 'ਤੇ ਭਾਰੂ ਨਹੀਂ ਸੀ। ਇਜਾਰੇਦਾਰੀ ਵਿਰੋਧੀ ਕਾਨੂੰਨ, 1969 ਲਾਗੂ ਹੋਣ ਕਾਰਨ ਅਤੇ ਪਬਲਿਕ ਸੈਕਟਰ ਦੇ ਅਦਾਰਿਆਂ ਦੇ ਵਿਕਾਸ ਕਾਰਨ ਉਨ੍ਹਾਂ ਦੇ ਵਧਣ-ਫੁੱਲਣ 'ਤੇ ਕੁੱਝ ਰੋਕਾਂ ਸਨ। ਇਹ ਰੋਕਾਂ 1991 ਦੀ ਨਵੀਂ ਆਰਥਿਕ ਨੀਤੀ ਨੇ ਖ਼ਤਮ ਕਰ ਦਿੱਤੀਆਂ ਅਤੇ ਸਰਕਾਰ ਵਲੋਂ ਕਾਰੋਬਾਰੀਆਂ ਨੂੰ ਰਿਆਇਤਾਂ ਅਤੇ ਸਹੂਲਤਾਂ ਵੱਡੀ ਪੱਧਰ 'ਤੇ ਦੇਣ ਨਾਲ ਇਨ੍ਹਾਂ ਦੀ ਖ਼ੂਬ ਤਰੱਕੀ ਹੋਈ ਹੈ। ਕਈ ਕਾਰੋਬਾਰੀਆਂ ਦੀ ਗਿਣਤੀ ਹੁਣ ਵਿਸ਼ਵ ਦੇ ਅਰਬਪਤੀਆਂ ਵਿਚ ਹੋਣ ਲੱਗ ਪਈ ਹੈ। ਇਹ ਗਿਣਤੀ 2013 ਵਿਚ 63 ਤੱਕ ਪਹੁੰਚ ਚੁੱਕੀ ਸੀ। 2019 ਵਿਚ ਇਹ ਗਿਣਤੀ 155 ਅਤੇ 2024 ਵਿਚ 334 ਦਰਜ ਕੀਤੀ ਗਈ ਸੀ। ਪ੍ਰਾਈਵੇਟ ਕਾਰਪੋਰੇਟ ਸੈਕਟਰ ਇਨ੍ਹਾਂ ਅਰਬਪਤੀਆਂ ਦੀ ਅਗਵਾਈ ਵਿਚ ਦੇਸ਼ ਦੀ 40% ਤੋਂ ਵੱਧ ਆਮਦਨ 'ਤੇ ਕਾਬਜ਼ ਹੋ ਗਿਆ ਹੈ। ਅਰਬਪਤੀ ਵੱਡੀਆਂ-ਵੱਡੀਆਂ ਕੰਪਨੀਆਂ ਦੇ ਮਾਲਕ ਹਨ ਅਤੇ ਕਿਸੇ ਖਾਸ ਉਦਯੋਗ ਜਾਂ ਬਿਜ਼ਨਸ ਵਿਚ ਉਨ੍ਹਾਂ ਦਾ ਪ੍ਰਭਾਵ ਫੈਸਲਾਕੁਨ ਹੁੰਦਾ ਹੈ। ਇਹ ਆਪਣੇ ਵਿੱਤੀ ਸਾਧਨਾਂ ਦੀ ਤਾਕਤ ਨਾਲ ਕਿਸੇ ਖਾਸ ਉਦਯੋਗ/ਬਿਜ਼ਨਸ ਵਿਚ ਇਜਾਰੇਦਾਰੀ ਸਥਾਪਤ ਕਰ ਲੈਂਦੇ ਹਨ। ਇਸ ਨਾਲ ਉਹ ਆਪਣੀ ਉਪਜ ਨੂੰ ਮਹਿੰਗੀ ਕੀਮਤ 'ਤੇ ਵੇਚਦੇ ਹਨ ਅਤੇ ਕਿਸਾਨਾਂ ਤੋਂ ਕੱਚਾ ਮਾਲ ਅਤੇ ਮਜ਼ਦੂਰਾਂ ਤੋਂ ਕਿਰਤ ਸ਼ਕਤੀ ਸਸਤੀ ਹਾਸਲ ਕਰ ਲੈਂਦੇ ਹਨ। ਇਸ ਨਾਲ ਉਨ੍ਹਾਂ ਦੀ ਧਨ-ਦੌਲਤ ਬੜੀ ਤੇਜ਼ੀ ਨਾਲ ਵਧ ਜਾਂਦੀ ਹੈ। ਐਸੇ ਮਾਲਕ ਆਰਥਿਕ ਇਜਾਰੇਦਾਰੀ ਦੀ ਨੁਮਾਇੰਦਗੀ ਕਰਦੇ ਹਨ। ਅਰਬਪਤੀ ਅਤੇ ਹੋਰ ਅਮੀਰ ਭਾਰਤ ਦੀ ਕੁੱਲ ਆਬਾਦੀ ਦਾ ਇੱਕ ਪ੍ਰਤੀਸ਼ਤ ਹਨ ਅਤੇ ਦੇਸ਼ ਦੀ 40% ਤੋਂ ਵੱਧ ਆਮਦਨ 'ਤੇ ਕਾਬਜ਼ ਹਨ। ਦੂਜੇ ਪਾਸੇ ਹੇਠਲੀ 50% ਆਬਾਦੀ ਨੂੰ ਕੇਵਲ 13.1% ਆਮਦਨ ਨਾਲ ਹੀ ਗੁਜ਼ਾਰਾ ਕਰਨਾ ਪੈਂਦਾ ਹੈ। ਘੱਟ ਆਮਦਨ ਵਾਲੇ ਲੋਕਾਂ 'ਤੇ ਟੈਕਸ ਦਾ ਭਾਰ ਵੀ ਕਾਫੀ ਜ਼ਿਆਦਾ ਪੈਂਦਾ ਹੈ। ਵੱਡੇ ਕਾਰੋਬਾਰੀਆਂ/ਅਰਬਪਤੀਆਂ 'ਤੇ ਟੈਕਸ ਦੀਆਂ ਦਰਾਂ ਘਟਾ ਦਿੱਤੀਆਂ ਹਨ। ਇਨ੍ਹਾਂ ਦਾ ਦੇਸ਼ ਦੀ ਸਿਆਸਤ 'ਤੇ ਕਾਫੀ ਪ੍ਰਭਾਵ ਨਜ਼ਰ ਆਉਂਦਾ ਹੈ। ਉਹ ਹਾਕਮ ਪਾਰਟੀਆਂ ਨੂੰ ਚੋਣਾਂ ਵਾਸਤੇ ਮੋਟੇ ਫੰਡ ਦਿੰਦੇ ਹਨ ਅਤੇ ਉਨ੍ਹਾਂ ਵਲੋਂ ਪ੍ਰਕਾਸ਼ਿਤ ਅਖ਼ਬਾਰਾਂ ਅਤੇ ਟੈਲੀਵਿਜ਼ਨ ਚੈਨਲ ਪਾਰਟੀਆਂ ਦਾ ਪ੍ਰਚਾਰ ਵੀ ਕਰਦੇ ਹਨ। ਇਸ ਦੇ ਬਦਲੇ ਉਹ ਸਰਕਾਰਾਂ ਤੋਂ ਵੱਡੀਆਂ ਰਿਆਇਤਾਂ ਅਤੇ ਸਬਸਿਡੀਆਂ ਵੀ ਪ੍ਰਾਪਤ ਕਰ ਲੈਂਦੇ ਹਨ।

ਵੱਡੇ ਕਾਰੋਬਾਰੀਆਂ ਦਾ ਨਜ਼ਰੀਆ ਦੇਸ਼ ਦੀ ਆਰਥਿਕਤਾ ਅਤੇ ਹਕੂਮਤ ਦੇ ਕੇਂਦਰੀਕਰਨ ਵੱਲ ਹੈ। ਉਹ ਸੂਬਿਆਂ ਦੀਆਂ ਵੱਖ-ਵੱਖ ਸਰਕਾਰਾਂ ਨਾਲ ਨਜਿੱਠਣ ਦੀ ਬਜਾਏ ਕੇਂਦਰ ਦੀ ਸਰਕਾਰ ਤੋਂ ਹੀ ਕਾਰੋਬਾਰ ਦੇ ਸਾਰੇ ਫੈਸਲੇ ਕਰਵਾਉਣੇ ਚਾਹੁੰਦੇ ਹਨ। ਉਨ੍ਹਾਂ ਨੂੰ 'ਇੱਕ ਦੇਸ਼ ਇੱਕ ਟੈਕਸ' ਅਤੇ 'ਇੱਕ ਦੇਸ਼ ਇੱਕ ਮੰਡੀ' ਦੇ ਸਿਧਾਂਤ ਹੀ ਮਾਫ਼ਕ ਆਉਂਦੇ ਹਨ। ਜੀ ਐਸ ਟੀ ਦੇ ਲਾਗੂ ਹੋਣ ਨਾਲ 'ਇੱਕ ਦੇਸ਼ ਇੱਕ ਟੈਕਸ' ਬਾਰੇ ਕਾਰਪੋਰੇਟ ਸੈਕਟਰ ਨੇ ਪ੍ਰਾਪਤੀ 2016 ਵਿਚ ਹਾਸਲ ਕਰ ਲਈ ਸੀ। ਪਰ 'ਇੱਕ ਦੇਸ਼ ਇੱਕ ਮੰਡੀ' ਦੀ ਪ੍ਰਕਿਰਿਆ 2020-21 ਦੇ ਕਿਸਾਨ ਅੰਦੋਲਨ ਕਰਕੇ ਰੁਕ ਗਈ ਸੀ। ਕੇਂਦਰ ਸਰਕਾਰ ਇਸ ਨੂੰ ਦੁਬਾਰਾ ਖੇਤੀ ਮਾਰਕੀਟਿੰਗ ਦੇ ਡਰਾਫਟ ਰਾਹੀਂ ਅਸਿੱਧੇ ਤਰੀਕੇ ਨਾਲ ਹਾਸਲ ਕਰਨ ਦੀ ਤਿਆਰੀ ਕਰ ਰਹੀ ਹੈ।

ਆਪਣੇ ਮੁਨਾਫੇ ਅਤੇ ਕਾਰੋਬਾਰ ਵਧਾਉਣ ਲਈ ਕਾਰਪੋਰੇਟ ਕੰਪਨੀਆਂ ਹਰ ਵੇਲੇ ਸਰਗਰਮ ਰਹਿੰਦੀਆਂ ਹਨ। ਕੋਵਿਡ ਮਹਾਮਾਰੀ ਦੌਰਾਨ ਦੇਸ਼ ਦੀ ਆਮਦਨ ਘਟ ਗਈ ਅਤੇ ਕੰਮ ਬੰਦ ਹੋਣ ਕਾਰਨ ਕਰੋੜਾਂ ਦੀ ਗਿਣਤੀ ਵਿਚ ਕਿਰਤੀ ਉਦਯੋਗਿਕ ਅਤੇ ਕਾਰੋਬਾਰੀ ਕੇਂਦਰਾਂ ਤੋਂ ਪਿੰਡਾਂ ਵੱਲ ਪੈਦਲ ਚੱਲ ਪਏ ਸਨ। ਮੁਸ਼ਕਲਾਂ ਦਾ ਟਾਕਰਾ ਕਰਦੇ ਕਾਫੀ ਗਿਣਤੀ ਵਿਚ ਮਜ਼ਦੂਰ ਆਪਣੀ ਜਾਨ ਵੀ ਗੁਆ ਬੈਠੇ ਸਨ। ਪਰ ਇਸ ਮੌਕੇ ਦੌਰਾਨ ਵੀ ਇਨ੍ਹਾਂ ਕੰਪਨੀਆਂ ਦੇ ਮੁਨਾਫ਼ੇ ਵਧ ਗਏ ਸਨ। ਕਾਰਪੋਰੇਟ ਘਰਾਣਿਆਂ ਦੇ ਕੰਟਰੋਲ ਹੇਠਾਂ ਚਲਦੇ ਅਖ਼ਬਾਰ ਅਤੇ ਟੈਲੀਵਿਜ਼ਨ ਚੈਨਲਾਂ ਵਲੋਂ




ਕਿਰਤੀਆਂ ਦੀਆਂ ਯੂਨੀਅਨਾਂ ਖ਼ਿਲਾਫ਼ ਵਿਚਾਰਧਾਰਕ ਅਭਿਆਨ ਚਲਾਇਆ ਜਾਂਦਾ ਹੈ। ਸਰਕਾਰ ਵਲੋਂ ਕਿਰਤ ਕਾਨੂੰਨਾਂ ਵਿਚ ਸੋਧਾਂ ਕਰਨ ਬਾਅਦ ਲੇਬਰ ਕੋਡ ਬਣਾਏ ਗਏ ਹਨ ਜਿਸ ਨਾਲ ਕਿਰਤੀਆਂ ਦੀਆਂ ਯੂਨੀਅਨਾਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਦਾ ਜ਼ੋਰਦਾਰ ਸਮਰਥਨ ਕਾਰਪੋਰੇਟ ਮੀਡੀਆ ਵਲੋਂ ਕੀਤਾ ਗਿਆ ਹੈ। ਦੇਸ਼ ਵਿਆਪੀ ਕਿਸਾਨ ਅੰਦੋਲਨ 2020-21 ਦਾ ਵੀ ਇਸ ਮੀਡੀਆ ਵਲੋਂ ਵਿਰੋਧ ਕੀਤਾ ਗਿਆ ਸੀ। ਦੇਸ਼ ਵਿਚ ਪੁਰਾਣੀ ਪੈਨਸ਼ਨ ਖਤਮ ਕਰਨ ਅਤੇ ਰੈਗੂਲਰ ਨੌਕਰੀਆਂ ਨੂੰ ਕੱਚੇ ਕਰਨ ਅਤੇ ਰੁਜ਼ਗਾਰ ਨੂੰ ਕੰਟਰੈਕਟ ਵਿਚ ਤਬਦੀਲ ਕਰਨ ਵਿਚ ਕੇਂਦਰ ਸਰਕਾਰ ਦੇ ਨਾਲ-ਨਾਲ ਪ੍ਰਾਈਵੇਟ ਕਾਰਪੋਰੇਟ ਘਰਾਣਿਆਂ ਦੇ ਦਬਾਅ ਦਾ ਵੀ ਰੋਲ ਹੈ। ਇਸ ਵਕਤ ਦੇਸ਼ ਵਿਚ ਨਾਗਰਿਕਾਂ ਦੇ ਜਮਹੂਰੀ ਹੱਕਾਂ ਅਤੇ ਸ਼ਹਿਰੀ ਆਜ਼ਾਦੀਆਂ 'ਤੇ ਸਰਕਾਰ ਅਤੇ ਹਾਕਮ ਪਾਰਟੀਆਂ ਦੇ ਸਮਰਥਕਾਂ ਵਲੋਂ ਜ਼ੋਰਦਾਰ ਹਮਲੇ ਕੀਤੇ ਜਾ ਰਹੇ ਹਨ। ਕਾਰਪੋਰੇਟ ਮੀਡੀਆ ਵਲੋਂ ਇਸ ਮਾਮਲੇ ਦੀ ਅਣਦੇਖੀ ਕੀਤੀ ਜਾ ਰਹੀ ਹੈ। ਸਰਕਾਰੀ ਏਜੰਸੀਆਂ ਦਾ ਵਿਰੋਧੀ ਪਾਰਟੀਆਂ ਖ਼ਿਲਾਫ ਦੁਰਉਪਯੋਗ ਹੋ ਰਿਹਾ ਹੈ ਪਰ ਕਾਰਪੋਰੇਟ ਮੀਡੀਆ ਚੁੱਪਚਾਪ ਬੇਧਿਆਨੀ ਨਾਲ ਮੂਕ ਦਰਸ਼ਕ ਬਣ ਬੈਠਾ ਹੈ। ਅਸਲ ਵਿਚ ਕਾਰਪੋਰੇਟ ਘਰਾਣਿਆਂ ਅਤੇ ਅਰਬਪਤੀਆਂ ਦਾ ਖਾਸਾ ਜਮਹੂਰੀਅਤ ਵਿਰੋਧੀ ਹੈ। ਇਹ ਜਮਾਤ ਪਬਲਿਕ ਸੈਕਟਰ ਵਿਰੋਧੀ ਵੀ ਹੈ। ਇਨ੍ਹਾਂ ਵਲੋਂ ਹੀ ਸਿਹਤ ਅਤੇ ਵਿਦਿਆ ਨੂੰ ਪ੍ਰਾਈਵੇਟ ਖੇਤਰ ਵਿਚ ਧੱਕਣ ਲਈ ਮਾਹੌਲ ਪੈਦਾ ਕੀਤਾ ਅਤੇ ਅਹਿਮ ਭੂਮਿਕਾ ਨਿਭਾਈ ਗਈ ਹੈ। ਇਨ੍ਹਾਂ ਦੇ ਬੁਨਿਆਦੀ ਮੁਫ਼ਾਦ ਸੰਵਿਧਾਨ ਅਤੇ ਗਣਤੰਤਰ ਦੀਆਂ ਕਦਰਾਂ-ਕੀਮਤਾਂ ਨਾਲ ਟਕਰਾਉਂਦੇ ਹਨ। ਇਨ੍ਹਾਂ ਅਰਬਪਤੀਆਂ ਨੂੰ ਦੇਸ਼ ਵਿਚ ਪਸਰੀ ਬੇਰੁਜ਼ਗਾਰੀ, ਗਰੀਬੀ ਅਤੇ ਬੀਮਾਰੀ ਅਤੇ ਲੋਕਾਂ ਦੇ ਖ਼ਿਲਾਫ ਹੋ ਰਹੀ ਹਿੰਸਾ ਦਾ ਕੋਈ ਫ਼ਿਕਰ ਨਹੀਂ ਹੈ। ਇਸ ਕਰਕੇ ਜਮਹੂਰੀਅਤ ਅਤੇ ਸੰਵਿਧਾਨ ਨੂੰ ਬਚਾਉਣ ਦੇ ਕਾਰਜ ਵਾਸਤੇ ਜਮਹੂਰੀ ਲਹਿਰ ਨੂੰ ਸਰਕਾਰੀ ਨੀਤੀਆਂ ਦੇ ਨਾਲ ਨਾਲ ਕਾਰਪੋਰੇਟ ਦੇ ਅਦਾਰਿਆਂ ਅਤੇ ਇਨ੍ਹਾਂ ਦੀ ਸੋਚ ਖ਼ਿਲਾਫ਼ ਵਿਚਾਰਧਾਰਕ ਅਤੇ ਸਿਆਸੀ ਲਹਿਰ ਉਸਾਰਨ ਤੋਂ ਬਗੈਰ ਹੋਰ ਕੋਈ ਰਸਤਾ ਨਹੀਂ ਹੈ।

ਦੇਸ਼ ਵਿਚ ਲੋਕਾਂ ਦੇ ਅਧਿਕਾਰਾਂ ਅਤੇ ਸ਼ਹਿਰੀ ਆਜ਼ਾਦੀਆਂ 'ਤੇ ਰੋਕਾਂ ਲਾਉਣ ਦੇ ਇਲਾਵਾ ਸੂਬਿਆਂ ਦੇ ਅਧਿਕਾਰਾਂ 'ਤੇ ਕਟੌਤੀ ਕਰਨ ਦੀ ਪ੍ਰਕਿਰਿਆ ਵਿਚ ਵੀ ਤੇਜ਼ੀ ਲਿਆਂਦੀ ਜਾ ਰਹੀ ਹੈ। ਖੇਤੀ ਉਤਪਾਦਨ ਅਤੇ ਮੰਡੀਕਰਨ ਦੇ ਕੰਮ ਨੂੰ ਸੂਬਿਆਂ ਤੋਂ ਖੋਹ ਕੇ ਕੇਂਦਰ ਸਰਕਾਰ ਦੀ ਨਿਗਰਾਨੀ ਵਿਚ ਪ੍ਰਾਈਵੇਟ ਕਾਰਪੋਰੇਟ ਸੈਕਟਰ ਨੂੰ ਦੇਣ ਦੀ ਕੋਸ਼ਿਸ਼ ਲਗਾਤਾਰ ਜਾਰੀ ਹੈ। ਕਾਨੂੰਨ ਵਿਵਸਥਾ ਵੀ ਸੂਬਿਆਂ ਤੋਂ ਅਸਿੱਧੇ ਤਰੀਕੇ ਨਾਲ ਖੋਹਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਹਿਲਾਂ ਅੰਤਰਰਾਸ਼ਟਰੀ ਬਾਰਡਰ ਦਾ ਘੇਰਾ 10 ਕਿਲੋਮੀਟਰ ਹੁੰਦਾ ਸੀ ਜਿਸ ਨੂੰ ਹੁਣ 50 ਕਿਲੋਮੀਟਰ ਕਰ ਦਿੱਤਾ ਗਿਆ ਹੈ। ਇਸ ਦੀ ਦੇਖ-ਰੇਖ ਬਾਰਡਰ ਸਕਿਉਰਿਟੀ ਫੋਰਸ ਵਲੋਂ ਕੀਤੀ ਜਾਂਦੀ ਹੈ। ਯੂ ਜੀ ਸੀ ਦੇ ਨਵੇਂ ਫੈਸਲੇ/ਸਰਕੂਲਰ ਅਨੁਸਾਰ ਸੂਬਿਆਂ ਦੀਆਂ ਸਰਕਾਰੀ ਯੂਨੀਵਰਸਿਟੀਆਂ ਵਿਚ ਵਾਈਸ ਚਾਂਸਲਰ ਲਾਉਣ ਦਾ ਅਧਿਕਾਰ ਖੋਹਣ ਦਾ ਐਲਾਨ ਕਰ ਦਿੱਤਾ ਗਿਆ ਹੈ। ਇਹ ਨੋਟ ਕਰਨ ਵਾਲੀ ਗੱਲ ਹੈ ਕਿ ਇਨ੍ਹਾਂ ਯੂਨੀਵਰਸਿਟੀਆਂ ਦੇ ਵਿੱਤੀ ਸਾਧਨਾਂ ਦਾ ਪ੍ਰਬੰਧ ਤਾਂ ਸੂਬਿਆਂ ਦੀਆਂ ਸਰਕਾਰਾਂ ਵਲੋਂ ਕੀਤਾ ਜਾਵੇਗਾ ਪਰ ਇਨ੍ਹਾਂ ਦਾ ਕੰਟਰੋਲ ਕੇਂਦਰ ਸਰਕਾਰ ਕੋਲ ਤਬਦੀਲ ਹੋ ਜਾਵੇਗਾ। ਪਹਿਲਾਂ ਹੀ ਜੀ ਐਸ ਟੀ ਲਾਗੂ ਕਰਨ ਨਾਲ ਸੂਬਿਆਂ ਦੇ ਵਿੱਤੀ ਸਾਧਨਾਂ ਤੋਂ ਸੂਬਿਆਂ ਦੀ ਖ਼ੁਦਮੁਖ਼ਤਿਆਰੀ ਲਗਭਗ ਖਤਮ ਕਰ ਦਿੱਤੀ ਗਈ ਹੈ। ਸੂਬਿਆਂ ਵਿਚ ਭਾਸ਼ਾ, ਸਭਿਆਚਾਰ, ਭੂਗੋਲਿਕ ਅਤੇ ਆਰਥਿਕ ਵਖਰੇਵੇਂ ਅਤੇ ਲੋੜਾਂ ਵੀ ਅਲੱਗ-ਅਲੱਗ ਹਨ। ਇਸ ਕਰਕੇ ਸੂਬਿਆਂ ਦੇ ਸਥਾਨਕ ਲੋੜਾਂ ਅਨੁਸਾਰ ਵਿਕਾਸ ਕਰਨ ਲਈ ਖ਼ੁਦਮੁਖ਼ਤਿਆਰੀ ਬਹੁਤ ਮਹੱਤਵਪੂਰਨ ਵਿਸ਼ਾ ਹੈ। ਇਸ ਨੂੰ ਕੇਵਲ ਖੇਤਰੀ ਪਾਰਟੀਆਂ ਹੀ ਸਮਝ ਅਤੇ ਬਚਾਅ ਸਕਦੀਆਂ ਹਨ। ਖੇਤਰੀ ਪਾਰਟੀਆਂ ਦਾ ਵਿਰੋਧ ਨਾ ਕੇਵਲ ਕੇਂਦਰੀ ਪਾਰਟੀਆਂ ਸਗੋਂ ਕਾਰਪੋਰੇਟ ਕੰਪਨੀਆਂ ਵੀ ਕਰਦੀਆਂ ਹਨ। ਇਹ ਖੇਤਰੀ ਪਾਰਟੀਆਂ ਨੂੰ ਸਮਝਣ ਦੀ ਜ਼ਰੂਰਤ ਹੈ। ਖੇਤਰੀ ਪਾਰਟੀਆਂ ਦੀ ਹੋਂਦ ਜਿਥੇ ਸੂਬਿਆਂ ਦੀ ਖ਼ੁਦਮੁਖ਼ਤਿਆਰੀ ਵਾਸਤੇ ਜ਼ਰੂਰੀ ਹੈ ਓਥੇ ਅਧਿਕਾਰਾਂ ਨੂੰ ਪਿੰਡਾਂ ਅਤੇ ਕਸਬਿਆਂ ਤੱਕ ਲਿਜਾਣ ਵਾਸਤੇ ਵੀ ਲਾਜ਼ਮੀ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਖੇਤਰੀ ਪਾਰਟੀਆਂ ਦੇਸ਼ ਵਿਚ ਜਮਹੂਰੀਅਤ ਅਤੇ ਸੰਵਿਧਾਨ ਬਚਾਉਣ ਲਈ ਦੇਸ਼ ਪੱਧਰ 'ਤੇ ਸਾਂਝਾ ਮੁਹਾਜ਼ ਤਿਆਰ ਕਰ ਕੇ ਸੂਬਿਆਂ ਦੀ ਖ਼ੁਦਮੁਖ਼ਤਿਆਰੀ ਨੂੰ ਏਜੰਡੇ ਦੇ ਤੌਰ 'ਤੇ ਸਪੱਸ਼ਟ ਰੂਪ ਵਿਚ ਸਾਹਮਣੇ ਲਿਆਉਂਦੀਆਂ ਹਨ। ਖੇਤਰੀ ਪਾਰਟੀਆਂ ਇਹ ਕਾਰਜ ਮਜ਼ਬੂਤੀ ਨਾਲ ਤਾਂ ਹੀ ਕਰ ਸਕਣਗੀਆਂ ਜੇਕਰ ਉਹ ਦੇਸ਼ ਵਿਚ ਕਿਰਤੀਆਂ, ਕਿਸਾਨਾਂ ਅਤੇ ਮੱਧ ਵਰਗ ਦੀਆਂ ਜਥੇਬੰਦੀਆਂ ਨਾਲ ਤਾਲਮੇਲ ਕਰਨ ਅਤੇ ਉਨ੍ਹਾਂ ਦੇ ਅਧਿਕਾਰਾਂ 'ਤੇ ਹੋ ਰਹੇ ਹਮਲਿਆਂ ਵਿਚ ਮਿਹਨਤਕਸ਼ ਲੋਕਾਂ ਦਾ ਸਾਥ ਦੇਣ।

ਦੇਸ਼ ਵਿਚ ਇਜਾਰੇਦਾਰ ਅਰਬਪਤੀਆਂ ਦੇ ਵਧ ਰਹੇ ਪ੍ਰਭਾਵ ਕਾਰਨ ਕਿਰਤੀਆਂ, ਕਿਸਾਨਾਂ ਅਤੇ ਆਮ ਲੋਕਾਂ ਦੇ ਅਧਿਕਾਰਾਂ ਨੂੰ ਸੀਮਤ ਕਰ ਕੇ ਕੇਂਦਰੀ ਪਾਰਟੀਆਂ ਸੂਬਿਆਂ ਦੀ ਖ਼ੁਦਮੁਖ਼ਤਿਆਰੀ ਨੂੰ ਖਤਮ ਕਰ ਰਹੀਆਂ ਹਨ। ਇਸ ਨਾਲ ਸੂਬਿਆਂ ਦੀਆਂ ਸਰਕਾਰਾਂ ਕਮਜ਼ੋਰ ਅਤੇ ਸ਼ਾਸਨ ਬੇਅਸਰ ਹੋ ਰਿਹਾ ਹੈ। ਸੂਬਿਆਂ ਦੇ ਕਮਜ਼ੋਰ ਹੋਣ ਨਾਲ ਨਿਸਚੇ ਹੀ ਦੇਸ਼ ਕਮਜ਼ੋਰ ਹੋਣ ਦੀ ਸੰਭਾਵਨਾ ਹੈ। ਖੇਤਰੀ ਪਾਰਟੀਆਂ ਇਹ ਕਾਰਜ ਮਜ਼ਬੂਤੀ ਨਾਲ ਤਾਂ ਹੀ ਕਰ ਸਕਦੀਆਂ ਹਨ ਜੇਕਰ ਉਹ ਸੰਘਰਸ਼ ਕਰ ਰਹੇ ਤਬਕਿਆਂ ਅਤੇ ਕਿਰਤੀਆਂ ਦਾ ਸਮਰਥਨ ਕਰਦੀਆਂ ਹਨ। ਇਵੇਂ ਹੀ ਲੋਕਾਂ ਦਾ ਵਿਸ਼ਵਾਸ ਤਾਂ ਹੀ ਮਜ਼ਬੂਤ ਹੋਵੇਗਾ ਜੇਕਰ ਖੇਤਰੀ ਪਾਰਟੀਆਂ ਜਮਹੂਰੀਅਤ ਅਤੇ ਗਣਤੰਤਰ ਦੀਆਂ ਕਦਰਾਂ-ਕੀਮਤਾਂ 'ਤੇ ਪਹਿਰਾ ਦੇਣ ਲਈ ਵਚਨਬੱਧਤਾ ਆਮ ਨਾਗਰਿਕਾਂ ਤੱਕ ਲੈ ਕੇ ਜਾਂਦੀਆਂ ਹਨ।

---

*(ਪਿਛਲੇ ਸਫ਼ੇ ਦਾ ਬਾਕੀ)*

ਸਿਖਿਆ ਐਂਟਰਟੇਨਮੈਂਟ ਨਾਂ ਦੀ ਇਕ ਕੰਪਨੀ ਬਣਾਈ ਤੇ ਫਿਲਮਾਂ ਬਣਾਉਣ ਦਾ ਕਾਰਜ ਸ਼ੁਰੂ ਕੀਤਾ। ਫਿਲਮ 'ਸੇ ਸਲਾਮ ਇੰਡੀਆ' (2007), 'ਵਨਸ ਅਪੌਨ ਏ ਟਾਈਮ ਇਨ ਮੁੰਬਈ', 'ਮਾਨਸੂਨ ਸ਼ੂਟਆਊਟ', ਸ਼ੈਤਾਨ, ਤ੍ਰਿਸ਼ਨਾ ਤੇ ਲੰਚ ਬਾਕਸ ਆਦਿ ਕਈ ਫਿਲਮਾਂ ਨਾਲ ਜੁੜੀ ਰਹੀ।

ਮੋਗਾ ਦੀ ਪਹਿਲੀ ਪ੍ਰਮੁੱਖ ਅੰਤਰਰਾਸ਼ਟਰੀ ਫਿਲਮ ਬੈਸਟ ਲਾਈਵ ਐਕਸ਼ਨ ਲਘੂ ਫਿਲਮ 'ਕਵੀ' (2009) ਸੀ ਜੋ ਭਾਰਤ ਵਿਚ ਬੰਧੂਆ ਮਜ਼ਦੂਰੀ ਬਾਰੇ ਸੀ, ਜਿਸਨੂੰ ਗ੍ਰੇਗ ਹੈਲਵੀ ਨੇ ਨਿਰਦੇਸ਼ਤ ਕੀਤਾ ਸੀ। ਇਹ ਫਿਲਮ ਆਸਕਰ ਅਕੈਡਮੀ ਅਵਾਰਡ ਲਈ ਸ਼ਾਰਟ 5 ਦੀ ਲਿਸਟ ਵਿਚ ਨਾਮਜ਼ਦ ਹੋਈ ਸੀ।

ਪਰ ਉਸ ਵੇਲੇ ਆਸਕਰ ਅਵਾਰਡ ਨਹੀਂ ਜਿੱਤ ਸਕੀ ਸੀ ਪਰ ਉਸ ਤੋਂ ਬਾਅਦ ਗੁਨੀਤ ਨੇ ਫਿਲਮ 'ਪੀਰੀਅਡ-ਐਂਡ ਆਫ ਸੈਂਟੈਂਸ' ਸ਼ਾਰਟ ਡਾਕੂਮੈਂਟਰੀ ਸ਼੍ਰੇਣੀ ਤੇ ਫਿਲਮ 'ਦੀ ਐਲੀਫੈਂਟ ਵਿਸਪਰਜ਼' ਨਾਲ ਆਸਕਰ ਅਵਾਰਡ ਹਾਸਲ ਕੀਤਾ। ਉਮੀਦ ਹੈ ਕਿ ਇਸ ਸਾਲ 97ਵਾਂ ਆਸਕਰ ਅਵਾਰਡ ਜਿਹੜਾ 2 ਮਾਰਚ 2025, ਐਤਵਾਰ ਨੂੰ ਡੋਲਬੀ ਥਿਏਟਰ ਲਾਸ ਏਂਜਲਸ ਵਿਚ ਹੋ ਰਿਹਾ ਹੈ, ਵਿਚ ਵੀ ਪੰਜਾਬਣ ਗੁਨੀਤ ਅਮਰਪ੍ਰੀਤ ਕੌਰ ਮੋਗਾ ਤੀਜੀ ਵਾਰ ਫਿਲਮ 'ਅਨੁਜਾ' ਨਾਲ ਆਸਕਰ ਅਵਾਰਡ ਜਿੱਤ ਕੇ ਇਤਿਹਾਸ ਰਚੇਗੀ।

**-ਸੁਰਿੰਦਰ ਸਿੰਘ ਭਾਟੀਆ**

# ਧੁੱਪ ਦੀ ਮਹਿਫਲ ਤੇ ਧੀਆਂ ਦੀ ਗੱਲ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਨਵਯੁਗ ਦਿੱਲੀ ਵਾਲੇ ਭਾਪਾ ਪ੍ਰੀਤਮ ਸਿੰਘ ਨੂੰ ਇਸ ਦੁਨੀਆ ਤੋਂ ਕੂਚ ਕੀਤਿਆਂ 12-15 ਵਰ੍ਹੇ ਹੋ ਗਏ ਹਨ ਪਰ ਉਸਦੀ ਯਾਦ ਦੇ ਮੇਲੇ ਬਾਦਸਤੂਰ ਜਾਰੀ ਹਨ। ਮੇਲ ਮਿਲਾਪ ਦੇ ਸਥਾਨ ਤੇ ਮਿਤੀਆਂ ਵੀ ਨਿਸ਼ਚਤ ਹਨ। ਹਰ ਵਰ੍ਹੇ ਸਤੰਬਰ/ਅਕਤੂਬਰ ਦੇ ਕਿਸੇ ਦਿਨ ਉਸ ਵਲੋਂ ਸਥਾਪਤ ਕੀਤੇ ਪੰਜਾਬੀ ਭਵਨ ਦਿੱਲੀ ਵਿਚ ਯਾਦਗਾਰੀ ਭਾਸ਼ਣ ਹੁੰਦਾ ਹੈ ਤੇ ਸਾਲ ਦੇ ਸ਼ੁਰੂ ਹੁੰਦਿਆਂ ਫਰਵਰੀ ਦੇ ਪਹਿਲੇ ਹਫਤੇ ਦਿੱਲੀ ਵਿਚ ਕੁਤਬ ਦੀ ਲਾਠ ਨੇੜੇ ਉਸਦੇ ਫਾਰਮ ਵਿਚ ਸਾਹਿਤ ਸੰਸਾਰ ਦੇ ਮਿੱਤਰ ਪਿਆਰਾਂ ਦਾ ਮੇਲਾ ਵੀ ਲਗਦਾ ਹੈ, ਦੋਵੇਂ ਥਾਵਾਂ ਉਤੇ ਗੀਤ, ਸੰਗੀਤ ਤੇ ਗੱਲਾਂ ਤੋਂ ਬਿਨਾ, ਸਵੇਰ ਦੇ ਗਿਆਰਾਂ ਵਜੇ ਤੋਂ ਸ਼ਾਮ ਦੇ ਤਿੰਨ ਵਜੇ ਤੱਕ, ਵਿਚਾਰ ਵਟਾਂਦਰਾ ਤੇ ਖਾਣ-ਪੀਣ ਵੀ ਚਲਦਾ ਹੈ। ਭਾਪਾ ਜੀ ਦੇ ਮਨ ਵਿਚ ਇਸ ਮੇਲ-ਮਿਲਾਪ ਦੀ ਭਾਵਨਾ ਦਾ ਆਰੰਭ ਸੰਨ ਸੰਤਾਲੀ ਦੀ ਦੇਸ਼ ਵੰਡ ਨਾਲ ਹੋਇਆ ਜਾਪਦਾ ਹੈ ਜਦੋਂ ਉਨ੍ਹਾਂ ਨੂੰ ਪ੍ਰੀਤ ਨਗਰ ਛੱਡ ਕੇ ਦਿੱਲੀ ਆਉਣਾ ਪਿਆ ਸੀ ਤੇ ਉਸ ਵੇਲੇ ਦੇ ਡਿਪਟੀ ਕਮਿਸ਼ਨਰ ਐਮ ਐਸ ਰੰਧਾਵਾ ਦੇ ਚਾਂਦਨੀ ਚੌਕ ਦੀ ਪਲੀਅਰ ਗਾਰਡਨ ਮਾਰਕਿਟ ਵਿਚ ਉਨ੍ਹਾਂ ਦੇ ਛਾਪੇਖਾਨੇ ਲਈ ਥਾਂ ਅਲਾਟ ਕਰ ਦਿੱਤੀ ਸੀ। ਇਹ ਥਾਂ ਰੇਲਵੇ ਸਟੇਸ਼ਨ ਅਤੇ ਬੱਸ ਅੱਡੇ ਦੇ ਏਨੀ ਨੇੜੇ ਸੀ ਕਿ ਦਿੱਲੀ ਆਉਣ ਵਾਲੇ ਲੇਖਕ ਤੇ ਪਾਠਕ ਆਪਣੇ ਟਿਕਾਣੇ ਉੱਤੇ ਪਹੁੰਚਣ ਤੋਂ ਪਹਿਲਾਂ ਏਥੇ ਹੀ ਹਾਜ਼ਰੀ ਭਰਦੇ ਸਨ। ਏਥੇ ਉਨ੍ਹਾਂ ਨੂੰ ਗਰਮਾ-ਗਰਮ ਚਾਹ ਤੇ ਪਕੌੜੇ ਵੀ ਮਿਲ ਜਾਂਦੇ ਸਨ ਤੇ ਦੂਰੋਂ ਨੇੜਿਓਂ ਦਿੱਲੀ ਪਹੁੰਚਣ ਵਾਲਾ ਕੋਈ ਨਾ ਕੋਈ ਸਾਹਿਤ ਰਸੀਆ ਵੀ ਮਿਲ ਜਾਂਦਾ ਸੀ। ਇਹੋ ਜਿਹੀ ਭਾਵਨਾ ਸਦਕਾ ਬਲਵੰਤ ਗਾਰਗੀ ਨੇ ਭਾਪਾ ਜੀ ਨੂੰ ਉਨ੍ਹਾਂ ਦੇ ਰੇਖਾ ਚਿੱਤਰ ਵਿਚ 'ਤਕੀਏ ਦਾ ਪੀਰ' ਲਿਖਿਆ ਸੀ।

ਤਕੀਏ ਦੇ ਇਸ ਪੀਰ ਨੇ ਚਾਂਦਨੀ ਚੌਕ ਵਾਲਾ ਟਿਕਾਣਾ ਤਿਆਗਣ ਤੋਂ ਪਹਿਲਾਂ 1990 ਵਿਚ ਕੁਤਬ ਦੀ ਲਾਠ ਨੇੜੇ ਇਕ ਫੁੱਲਾਂ ਬੂਟਿਆਂ ਦਾ ਫਾਰਮ ਸਥਾਪਤ ਕਰ ਲਿਆ ਸੀ ਜਿਥੇ ਉਸ ਵੇਲੇ ਤੋਂ ਹੀ ਸਾਲ ਦੇ ਸ਼ੁਰੂ ਵਾਲਾ ਉਹ ਮੇਲਾ ਲਗਦਾ ਹੈ ਜਿਸਨੂੰ ਉਨ੍ਹਾਂ ਦੀ ਮਿੱਤਰ ਲੇਖਿਕਾ ਅਜੀਤ ਕੌਰ ਨੇ 'ਧੁੱਪ ਦੀ ਮਹਿਫਲ' ਦਾ ਨਾਂ ਦਿੱਤਾ ਸੀ। 1990 ਤੋਂ ਹਰ ਸਾਲ ਸਾਹਿਤ ਸਭਿਆਚਾਰ ਨੂੰ ਪਰਨਾਏ ਮਿੱਤਰ-ਪਿਆਰੇ ਸਿਆਲਾਂ ਦੀ ਠੰਢ ਨੂੰ ਅਲਵਿਦਾ ਕਹਿਣ ਏਥੇ ਆਉਂਦੇ ਹਨ।

ਸਾਲ 2025 ਦੀ ਇਹ ਮਹਿਫਲ 16 ਫਰਵਰੀ ਨੂੰ ਥੋੜ੍ਹੀ ਦੇਰ ਨਾਲ ਜੁੜੀ ਹੋਣ ਕਾਰਨ ਇਸ ਵਾਰ ਦੀ ਧੁੱਪ ਵਿਚ ਨਿੱਘ ਵੀ ਜ਼ਿਆਦਾ ਸੀ ਤੇ ਆਪੋ ਵਿਚ ਦਾ ਮੇਲ-ਮਿਲਾਪ ਵੀ ਜਿਸਨੂੰ ਇਸ ਮੇਲੇ ਦੀ ਪ੍ਰਧਾਨਗੀ ਕਰ ਰਹੇ ਰਘਬੀਰ ਸਿੰਘ ਸਿਰਜਣਾ ਦੇ ਬੋਲਾਂ ਨੇ ਹੋਰ ਵੀ ਉੱਤਮ ਬਣਾ ਦਿੱਤਾ ਸੀ। ਇਸ ਨਿੱਘ ਦੇ ਸਬੱਬ ਦਾ ਕਾਰਨ ਵੀ ਉਚੇਚਾ ਜ਼ਿਕਰ ਮੰਗਦਾ ਹੈ। ਏਸ ਲਈ ਕਿ ਰਘਬੀਰ ਸਿੰਘ ਚੰਡੀਗੜ੍ਹ ਤੋਂ ਨਹੀਂ ਸਗੋਂ ਕੈਨੇਡਾ ਤੋਂ ਏਥੇ ਪਹੁੰਚਿਆ ਸੀ। ਉਹ ਕਈ ਮਹੀਨੇ ਕੈਨੇਡਾ ਰਹਿ ਕੇ ਇੰਡੀਆ ਪਰਤਿਆ ਸੀ। ਇਹ ਗੱਲ ਵੀ ਕਿਸੇ ਤੋਂ ਗੁੱਝੀ ਨਹੀਂ ਕਿ ਰਘਬੀਰ ਸਿੰਘ ਦੀ ਬੇਟੀ ਰਚਨਾ ਸਿੰਘ ਕੈਨੇਡਾ ਦੇ ਬ੍ਰਿਟਸ਼ ਕੋਲੰਬੀਆ ਸੂਬੇ ਦੀ ਵਿਧਾਇਕ ਵੀ ਰਹਿ ਚੁੱਕੀ ਹੈ ਤੇ ਉਥੋਂ ਦੀ ਕੈਬੀਨੇਟ ਵਿਚ ਐਜੂਕੇਸ਼ਨ ਤੇ ਚਾਈਲਡ ਵੈਲਫੇਅਰ ਮੰਤਰੀ ਵੀ। ਪਾਠਕ ਇਹ ਵੀ ਜਾਣਦੇ ਸਨ ਕਿ ਰਘਬੀਰ ਸਿੰਘ ਦੀ ਦੂਜੀ ਬੇਟੀ ਸਿਰਜਣਾ ਸਿੰਘ ਦਾ ਅਮਰੀਕਾ ਦੇ ਹਿਊਸਟਨ ਖੇਤਰ ਵਿਚ ਬੋਲ-ਬਾਲਾ ਹੈ। ਉਨ੍ਹਾਂ ਦੋਨਾਂ ਦੀ ਗੱਲ ਹੋਈ ਤਾਂ ਮਹਿਫਲ ਵਿਚ ਹਾਜ਼ਰ ਅਜੀਤ ਕੌਰ ਦੀ ਬੇਟੀ ਅਰਪਨਾ ਦਾ ਜ਼ਿਕਰ ਵੀ ਹੋਣਾ ਹੀ ਸੀ ਜਿਸਨੇ ਚਿਤਰ ਕਲਾ ਸੰਸਾਰ ਵਿਚ ਅੰਤਰ-ਰਾਸ਼ਟਰੀ ਪ੍ਰਸਿੱਧੀ ਹਾਸਲ ਕੀਤੀ ਹੈ। ਧੀਆਂ ਦੀ ਗੱਲ ਹੋਈ ਤਾਂ ਮਹਿਫਲ ਵਿਚ ਹਾਜ਼ਰ ਤਾਰਾ ਸਿੰਘ ਕਾਮਲ ਦੀਆਂ ਬੇਟੀਆਂ ਦਾ ਜ਼ਿਕਰ ਵੀ ਹੋਇਆ ਜਿਨ੍ਹਾਂ ਦਾ ਭਰਾ ਨਹੀਂ। ਮਹਿਫਲ ਦੀ ਸਿਰਤਾਜ ਰੇਣੂਕਾ ਸਿੰਘ ਨੂੰ ਤਾਂ ਅੱਜ ਦੇ ਦਿਨ ਸਾਰੇ ਹਾਜ਼ਰੀਨ ਜਾਣਦੇ ਸਨ ਜਿਹੜੀ ਜਵਾਹਰ ਲਾਲ ਨਹਿਰੂ ਯੂਨੀਵਰਸਟੀ ਵਿਚ ਪ੍ਰੋਫੈਸਰ ਰਹਿਣ ਉਪ੍ਰੰਤ ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਦੀ ਚੇਅਰਪਰਸਨ ਹੋਣ ਤੋਂ ਬਿਨਾ ਨਵੀਂ ਦਿੱਲੀ ਦੀ ਬੋਧੀ ਸੰਸਥਾ ਨਾਲ ਵੀ ਜੁੜੀ ਹੋਈ ਹੈ।

*(ਬਾਕੀ ਸਫ਼ਾ 17 'ਤੇ)*

# ਬਾਗੀ ਹੋ ਜਾਣ ਦੇ ਮਾਣਯੋਗ ਰਾਹੀਂ ਤੁਰਦਿਆਂ

## ਪੁਰਾਣਾ ਸ਼ਹਿਦ

***ਹਜ਼ਾਰਾਂ ਗੁੰਮਨਾਮ ਸੂਰਮਿਆਂ ਦੀਆਂ ਬਹੁਤ ਹੀ ਦਿਲਚਸਪ ਅਣਲਿਖੀਆਂ ਕਹਾਣੀਆਂ (ਜਿਨ੍ਹਾਂ ਵਿਚ ਸਿੱਖਿਆ ਵੀ ਹੈ, ਇਤਿਹਾਸ ਵੀ ਤੇ ਸਾਹਿਤ ਵੀ) ਨੂੰ ਪਾਠਕਾਂ ਤਕ ਪੁਜਦਾ ਕਰਨ ਲਈ ਅਸੀਂ ਇਹ ਨਵਾਂ ਕਾਲਮ 'ਪੁਰਾਣਾ ਸ਼ਹਿਦ' ਸ਼ੁਰੂ ਕਰਨ ਜਾ ਰਹੇ ਹਾਂ। ਸਾਨੂੰ ਆਸ ਹੈ ਕਿ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਮਿਲੇਗਾ। -ਸੰਪਾਦਕ***

1980 ਦੀ ਗੱਲ ਹੋਊ। ਸਾਡੇ ਘਰ ਦੋ-ਤਿੰਨ ਦਿਨਾਂ ਤੋਂ ਚੰਗਾ ਪੰਗਾ ਪਿਆ ਹੋਇਆ ਸੀ। ਮੇਰੇ ਚਾਚਾ ਸ. ਹਰਦਿਆਲ ਸਿੰਘ ਜੋ ਸਰਕਾਰੀ ਹਾਇਰ ਸੈਕਡੰਰੀ ਸਕੂਲ ਪੱਟੀ ਵਿਚ ਪੜ੍ਹਾਉਂਦੇ ਸਨ; ਉਹ ਵੈਸੇ ਤਾਂ ਭਲੇਮਾਣਸ ਅਤੇ ਜ਼ਰਾ ਘੱਟ ਬੋਲਣ ਵਾਲਿਆਂ 'ਚੋਂ ਸਨ। ਪਰ ਜੇ ਕਿਤੇ ਛਿੱਟ ਲਾ ਲੈਣ ਜਾਂ ਗੁੱਸੇ 'ਚ ਹੋਣ ਤਾਂ ਫਿਰ ਸ਼ੁਰੂ ਹੋ ਜਾਂਦੇ ਸਨ। ਉਹ ਮੇਰੇ ਉੱਤੇ ਡਾਢੇ ਖਫ਼ਾ ਸਨ ਤੇ ਮੇਰੇ ਘਰ ਦੇ ਵੀ ਤਕਰੀਬਨ ਉਨ੍ਹਾਂ ਦੀਆਂ ਗੱਲਾਂ ਨਾਲ ਸਹਿਮਤ ਸਨ।

'ਨਾ, ਮੈਂ ਤੈਨੂੰ ਪੁੱਛਦਾਂ ਬਈ ਸਕੂਲ ਸਾਡਾ,

**ਡਾ.ਸੁਰਿੰਦਰ ਮੰਡ**

ਫੰਕਸ਼ਨ ਸਾਡਾ, ਅਸੀਂ ਏਡੀ ਮੁਸ਼ਕਲ ਨਾਲ ਆਰਗੇਨਾਈਜ਼ ਕੀਤਾ। ਤੁਹਾਨੂੰ ਉਥੇ ਕਿਸੇ ਸੱਦਿਆ ਨੀ, ਬੁਲਾਇਆ ਨੀ। ਅਸੀਂ ਓਥੇ ਜੋ ਮਰਜੀ ਕਰੀਏ। ਤੇ ਤੁਹਾਨੂੰ ਕਿੰਨ੍ਹੇ ਹੱਕ ਦਿੱਤਾ ਸੀ ਵਿਚ ਆ ਕੇ ਰੰਗ 'ਚ ਭੰਗ ਪਾਉਣ ਦਾ?'

'ਜੋ ਮਰਜੀ ਤੁਸੀਂ ਪਬਲਿਕ ਕੱਠੀ ਕਰਕੇ ਕਰਨਾ ਸੀ? ਇਹੋ ਜਿਹਾ ਪ੍ਰੋਗ੍ਰਾਮ ਤੁਹਾਨੂੰ ਕਰਨਾ ਈ ਨਈ੍ਹੀ ਸੀ ਚਾਹੀਦਾ। 'ਮੈਂ ਆਪਣੀ ਵੱਲੋਂ ਪਾਏ ਵਿਘਨ ਦੇ ਹੱਕ ਵਿਚ ਦਲੀਲ ਦੇਣ ਦੀ ਕੋਸ਼ਿਸ਼ ਕੀਤੀ।

'ਨਾ, ਤੇਰੇ ਕੋਲ ਠੇਕਾ ਹਰ ਇੱਕ ਦੀ ਗੱਲ 'ਚ ਦਖਲ ਦੇਣ ਦਾ? ਮੇਰੀ ਤੇ ਤੂੰ ਬੇਜ਼ਤੀ ਕਰਾ ਕੇ ਰੱਖ'ਤੀ ਸਾਰੇ ਸਕੂਲ 'ਚ। ਆਂਹਦੇ ਤੇਰਾ ਭਤੀਜਾ ਨਾਲ ਸੀ।' ਚਾਚਾ ਅੰਦਰੋਂ ਦੁਖੀ ਸੀ।

'ਠੇਕੇ ਦੀ ਕੀ ਗੱਲ ਆ? ਸਹੀ ਗੱਲ ਸਹੀ ਆ।'

ਮੈਂ ਵੀ ਅੜ ਗਿਆ ਸਾਂ। ਅਸਲ ਵਿਚ ਉਨ੍ਹੀਂ ਦਿਨੀ ਮੈਨੂੰ ਗੁੜ੍ਹਤੀ ਹੀ ਅੜ੍ਹ ਜਾਣ ਦੀ ਮਿਲੀ ਹੋਈ ਸੀ। ਤੇ ਮੈਂ ਆਪਣੇ ਮਨੋਂ ਘਰਦਿਆਂ ਤੋਂ ਲੈ ਕੇ ਸਰਕਾਰ ਤਕ ਹਰ ਪੱਖੋਂ ਬਾਗ਼ੀ ਹੋਇਆ ਪਿਆ ਸੀ। ਇਤਿਹਾਸ ਵਿਚ ਬਾਗ਼ੀ ਹੋਏ ਬੰਦੇ ਹੀ ਮੇਰੇ ਆਦਰਸ਼ ਸਨ। ਮੈਂ ਸਟੂਡੈਂਟਸ ਫੈਡਰੇਸ਼ਨ ਆਫ਼ ਇੰਡੀਆ ਦਾ ਜ਼ਿਲ੍ਹਾ ਪੱਧਰ ਦਾ ਲੀਡਰ ਬਣ ਗਿਆ ਸਾਂ ਤੇ ਘਰ ਘੱਟ ਹੀ ਵੜਦਾ ਸਾਂ।

ਹੋਇਆ ਇੰਜ ਸੀ ਕਿ ਸਰਕਾਰੀ ਹਾਇਰ ਸੈਕੰਡਰੀ ਸਕੂਲ ਪੱਟੀ ਵਿਚ ਹਾਕੀ ਦੀ ਗਰਾਊਂਡ 'ਚ ਵਾਹਵਾ ਦੁਨੀਆਂ ਕੱਠੀ ਹੋਈ। ਆਲੇ-ਦੁਆਲੇ ਦੇ ਸਕੂਲਾਂ ਦੇ ਮਾਸਟਰ, ਵਿਦਿਆਰਥੀ ਤੇ ਆਮ ਲੋਕ। ਆਲੇ-ਦੁਆਲੇ ਕੁਰਸੀਆਂ ਲੱਗੀਆਂ। ਪੂਰਾ ਮੇਲਾ ਭਰਿਆ। ਪਹਿਲਾਂ ਸਕੂਲ ਦੇ ਪ੍ਰਿੰਸੀਪਲ ਨੇ ਸੰਖੇਪ ਤਕਰੀਰ ਵਿਚ ਚਾਨਣਾ ਪਾਇਆ ਕਿ ਅਸੀ ਅੱਜ ਸਭਿਆਚਾਰਕ ਪ੍ਰੋਗਰਾਮ ਕਰਵਾ ਰਹੇ ਆਂ। ਇਸ ਤੋਂ ਬਾਅਦ ਉਸਨੇ ਗਾਇਕ ਜੋੜੀ ਨੂੰ ਮੰਚ ਉਤੇ ਬੁਲਾਇਆ। ਇੱਕ ਕੁੜੀ ਤੇ ਇੱਕ ਆਦਮੀ। ਸਾਜੀਆਂ ਸਾਜ਼ ਸੁਰ ਕੀਤੇ। ਢੋਲਕੀਆਂ ਛੈਣੇ ਖੜਕੇ। ਮੇਲਾ ਜੰਮ ਗਿਆ। ਗਾਇਕ ਜੋੜੀ ਨੇ ਬੜੀਆਂ ਅਜੀਬ ਜਿਹੀਆਂ ਹਰਕਤਾਂ ਨਾਲ ਸਟੇਜ 'ਤੇ ਗੇੜਾ ਦਿੱਤਾ। ਪਹਿਲਾਂ ਨਿੱਕਾ ਜਿਹਾ ਧਾਰਮਿਕ ਗਾਣਾ ਗਾਇਆ। ਦੂਜਾ ਗਾਣਾ ਜ਼ਰਾ ਸਹਿੰਦਾ-ਸਹਿੰਦਾ ਲੱਚਰ ਸੁਣਾਇਆ ਤੇ ਫਿਰ ਆ ਗਏ ਅਸਲੀ ਰੰਗ 'ਚ।

ਅਸੀਂ ਵੀ ਚਾਰ ਜਣੇ ਪੰਡਾਲ ਵਿਚ ਬੈਠੇ ਸਾਂ। ਮੇਰੇ ਨਾਲ ਕਰਮ ਹੁੰਦਲ ਦਿਆਲਪੁਰਾ, ਅਮਰਜੀਤ ਸਿੰਘ ਮਖੂ ਤੇ ਦੀਦਾਰ ਸਿੰਘ ਮਨਿਆਲੀਆ ਸਨ। ਅਸੀ ਸਲਾਹ ਬਣਾਉਣ ਲੱਗੇ ਕਿ ਜੇ ਇਹ ਲੁੱਚਪੁਣਾ ਬਹੁਤਾ ਖਲਾਰਨ ਤਾਂ ਕੀ ਕਰਨੈ! ਸਾਡੀ ਆਵਦੀ ਸੋਚ ਸੀ ਕਿ ਇਹੋ ਜਏ੍ਹ ਪ੍ਰੋਗਰਾਮ ਲੋਕਾਂ ਦੇ ਅਸਲੀ ਮਸਲਿਆਂ ਵੱਲੋਂ ਧਿਆਨ ਹਟਾਉਣ ਲਈ ਤੇ ਜਨਤਾ ਦੀ ਸੋਚ ਖਰਾਬ ਕਰਨ ਲਈ ਸਰਕਾਰ ਪੱਖੀਆਂ ਦੀ ਕੋਸ਼ਿਸ਼ ਹੁੰਦੇ ਨੇ।

ਲੰਡੂ ਗਾਇਕ ਜੋੜੀ ਨੇ ਅਸਲੀ ਰੰਗ 'ਚ ਆਉਂਦਿਆਂ ਗਾਣਾ ਸ਼ੁਰੂ ਕੀਤਾ:

'ਘੜਾ ਵੱਜਦਾ ਘੜੋਲੀ ਵੱਜਦੀ।' ਕੁੜੀ ਨੇ ਅਵਾਜ਼ ਕੱਢੀ।

'ਤੇ ਵਿਚ ਕੀ ਵੱਜਦਾ?' ਗਾਇਕ ਬੋਲਿਆ

'ਵਿਚ ਵੱਜਦਾ ਛੜੇ ਦਾ ਬੁਕਚੂ' ਗਾਉਂਦਿਆਂ ਗਾਇਕ ਕੁੜੀ ਨੇ ਬੜੇ ਅਸ਼ਲੀਲ ਕਿਸਮ ਦੇ ਐਕਸ਼ਨ ਕੀਤੇ।

ਸਾਡੀ ਅੱਧ-ਪਚੱਧੀ ਸਲਾਹ ਤਾਂ ਪਹਿਲਾਂ ਹੀ ਬਣੀ ਸੀ। ਅਸੀਂ ਚਾਰੇ ਜਣੇ ਉੱਠੇ ਅਤੇ ਲਲਕਾਰੇ ਮਾਰਦੇ ਸਟੇਜ ਵੱਲ ਵਧੇ।

'ਖਲੋਜੋ ਜਰਾ ਧਾਨੂੰ ਦੱਸਦੇ ਕਿੰਜ ਗੰਦ ਘੋਲੀਦਾ!'

ਸਾਨੂੰ ਸਟੇਜ ਵੱਲ ਆਉਂਦਿਆਂ ਵੇਖ ਕੇ ਗਾਇਕ ਜੋੜੀ ਅਤੇ ਢੋਲਕੀਆਂ ਵਾਜਿਆਂ ਵਾਲੇ ਆਪਣਾ ਸਮਾਨ ਛੱਡ ਕੇ ਪਤਾ ਨਹੀਂ ਕਿਧਰ ਨੂੰ ਭੱਜ ਗਏ। ਲਾ-ਲਾ-ਲਾ-ਲਾ ਹੋਗੀ। ਹਫੜਾ-ਦਫੜੀ ਪੈਗੀ। ਦੁਨੀਆਂ ਉੱਠ ਪੀ। ਅਸੀਂ ਸਟੇਜ ਉਤੇ ਕਬਜ਼ਾ ਕਰਕੇ ਲੱਚਰਪੁਣੇ ਦੇ ਖਿਲਾਫ਼ ਨਾਹਰੇ ਮਾਰੇ। ਅਤੇ ਵਾਰੀ-ਵਾਰੀ 15-20 ਮਿੰਟ ਭਾਸ਼ਨ ਦਿੱਤੇ। ਫੰਕਸ਼ਨ ਖਤਮ ਹੋ ਗਿਆ। ਅਸੀਂ ਇਸ ਗੱਲੋਂ ਬੇਪ੍ਰਵਾਹ ਸਾਂ ਕਿ ਸਾਨੂੰ ਕੌਣ ਮਾੜਾ ਕਹਿੰਦਾ ਤੇ ਕੌਣ ਚੰਗਾ।

ਬਾਕੀ ਤਿਨਾਂ ਨੂੰ ਤਾਂ ਕੋਈ ਪੁੱਛਣ ਵਾਲਾ ਨਹੀਂ ਸੀ। ਪਰ ਮੇਰਾ ਸੱਕਾ ਚਾਚਾ ਉਸੇ ਸਕੂਲ ਵਿਚ ਮਾਸਟਰ ਹੋਣ ਕਰਕੇ ਮੇਰੇ ਲਈ ਘਰ ਵਿਚ ਵੱਖਰੀ ਮੁਸੀਬਤ ਸੀ। ਨਾਲੇ ਸਿਰਫ਼ ਮੈਂ ਹੀ ਸਾਂ ਜਿਹੜਾ ਉਸੇ ਸਕੂਲੋਂ ਤਿੰਨ-ਚਾਰ ਸਾਲ ਪਹਿਲਾਂ ਹਾਇਰ ਸੈਕੰਡਰੀ ਪਾਸ ਕਰਕੇ ਗਿਆ ਸਾਂ। ਓਦੋਂ ਵੀ ਜੱਦ ਮੈਂ ਸਕੂਲ ਦੇ ਬੜੇ ਰੋਹਬਦਾਰ ਡੀ. ਪੀ. ਅਮਰਜੀਤ ਸਿੰਘ ਦੇ ਡੰਡੇ ਦੀ ਪਰਵਾਹ ਨਾ ਕਰਦਿਆਂ ਸਕੂਲ ਦਾ ਪ੍ਰਧਾਨ ਬਣਿਆ ਤਾਂ ਉਸਨੇ ਮੇਰੇ ਚਾਚੇ ਨੂੰ ਉਲ੍ਹਾਮਾ ਦਿੱਤਾ ਸੀ, 'ਹਰਦਿਆਲ ਸ੍ਹਿਆਂ, ਮੁੰਡਾ ਸਮਝਲੋ ਧਾਡੇ ਹੱਥਾਂ 'ਚੋਂ ਨਿਕਲ ਗਿਆ।'

ਅਸਾਂ ਫੰਕਸ਼ਨ ਵਿਚ ਜੋ ਵੀ ਕੀਤਾ, ਉਸ ਕਰਕੇ ਚਾਚੇ ਨੂੰ ਸਟਾਫ਼ ਮੀਟਿੰਗ ਵਿਚ ਪ੍ਰਿੰਸੀਪਲ ਨੇ ਚੰਗੀ ਝਾੜ ਪਾਈ ਤੇ ਮੇਰੇ ਵੱਲੋਂ ਡਰਾਇਆ ਵੀ। ਚਾਚਾ ਜ਼ੋਰ ਦੇ ਕੇ ਕਹਿ ਰਿਹਾ ਸੀ।

'ਜੇ ਤੇਰੇ ਏਹੋ ਚਾਲੇ ਰਹੇ ਤਾਂ ਤੂੰ ਸਾਰਿਆਂ ਨੂੰ ਕਿਸੇ ਵੱਡੀ ਮੁਸੀਬਤ 'ਚ ਸੁੱਟੇਗਾਂ। ਨਾ ਸੁੱਟੇਗਾਂ ਤੇ ਆਖੀਂ! ਵਲਟੋਹੇ ਵਾਲੇ ਬੇਦੀ ਪ੍ਰਿੰਸੀਪਲ ਨੇ ਵੀ ਤੇਰਾ ਉਲ੍ਹਾਮਾ ਦਿੱਤਾ। ਬਈ ਤੇਰਾ ਭਤੀਜਾ ਮੇਰੇ ਸਕੂਲ 'ਚ ਆ ਕੇ ਮੈਨੂੰ ਖੱਜਲ ਕਰਕੇ ਗਿਆ।'

ਹਾਲਾਂ ਕਿ ਵਲਟੋਹੇ ਸਕੂਲ 'ਚ ਇੱਕ ਬੜੇ ਅੜ੍ਹਬ ਬੇਦੀ ਪ੍ਰਿੰਸੀਪਲ ਨੇ ਗਿਆਰਾਂ ਵਿਦਿਆਰਥਿਆਂ ਦੇ ਨਾਂ ਕੱਟ ਕੇ ਇਮਤਿਹਾਨ ਦੇਣੋ ਰੋਕ ਦਿਤਾ ਸੀ ਤੇ ਦਵਿੰਦਰਜੀਤ ਢਿੱਲੋਂ, ਮੈਂ ਤੇ ਕਰਮ ਸਿੰਘ ਹੁੰਦਲ, ਪੱਟੀਓਂ ਮੁੰਡਿਆਂ ਦਾ ਟਰੱਕ ਭਰਕੇ ਵਲਟੋਹੇ ਜਾ ਕੇ ਪ੍ਰਿੰਸੀਪਲ ਦਾ ਘਿਰਾਓ ਕਰਕੇ ਸਾਰਿਆਂ ਨੂੰ ਦਾਖ਼ਲ ਕਰਵਾ ਕੇ ਆਏ ਸਾਂ। ਦਾਖ਼ਲ ਹੋਣ ਵਾਲਿਆਂ ਵਿਚ ਭਾਈ ਮਨਜੀਤ ਸਿੰਘ ਵੀ ਸੀ ਜੋ ਅੱਜ ਕੱਲ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਸੀਨੀਅਰ ਮੀਤ ਪ੍ਰਧਾਨ ਹੈ।

ਮੇਰੀ ਮਾਂ ਮੈਨੂੰ ਸਮਝਾਉਣ ਲੱਗੀ, 'ਵੇਖ ਪੁੱਤ, ਅਸੀਂ ਤੇਰੇ ਦੋਖੀ ਨੀ, ਵੇਖ, ਅੱਤ ਚੰਗੀ ਨੀ ਹੁੰਦੀ। ਤੂੰ ਲੈਂਦਾ ਪੰਗੇ ਪੁਲਸ ਨਾਲ ਵੀ। ਪੁਲਸ ਨੂੰ ਵੀ ਜਿੱਤਿਆ ਕਦੀ ਕੋਈ?

ਹੋਰ ਵੀ ਦੁਨੀਆਂ ਚੰਗੀ ਭਲੀ ਵੱਸਣ ਡਈ੍ਹ ਆ ਪਿੰਡ 'ਚ। ਜਿੱਦਣ ਦਾ ਤੂੰ ਸਵਰਨੇ ਸਰਪੰਚ ਦੀ ਵ੍ਹੇਲੀ 'ਚੋਂ ਜਾ ਕੇ ਸਾਰੇ ਪਿੰਡ ਦੇ ਸਾਹਮਣੇ, ਰੱਸਿਆਂ ਨਾਲ ਬੱਧੇ ਕੱਤੋ ਮਜ਼੍ਹਬੀ ਨੂੰ ਪੁਲੀਸ ਤੋ ਖੁਲਵਾਇਆ। ਸਵਰਨਾ ਬੜਾ ਭਾਰੀ ਨਾਰਾਜ਼ ਆ। ਉਹ ਅਲ੍ਹਾਮਾ ਦੇ ਕੇ ਗਿਆ ਸਾਨੂੰ। ਆਂਹਦਾ 'ਧਾਡੇ ਮੁੰਡੇ ਨੇ ਚੜ੍ਹੋ-ਖਤੀ ਕੀਤੀ ਸਾਡੇ ਤੇ, ਭਾਜੀ ਚੜ੍ਹਾਈ ਆ। ਮੈਂ ਕੱਤੋ ਤੋਂ ਪੈਸੇ ਲੈਣੇ ਸੀ। ਮੈਂ ਪੈਸੇ ਦੇ ਕੇ ਪੁਲਸ ਲਿਆਂਦੀ ਸੀ। ਧਾਡੇ ਮੁੰਡੇ ਦਾ ਹੱਕ ਨੀ ਸੀ ਬਣਦਾ ਏਦਾਂ। ਮੈਂ ਖਲੋਣ ਜੋਗਾ ਨੀ ਰਿਆ ਪਿੰਡ 'ਚ। ਆਪਣੀ ਤਿੰਨ੍ਹਾ ਪੀੜ੍ਹੀਆਂ ਦੀ ਸਾਂਝ ਖੂਹ 'ਚ ਪਾ ਤੀ ਏਹਨੇ।' 'ਵੇਖ ਪੁੱਤ ਤੂੰ ਚੂਹੜਿਆਂ-ਚੱਪੜਿਆਂ ਬਦਲੇ ਆਪਣੇ ਜੱਟਾਂ ਨਾਲ ਪੰਗੇ ਲੈਂਦਾ ਫਿਰਦੈਂ। ਜੇ ਓਦਣ ਤੇ ਓਦਣ ਸਾਰੇ ਜੱਟ ਇੱਕ ਪਾਸੇ ਤੇ ਤੂੰ ਕੱਲਾ ਈ ਮਜ਼੍ਹਬੀਆਂ ਅੱਲ ਦੀ ਗੱਲ ਕਰੀ ਗਿਆਂ, ਜਿੱਦਣ ਮੋਹੇ ਦੇ ਦਾਣੇ ਵਧਾਉਣ ਆਲਾ ਪੰਗਾ ਪਿਆ। ਗੁਰਦੀਪ ਸੋਂਹ ਸਰਪੰਚ ਆਂਹਦਾ ਅਸੀਂ ਧਾਡੇ ਮੁੰਡੇ ਕਰਕੇ ਪਿਛਾਂਹ ਹਟੇ ਆਂ। ਦਾਸ ਸੋਂਹ ਮਿੰਬਰ ਵੱਖਰਾ ਨਾਰਾਜ਼ ਆ।'

'ਬੀਬੀ, ਏਹ ਮਜ਼੍ਹਬੀਆਂ ਦਾ ਟੱਟੀ-ਪਸ਼ਾਪ ਬੰਦ ਕਰਨ ਦਾ ਯਤਨ ਕਰਨ ਲਈ ਕੱਠੇ ਹੋਏ ਸੀ। ਜਿਹੜਾ ਮੈਂ ਹੋਣ ਨਹੀਂ ਦਿੱਤਾ। ਕੀ ਮਾੜਾ ਕਰ'ਤਾ? ਧਰਤੀ ਇਨ੍ਹਾਂ ਦੇ ਪਿਓ ਨੇ ਬਣਾਈ ਆ, ਜੀਹਦੇ ਉੱਤੇ ਇਹ ਹੱਗਣਾ ਬੰਦ ਕਰ ਦੇਣਗੇ ਲੋਕਾਂ ਦਾ?' ਮੈਨੂੰ ਲੱਗਦਾ ਸੀ ਕਿ ਮੈਂ ਸੱਚਾ ਸਾਂ। ਘਰਦੇ ਐਵੇਂ ਪਿੰਡ ਦੇ ਲੈਵਲ 'ਤੇ ਈ ਸੋਚੀ ਜਾਂਦੇ ਸੀ।

ਮੇਰੀ ਦਾਦੀ ਜਿਹੜੀ ਮੇਰੇ ਵੱਲੋਂ ਘਰ ਪ੍ਰਾਹੁਣੇ ਲਿਆਉਣ ਤੋਂ ਵੀ ਅੰਦਰੋਂ ਅਕਸਰ ਦੁਖੀ ਰਹਿੰਦੀ ਸੀ ਉਹ ਵੀ ਬੋਲ ਪਈ, 'ਪੁੱਤ, ਹਾਂ-ਵੱਡੇ ਦੋਵੇਂ ਤੇ ਊਂ ਨੀ ਪੜ੍ਹੇ। ਤੂੰ ਇੱਕ ਪੜ੍ਹ ਗਿਆ ਸੈਂ ਤੇ ਤੂੰ ਊਂ ਨਲੈਕ ਨਿਕਲ ਆਇਆਂ। ਤੇ ਮਾਪੇ ਕਿਹੜੇ ਖੂਹ 'ਚ ਪੈ ਜਾਣ।'

ਇਹ ਨਲਾਇਕ ਨਿਕਲ ਆਉਣ ਵਾਲੀ ਗੱਲ ਕਿਸੇ ਵੇਲੇ ਵੀ ਮੇਰਾ ਖਹਿੜਾ ਨਹੀਂ ਸੀ ਛੱਡਦੀ। ਮੈਂ ਜਦ ਵੀ ਇੱਕਲਾ ਹੁੰਦਾ। ਖਾਸ ਕਰਕੇ ਜਦ ਰਾਤ ਨੂੰ ਸੌਣ ਲੱਗਦਾ ਤਾਂ ਕਦੀ ਤਾਂ ਮੈਂ ਆਪਣੇ ਨਿੱਤ ਦੇ ਚਲਦੇ ਇੱਟ-ਖੜਿੱਕਿਆਂ ਉੱਤੇ ਬੜਾ ਮਾਣ ਕਰਦਾ ਤੇ ਬੜੀ ਆਪਣੇ ਆਪ ਨੂੰ ਖਾਸ ਸ਼ੈਅ ਸਮਝਦਾ ਪਰ ਜੇ ਘਰਦਿਆਂ ਦੇ ਨੁਕਤੇ ਤੋਂ ਵੇਂਹਦਾ ਤਾਂ ਮੈਨੂੰ ਨਲੈਕ ਵਾਲੀ ਗੱਲ ਵੀ ਪੂਰੀ ਗਲਤ ਨਾ ਲਗਦੀ।

ਮੇਰੇ ਦੋਵੇਂ ਵੱਡੇ ਭਰਾ ਦਸਵੀਂ ਤੋਂ ਥੱਲੇ-ਥੱਲੇ ਹੀ ਪੜ੍ਹਾਈ ਚੋਂ ਭੁਆਂਟਣੀਆਂ ਖਾ ਗਏ ਸਨ। ਤੇ ਦੋਵੇਂ ਹੀ ਵਿਦੇਸ਼ ਜਾਣ ਦੇ ਚੱਕਰ ਵਿਚ ਏਜੰਟਾਂ ਤੋਂ ਇਕ-ਇਕ ਵਾਰ ਮੋਟੀ ਠੱਗੀ ਖਾ ਚੁੱਕੇ ਸਨ। ਘਰ ਦਾ ਗਹਿਣਾ-ਗੱਟਾ ਵਿਕ ਗਿਆ ਸੀ ਤੇ ਹੋਰ ਕਰਜਾ ਵੀ ਚੜ੍ਹ ਗਿਆ ਸੀ। ਮੈਂ ਬੀ. ਏ. ਕਰ ਗਿਆ ਸਾਂ। ਮੇਰੇ ਸਕੇ ਮਾਸੜ ਸ. ਮੇਜਰ ਸਿੰਘ ਉਬੋਕੇ ਚੋਟੀ ਦੇ ਅਕਾਲੀ ਲੀਡਰਾਂ ਵਿਚੋਂ ਸਨ। ਸਾਰੇ ਮੈਨੂੰ ਕੋਈ ਨੌਕਰੀ ਕਰਨ ਲਈ ਪ੍ਰੇਰਦੇ ਸਨ ਤੇ ਮੈਂ ਸਮਝਦਾ ਸਾਂ ਕਿ ਇਹ ਇਨਕਲਾਬੀ ਲਹਿਰ ਵਿਚ ਵਿਘਨ ਪਾਉਣ ਵਰਗੀ ਗੱਲ ਕਰ ਰਹੇ ਨੇ। ਲੋਕਾਂ ਖਾਤਰ ਨਿੱਜੀ ਕਸਾਰੇ ਝੱਲਣੇ ਪੈਂਦੇ ਨੇ। ਭਗਤ ਸਿੰਘ, ਸਰਾਭੇ ਅਤੇ ਗੁਰੂ ਗੋਬਿੰਦ ਸਿੰਘ ਹੁਰਾਂ ਦੀਆਂ ਮਿਸਾਲਾਂ ਦੇ ਦੇ ਕੇ ਮੈਂ ਗੱਲਾਂ ਵਿਚ ਵਾਰੇ ਨਹੀਂ ਸਾਂ ਆਉਣ ਦਿੰਦਾ। ਤੇ ਉਨ੍ਹਾਂ ਲਈ ਵੀ ਕੋਈ ਨਾ ਕੋਈ ਉਲਝਣ ਖੜੀ ਰੱਖਦਾ ਸਾਂ। ਹੌਲੀ-ਹੌਲੀ ਗੱਲ ਓਧਰ ਜਾ ਰਹੀ ਸੀ ਕਿ ਮੇਰੇ ਕਰਕੇ ਸਾਰਾ ਪਰਿਵਾਰ ਈ ਵੱਡੀਆਂ ਮੁਸੀਬਤਾਂ ਦੀ ਘੁੰਮਣ-ਘੇਰੀ ਵੱਲ ਵਧ ਰਿਹਾ ਸੀ।

ਮੁੱਖ ਮੰਤਰੀ ਦਰਬਾਰਾ ਸਿੰਘ ਦੀ ਸਰਕਾਰ ਨੇ ਕਿਰਾਏ ਵਧਾਉਣ ਦਾ ਫੈਸਲਾ ਆਪਣੀ ਵੱਲੋਂ ਬੜਾ ਲੁਕਾ ਕੇ ਅੱਧੀ ਰਾਤ ਨੂੰ ਐਲਾਨਿਆ ਪਰ ਸਾਨੂੰ ਰੋਡਵੇਜ਼ ਦੇ ਬੰਦਿਆਂ ਤੋਂ ਪਹਿਲਾਂ ਹੀ ਪਤਾ ਲੱਗ ਗਿਆ ਸੀ ਤੇ ਅਸੀਂ ਸਾਰੀਆਂ ਖੱਬੇਪੱਖੀ ਵਿਦਿਆਰਥੀ/ ਨੌਜਵਾਨ ਜਥੇਬੰਦੀਆਂ ਨੇ ਅਗਲੇ ਦਿਨ ਸਾਰੇ ਪੰਜਾਬ ਦੇ ਮੁੱਖ ਮਾਰਗਾਂ ਉੱਤੇ ਚੱਕਾ ਜਾਮ ਕਰ ਦਿੱਤਾ। ਸਰਕਾਰ ਹੱਕੀ-ਬੱਕੀ ਰਹਿ ਗਈ।

ਮੈਂ ਕਿਸੇ ਵੀ ਐਜੀਟੇਸ਼ਨ ਵਿਚ ਤੋੜ-ਫੋੜ ਦੇ ਸਖ਼ਤ ਖ਼ਿਲਾਫ਼ ਹਾਂ ਅਤੇ ਆਪਣੀ 10 ਸਾਲਾਂ ਦੀ ਅਗਵਾਈ ਵਿਚ ਕਦੀ ਐਸਾ ਨਹੀਂ ਹੋਣ ਦਿੱਤਾ। ਪਰ ਸਾਂਝੇ ਘੋਲ ਵਿਚ ਜਦ ਬਾਬਾ ਬੁੱਢਾ ਕਾਲਜ ਦੇ ਵਿਦਿਆਰਥੀਆਂ ਝਬਾਲ ਦੋ ਬੱਸਾਂ ਸਾੜ ਦਿੱਤੀਆਂ ਤਾਂ ਸਰਕਾਰ ਨੂੰ ਮੋੜਵਾਂ ਹਮਲਾ ਕਰਨ ਦਾ ਬਹਾਨਾ ਮਿਲ ਗਿਆ। ਪੰਜਾਬ ਭਰ ਵਿਚ ਫੜੋ-ਫੜੀ ਸ਼ੁਰੂ ਹੋ ਗਈ। ਅਸੀਂ ਵਰੰਟੀਡ ਹੋ ਗਏ। ਅੰਡਰ ਗਰਾਊਂਡ ਹੋ ਗਏ।

ਪੁਲੀਸ ਸਾਡੇ ਘਰੀਂ ਛਾਪੇ ਤੇ ਛਾਪਾ ਮਾਰਨ ਲੱਗੀ। ਜਦੋਂ ਪੁਲੀਸ ਆਉਂਦੀ ਤਾਂ ਮੇਰੀ ਮਾਂ ਅੱਗੋਂ ਕਹਿੰਦੀ, 'ਮੁੰਡਾ ਸਾਡੇ ਵਾਕ 'ਚ ਨੀ ਹੈਗਾ। ਜਿੱਥੋਂ ਲੱਭਦਾ ਫੜ੍ਹ ਲੈ।'

'ਉਹ ਘਰ ਆਇਆ ਸੀ। ਸਾਨੂੰ ਪਤਾ ਲੱਗਾ। ਸਵੇਰੇ ਗਿਆ। ਤੁਸੀਂ ਬਾਹਰੋਂ ਕੁੰਡਾ ਮਾਰ ਕੇ ਸਾਨੂੰ ਫੜਾ ਦੇਣਾ ਸੀ।' ਥਾਣੇਦਾਰ ਬੋਲਿਆ।

'ਬੱਲੇ ਓ ਜਵਾਨਾ ਤੇਰੇ। ਮੁੰਡਾ ਫੜਾ ਦਈਏ ਧਾਨੂੰ ਆਪ ਕਸਾਈਆਂ ਨੂੰ। ਸਿਆਸੀ ਲੜ੍ਹਾਈ ਆ। ਕੋਈ ਬੰਦਾ ਮਾਰਿਆ ਉਹਨੇ?' ਮੇਰਾ ਬਾਪ ਬੁੜ੍ਹਕ ਪਿਆ।

'ਚਲੋ ਏਹਨੂੰ ਬਿਠਾਓ ਗੱਡੀ 'ਚ।' ਥਾਣੇਦਾਰ ਗੜ੍ਹਕਿਆ। ਥਾਣੇ ਲੈ ਗਿਆ। ਫਿਰ ਪਤਾ ਨਹੀਂ ਕੀ ਸੋਚ ਕੇ ਸ਼ਾਮ ਨੂੰ ਘਰ ਭੇਜ ਦਿੱਤਾ।

ਮੇਰਾ ਨਾਨਾ ਜਥੇਦਾਰ ਊਧਮ ਸਿੰਘ ਭਿੱਖੀਵਿੰਡ ਗੁਰੂ ਕੇ ਬਾਗ ਅਤੇ ਜੈਤੋ ਦੇ ਮੋਰਚਿਆਂ ਦਾ ਘੁਲਾਟੀਆ ਸੀ ਇਸ ਕਰਕੇ ਮੇਰੀ ਮਾਂ ਪੁਲੀਸ ਤੋਂ ਬਹੁਤਾ ਤ੍ਰਾਹੁੰਦੀ ਨਹੀਂ ਸੀ, ਪਰ ਉਹ ਮੇਰੇ ਬਾਰੇ ਫਿਕਰਮੰਦ ਸੀ ਅੰਤਾਂ ਦੀ। ਅਸੀਂ ਰਾਤ-ਦਿਨ ਪਿੰਡਾਂ, ਸਕੂਲਾਂ, ਕਾਲਜਾਂ, ਆਈ. ਟੀ. ਆਈਆਂ 'ਚ ਮੀਟਿੰਗਾਂ/ਰੈਲੀਆਂ/ਜਲਸੇ ਕਰਕੇ ਬੱਸਾਂ ਦੇ ਘਿਰਾਓ ਤੇ ਹੋਰ ਐਕਸ਼ਨਾ ਨਾਲ ਸਰਕਾਰ ਨੂੰ ਵੱਟੇ-ਵੱਟ ਪਾਇਆ ਹੋਇਆ ਸੀ। ਮੈਂ ਪਿੰਡ ਆਉਂਦਾ ਤੇ ਗ੍ਰਿਫ਼ਤਾਰੀ ਤੋਂ ਬਚਣ ਲਈ ਪਿੰਡ ਵਿਚ ਕਿਸੇ ਵੱਲ ਸੌਂਦਾ। ਮਨ੍ਹੇਰੇ ਹੀ ਨਿਕਲ ਜਾਂਦਾ ਰਾਹੋਂ-ਕੁਰਾਹੇ। ਇੱਕ ਰਾਤ ਪੁਲੀਸ ਨੇ ਪਿੰਡ ਦੀ ਨਾਕੇਬੰਦੀ ਕੀਤੀ ਤਾਂ ਘਰ ਦੇ ਬੜੇ ਘਬਰਾਏ।

ਅਸੀਂ ਵਿਚ ਹੋਰ ਪੰਗਾ ਵੀ ਲੈ ਲਿਆ ਅਵੱਲਾ; ਗੁਰੂ ਨਾਨਕ ਦੇਵ ਯੂਨੀਵਰਸਿਟੀ ਅਮ੍ਰਿਤਸਰ ਦੀ ਕਨਵੋਕੇਸ਼ਨ ਆ ਗਈ। ਗਵਰਨਰ ਨੇ ਆਉਣਾ ਸੀ। ਅਸੀਂ ਫੈਸਲਾ ਕੀਤਾ ਕਿ ਜਦ ਗਵਰਨਰ ਭਾਸ਼ਨ ਕਰਨ ਲੱਗੇ ਤਾਂ ਆਪਾਂ ਉੱਠ ਕੇ ਨਾਹਰੇ ਮਾਰੀਏ ਤੇ ਆਪਣੀਆਂ ਮੰਗਾਂ ਦੇ ਇਸ਼ਤਿਹਾਰ ਸੁੱਟੀਏ। ਇੱਕ ਪਾਕਿਸਤਾਨ ਦਾ ਨੋਬਲ ਪ੍ਰਾਈਜ਼ ਜੇਤੂ ਸਾਇੰਸਦਾਨ ਡਾ. ਅਬਦੁਲ ਕਲਾਮ ਮੁੱਖ ਮਹਿਮਾਨ ਸੀ। ਅੰਦੋਲਨ ਕਾਰਨ ਕਿਸੇ ਗੜਬੜ ਦੇ ਡਰੋਂ ਖੁੱਲੇ ਪੰਡਾਲ ਦੀ ਬਜਾਏ ਲਾਇਬਰੇਰੀ ਹਾਲ ਵਿਚ ਕਨਵੋਕੇਸ਼ਨ ਕੀਤੀ ਗਈ। ਉਨ੍ਹੀਂ ਦਿਨੀ ਯੂਨੀਵਰਸਿਟੀ ਸਟੂਡੈਂਟਸ ਕੌਂਸਲ ਵਿਚ ਪ੍ਰਧਾਨ ਰਤਨ ਸਿੰਘ ਰੰਧਾਵਾ ਤੇ ਮੀਤ ਪ੍ਰਧਾਨ ਅਮਰਜੀਤ ਸਿੰਘ ਸਿੱਧੂ ਤੇ ਜੁਆਇੰਟ ਸੈਕਟਰੀ ਕਵਲਜੀਤ ਕੌਰ ਵੀ ਸਾਡੇ ਹੀ ਸਨ। ਉਨ੍ਹਾਂ ਨੂੰ ਵੀ ਅੰਦਰ ਜਾਣ ਲਈ ਦਸ ਪਾਸ ਮਿਲ ਗਏ। ਅੰਦਰ ਸਿਰਫ ਪਾਸ ਵਾਲੇ ਹੀ ਜਾ ਸਕਦੇ ਸਨ। ਪਹਿਲੀ-ਸੱਟੇ ਬੜੀ ਸਖਤ ਚੈਕਿੰਗ ਨਾਲ ਲੋਕ ਅੰਦਰ ਵਾੜੇ ਗਏ। ਤੇ ਮੁੜ ਕੇ ਪੁਲਿਸ ਢਿੱਲੀ ਜਿਹੀ ਹੋ ਕੇ ਬੈਠ ਗਈ। ਅਸੀਂ 10 ਕੁ ਜਣੇ ਅੰਦਰ ਬਾਹਰ ਆਉਣ ਵਾਲਿਆਂ ਦੇ ਨਾਲ ਹੀ ਇਕ-ਇਕ ਕਰਕੇ ਅੰਦਰ ਵੜ ਗਏ। ਜਦ ਗਵਰਨਰ ਦਾ ਭਾਸ਼ਨ ਸ਼ੁਰੂ ਹੋਇਆ ਤਾਂ ਅਸੀਂ ਇਕਦਮ 20 ਕੁ ਜਣੇ ਉੱਠ ਕੇ ਆਪਣੀਆਂ ਮੰਗਾਂ ਦੇ ਹੱਕ ਵਿਚ ਅਤੇ ਪੰਜਾਬ ਸਰਕਾਰ ਵਿਰੁੱਧ ਨਾਹਰੇ ਮਾਰਨ ਲੱਗੇ। ਅਸੀਂ ਲਾਇਬਰੇਰੀ ਹਾਲ ਵਿਚ ਪਰਚੇ ਵੀ ਸੁੱਟੇ ਜਿੰਨ੍ਹਾਂ ਵਿਚ ਗ੍ਰਿਫਤਾਰ ਲੋਕਾਂ ਨੂੰ ਰਿਹਾ ਕਰਨ ਅਤੇ ਤਸ਼ੱਦਦ ਬੰਦ ਕਰਕੇ ਵਧੇ ਕਿਰਾਏ ਵਾਪਸ ਲੈਣ ਦੀ ਮੰਗ ਕੀਤੀ ਗਈ ਸੀ। ਡਾ. ਅਬਦੁਲ ਕਲਾਮ ਇਹ ਸਭ ਵੇਖ ਕੇ ਮੁਸਕੜੀਆਂ 'ਚ ਹੱਸੇ।

ਸਾਨੂੰ ਇਕ-ਇਕ ਨੂੰ ਚਾਰ-ਚਾਰ ਪੁਲਸੀਆਂ ਨੇ ਦਬੋਚ ਲਿਆ ਅਤੇ ਥੱਲੇ ਲਿਆ ਕੇ ਸਦਰ ਥਾਣੇ ਲੈ ਗਏ, ਮੈਂ ਆਪਣੇ ਆਪ ਨੂੰ ਨੌਜਵਾਨ ਸਭਾ ਦਾ ਮੈਂਬਰ ਦੱਸਿਆ ਜਿਸ ਕਰਕੇ ਮੈਨੂੰ ਬਾਕੀਆਂ ਨਾਲ ਹੀ ਛੱਡ ਦਿੱਤਾ ਗਿਆ।

ਸਰਕਾਰ ਨੇ ਅੰਦੋਲਨ ਅੱਗੇ ਝੁਕਦਿਆਂ ਵਧੇ ਕਿਰਾਏ ਵਿਦਿਆਰਥੀਆਂ ਉੱਤੇ ਲਾਗੂ ਨਾ ਕਰਨ ਦਾ ਐਲਾਨ ਕਰ ਦਿੱਤਾ। ਪਰ ਅਸੀ ਓਦੋਂ ਤਕ ਸੰਘਰਸ਼ ਜਾਰੀ ਰੱਖਣ ਤੇ ਲੋਕਾਂ ਦਾ ਸਾਥ ਦੇਣ ਦਾ ਫੈਸਲਾ ਕੀਤਾ, ਜਦ ਤੱਕ ਸਭ ਜਨਤਾ ਦੇ ਵਧੇ ਕਿਰਾਏ ਵਾਪਸ ਨਹੀਂ ਲੈ ਲਏ ਜਾਂਦੇ। ਸੰਘਰਸ਼ ਹੋਰ ਤਿੱਖਾ ਹੋ ਗਿਆ। ਬਹੁਤ ਸਾਰੇ ਪਿੰਡਾਂ ਘਰਿਆਲੇ, ਠੱਕਰਪੁਰੇ, ਦਿਆਲਪੁਰੇ, ਭਿਖੀਵਿੰਡ, ਮਾੜੀ ਕੰਬੋਕੇ, ਆਸਲ, ਮੱਖੀ, ਬਾਹਮਣੀ ਵਾਲਾ ਰਾਤਾਂ ਨੂੰ ਹਜ਼ਾਰਾਂ ਲੋਕਾਂ ਦੇ ਇਕੱਠ ਕਰਕੇ ਜਲਸੇ ਕੀਤੇ ਗਏ।

'ਮੱਖੀ' ਪਿੰਡ ਜਿਸਨੂੰ ਮਰਗਿੰਦਪੁਰਾ ਵੀ ਕਹਿੰਦੇ, ਉਥੇ ਰਾਤ ਡੇਢ ਦੋ ਹਜ਼ਾਰ ਬੰਦਾ ਬਰਛੀਆਂ ਗੰਡਾਸੀਆਂ ਲੈ ਕੇ ਸਾਡੇ ਜਲਸੇ ਵਿਚ ਬੈਠਾ। ਮੈਂ ਤੇ ਕਰਮ ਸਿੰਘ ਹੁੰਦਲ ਨੇ ਤਕਰੀਰ ਕਰਨੀ ਸੀ। ਗਾਉਣ-ਵਜਾਉਣ ਵਾਲੇ ਮੁੰਡੇ ਆਏ ਨਾ। ਅਸੀਂ ਫਿਰਕਰਮੰਦ ਸਾਂ ਕਿ ਪੀਤੀ-ਖਾਧੀ ਵਾਲੇ ਲੋਕ ਕਿਤੇ ਗਾਣੇ ਸੁਣਨ ਦੀ ਮੰਗ ਨਾ ਕਰਨ ਲੱਗ ਪੈਣ। ਕਿਉਂਕਿ ਸ਼ਾਮੀ ਸਪੀਕਰ 'ਚ ਬੋਲਿਆ ਗਿਆ ਸੀ। ਮੈਂ ਉੱਠਿਆ। ਆਪਣੀ ਤੇ ਕਰਮ ਸਿੰਘ ਹੁੰਦਲ ਦੀ ਜਾਣ-ਪਛਾਣ ਕਰਵਾਉਣ ਬਾਅਦ ਮੈਂ ਆਖਿਆ। 'ਭਰਾਓ, ਸਾਡੇ ਕਿਰਾਏ ਤਾਂ ਘੱਟ ਗਏ ਨੇ, ਤੇ ਤੁਹਾਡੇ ਸਰਕਾਰ ਘਟਾਉਣਾ ਨਹੀਂ ਚਾਹੁੰਦੀ। ਸਾਨੂੰ ਧਾਡੇ ਨਾਲੋਂ ਤੋੜਨਾ ਚਾਹੁੰਦੀ। ਅਸਲ ਵਿਚ ਸਾਨੂੰ ਸਮਝਦੀ ਕੱਖ ਨੀ, ਇਹ ਅਮੀਰਾਂ ਦੀਆਂ ਸਰਕਾਰਾਂ ਸਦੀਆਂ ਤੋਂ ਲੁੱਟ ਰਹੀਆਂ ਸਾਨੂੰ। ਸਾਨੂੰ ਡਰਪੋਕ ਸਮਝਦੇ ਨੇ ਤੇ ਬੁੱਧੂ ਵੀ। ਬੁੱਧੂ ਤੇ ਹੈ ਗੇ ਈਂ ਆਂ ਕੁਛ, ਜਿਹੜੀ ਅੱਜ ਤਕ ਸਮਝ ਨੀ ਆਈ ਕਿ ਸਾਡੀ ਬੁਰੀ ਹਾਲਤ ਲਈ ਕੌਣ ਜੁੰਮੇਵਾਰ ਆ ਤੇ ਸਾਨੂੰ ਕੀ ਕਰਨਾ ਚਾਹੀਦੈ। ਤੇ ਤੁਸੀਂ ਪੁੱਛੋਂਗੇ ਕਿ ਡਰਪੋਕ ਕਿਵੇਂ ਸਮਝਦੀ? ਉਹ ਇਵੇਂ ਕਿ ਤੁਸੀਂ ਬੈਠੇ ਜੇ ਦੋ ਹਜ਼ਾਰ ਬੰਦਾ। 10-20 ਪੁਲਸੀਏ ਆਉਣਗੇ ਹੁਣ। ਅਸੀਂ ਤੁਹਾਡੇ ਲਈ ਲੜ ਰਹੇ ਆਂ। ਸਾਡੇ ਸਾਹਮਣੇ ਸਾਨੂੰ ਏਥੇ ਫੜ ਕੇ ਲੈ ਜਾਣਗੇ ਤੇ ਤੁਸੀਂ ਬੈਠੇ ਵੇਂਹਦੇ ਰਹੋਂਗੇ ਬਿਟਰ-ਬਿਟਰ। ਹੋਰ ਦੱਸੋ ਡਰਪੋਕ ਕਿਹੋ ਜਿਹੇ ਹੁੰਦੇ ਨੇ।' ਮੇਰੀ ਏਨੀ ਕਹਿਣ ਦੀ ਦੇਰ ਸੀ ਕਿ ਅਨੇਕਾਂ ਬੰਦੇ ਬਰਛੇ-ਗੰਡਾਸੇ ਲੈ ਕੇ ਸਟੇਜ ਲਾਗੇ ਆ ਗਏ।

'ਕਿਸੇ ਕੰਜਰ ਦੀ ਜੁਰਅਤ ਨੀ ਜਿਹੜਾ ਧਾਨੂੰ ਸਾਡੇ ਹੁੰਦਿਆਂ ਏਥੋਂ ਫੜ ਕੇ ਲੈ ਜੇ।'

ਬਸ, ਅਸੀਂ ਇਹੋ ਤਰੀਕਾ ਵਰਤ ਕੇ ਲੋਕਾਂ ਦੀ ਅਣਖ ਨੂੰ ਵੰਗਾਰ ਕੇ ਵਰੰਟਿਡ ਹੁੰਦਿਆਂ ਹੋਇਆਂ ਅਨੇਕਾਂ ਪਿੰਡਾਂ ਵਿਚ ਸ਼ਰੇਆਮ ਹਜ਼ਾਰਾਂ ਲੋਕਾਂ ਦੇ ਇੱਕਠ ਕੀਤੇ। ਸਾਨੂੰ ਭਰੋਸਾ ਸੀ ਕਿ ਇੰਜ ਸਾਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾ ਸਕਦਾ ਤੇ ਇਕੱਲੇ-ਦੁਕੱਲੇ ਅਸਾਂ ਕਾਬੂ ਨਹੀਂ ਆਉਣਾ।

ਫਿਰ ਤਹਿਸੀਲ ਹੈਡਕੁਆਟਰਾਂ ਉੱਤੇ ਵੱਡੀਆਂ ਰੈਲੀਆਂ ਕਰਨ ਦੀ ਸੂਬਾ ਪੱਧਰੀ ਕਾਲ ਆਈ। ਅਸੀਂ ਵੱਡਾ ਇਕੱਠ ਪੱਟੀ ਕਚਹਿਰੀ ਕੀਤਾ। ਸਾਰੀ ਤਸੀਲ ਦੀ ਪੁਲਿਸ ਇਕੱਠੀ ਹੋ ਗਈ ਅਤੇ ਸਾਡੀ ਰੈਲੀ ਨੂੰ ਘੇਰਾ ਪਾ ਲਿਆ ਗਿਆ। ਤਕਰੀਰਾਂ ਹੋਈਆਂ। ਸਾਡੀ ਪੂਰੀ ਚੜ੍ਹਤ ਸੀ। ਪਰ ਪੁਲੀਸ ਨੂੰ ਕਈ ਵਰੰਟਿਡ ਲੀਡਰ ਇਕੋ ਥਾਂ ਲੱਭ ਗਏ ਸਨ। ਉਨ੍ਹਾਂ ਰੈਲੀ ਦੀ ਸਮਾਪਤੀ ਉੱਤੇ ਧਾਵਾ ਬੋਲਣ ਦਾ ਫੈਸਲਾ ਕੀਤਾ। ਪੱਟੀ ਕਚਹਿਰੀ ਤੋਂ ਰੇਲਵੇ ਲਾਈਨ ਸਿਰਫ਼ 50 ਗਜ਼ ਦੂਰ ਹੈ। ਅਸਾਂ ਰੈਲੀ ਖਤਮ ਕਰਦਿਆਂ ਹੀ ਇਕਦਮ ਕਮਾਂਡੋ ਐਕਸ਼ਨ ਵਾਂਗ ਰੇਲਵੇ ਲਾਈਨ ਉੱਤੇ ਜਾ ਮੋਰਚਾ ਸੰਭਾਲਿਆ। ਪੁਲੀਸ ਨੇ ਹੱਲਾ ਬੋਲਿਆ ਤਾਂ ਅਸੀਂ ਅੱਗੋਂ ਰੇਲਵੇ ਲਾਈਨ ਤੋਂ ਵੱਟਿਆਂ ਦਾ ਮੀਂਹ ਵਰ੍ਹਾਇਆ। ਪੁਲੀਸ ਪਿੱਛੇ ਹਟੀ ਤੇ ਇਸ ਆੜ ਵਿਚ ਵਰੰਟਿਡ ਲੀਡਰਾਂ ਨੂੰ ਭਜਾ ਦਿੱਤਾ ਗਿਆ। ਬਾਕੀਆਂ ਨੇ ਪੁਲਿਸ ਨੂੰ ਰੋਕੀ ਰੱਖਿਆ।

ਅਸੀਂ ਸਾਰੇ ਮੁੱਖ ਲੀਡਰ ਮਾਸਟਰ ਹਰਚਰਨ ਸਿੰਘ ਦੇ ਘਰ ਜਾ ਵੜੇ, ਜਿਨ੍ਹਾਂ ਦਾ ਬੇਟਾ ਸਾਡੇ ਨਾਲ ਸੀ। ਹਿੰਦੀ-ਸ਼ਾਸਤ੍ਰੀ ਹਰਚਰਨ ਸਿੰਘ ਸੱਚਾ-ਸੁੱਚਾ, ਅਸੂਲੀ ਅਤੇ ਮਿਸਾਲੀ ਅਧਿਆਪਕ ਸੀ ਤੇ ਸਾਨੂੰ ਬੜਾ ਹੀ ਪਿਆਰ ਕਰਦਾ ਸੀ। ਪੁਲੀਸ ਨੇ ਬੂਹਾ ਖੜਕਾਇਆ। ਅਸੀਂ ਅੰਦਰ ਸੀ। ਪਰ ਉਸਨੇ ਆਖਿਆ, 'ਹਾਂ ਬਈ੍ਹ, ਏਧਰ ਤੇ ਕੋਈ ਨੀ ਆਇਆ।' ਉਹ ਅੰਦਰ ਆ ਕੇ ਖੁੱਲ ਕੇ ਹੱਸੇ, 'ਓ ਬਈ ਮੁੰਡਿਓ, ਇਹ ਨਾ ਸਮਝਿਓ ਪਈ ਮੈਂ ਝੂਠ ਬੋਲਿਆ, ਭਲੇ ਲਈ ਝੂਠ ਬੋਲਣਾ ਚੰਗਾ ਹੁੰਦਾ।'

ਇਸ ਤਰ੍ਹਾਂ ਇੱਕ ਵੀ ਵਰੰਟਿਡ ਲੀਡਰ ਨਾ ਫੜਿਆ ਗਿਆ। ਸੰਘਰਸ਼ ਨੂੰ ਕਾਮਯਾਬ ਬਣਾਉਣ ਲਈ ਅਸੀਂ ਗ੍ਰਿਫਤਾਰੀ ਤੋਂ ਬਚਣਾ ਚਾਹੁੰਦੇ ਸਾਂ। ਵਰਨਾ ਸਾਨੂੰ ਪਤਾ ਸੀ ਕਿ ਜੇਲ੍ਹਾਂ ਅੰਦਰਲੇ ਸੌਖੇ ਨੇ, ਫਲ-ਫਰੂਟ ਖਾ ਰਹੇ ਨੇ, ਵੇਹਲੇ ਸਾਰਾ ਦਿਨ, ਬਾਹਰ ਆ ਕੇ ਆਖਣਾ 'ਅਸੀਂ ਬੜੀਆਂ ਜੇਲ੍ਹਾਂ ਕੱਟੀਆਂ।' ਜਦਕਿ ਅਸੀਂ ਭੁੱਖੇ ਤਿਹਾਏ 10-20 ਮੀਲ ਰੋਜ ਸਾਈਕਲ ਚਲਾਉਂਦੇ, 10-10 ਮੀਲ ਪੈਦਲ ਤੁਰੇ ਫਿਰਦੇ ਸਾਂ ਪੈਲੀਆਂ ਵਿਚੋਂ ਦੀ ਪਿੰਡੋ-ਪਿੰਡ।

ਕਦੇ-ਕਦੇ ਮਹਿਸੂਸ ਹੁੰਦਾ ਕਿ ਮੈਂ ਨਿੱਕੀ ਉਮਰੇ ਬੜੇ ਵੱਡੇ-ਵੱਡੇ ਮਸਲਿਆਂ ਅਤੇ ਦਬਾਵਾਂ ਵਿਚ ਉਲਝਦਾ ਜਾ ਰਿਹਾਂ। ਮੇਰੇ ਆਲੇ-ਦੁਆਲੇ ਮਸਲੇ ਹੀ ਮਸਲੇ ਸਨ। ਤੇ ਸਾਧਨ ਕੋਲ ਕੋਈ ਵੀ ਨਹੀਂ ਸੀ। ਬਹੁਤੀ ਵਾਰ ਰੋਟੀ ਖਾਣ ਨੂੰ ਵੀ ਜੇਬ 'ਚ ਪੈਸੇ ਨਹੀਂ ਸਨ ਹੁੰਦੇ। ਬੀ. ਏ. ਕਰਕੇ ਪੜ੍ਹਨੋ ਹਟਿਆ ਹੋਇਆਂ ਸਾਂ।

ਇਹੋ ਜਿਹੇ ਹਾਲਾਤਾਂ 'ਚ ਇੱਕ ਦਿਨ ਪੁਲੀਸ ਸਾਡੇ ਘਰ ਦੇ ਬੂਹੇ ਅੱਗੇ ਇੱਕ ਇਸ਼ਤਿਹਾਰ ਚਿਪਕਾ ਗਈ, ਜਿਸ ਉੱਤੇ ਲਿਖਿਆ ਸੀ ਕਿ ਮੈਨੂੰ ਤੇ ਕਰਮ ਸਿੰਘ ਹੁੰਦਲ ਨੂੰ ਆਗੂਆਂ ਦੇ ਨਾਲ ਇਸ਼ਤਿਹਾਰੀ ਮੁਲਜ਼ਮ ਕਰਾਰ ਦੇ ਦਿੱਤਾ ਗਿਆ ਹੈ। ਲੋਕ ਸਾਡੇ ਘਰ ਅਫ਼ਸੋਸ ਕਰਨ ਆ ਰਹੇ ਸਨ।


ਜਦ ਮੈਂ ਘਰ ਗਿਆ ਤਾਂ ਮੇਰੀ ਮਾਂ ਢਿੱਡ ਤੇ ਹੱਥ ਰੱਖ ਕੇ ਬੈਠੀ ਸੀ। ਮੈਨੂੰ ਵਿਚਲੀ ਗੱਲ ਦਾ ਪਤਾ ਲੱਗ ਗਿਆ ਸੀ। ਮੈਂ ਉਹਦੇ ਕੋਲ ਮੰਜੇ ਤੇ ਬਹਿ ਗਿਆ। ਉਹ ਕੁਛ ਨਾ ਬੋਲੀ। ਉਹਦਾ ਚਿਹਰਾ ਉਤਰਿਆ ਤੇ ਦਿਮਾਗ ਸੁੰਨ ਸੀ। ਅੱਖਾਂ 'ਚੋਂ ਹੰਝੂ ਡਲ੍ਹਕ ਰਹੇ ਸਨ 'ਪੁੱਤ ਏਹ ਕੀ ਘਾਣੀਆਂ ਬਣਗੀਆਂ ਸਾਡੇ ਨਾਲ। ਮੈਂ ਤੈਨੂੰ ਰਾਤ ਦੇ ਤਿੰਨ-ਤਿੰਨ ਵਜੇ ਉਠ ਕੇ ਚਾਹ ਬਣਾ ਕੇ ਜਗਾਉਂਦੀ ਸੀ ਪੜ੍ਹਨ ਲਈ।'

ਆਖਦਿਆਂ ਉਹਨੇ ਚੁੰਨੀ ਦੇ ਪੱਲੇ ਨਾਲ ਅੱਖਾਂ ਪੂੰਝੀਆਂ, ਲੰਮਾ ਹੌਕਾ ਲਿਆ ਤੇ ਨੀਵੀਂ ਪਾ ਲਈ।

ਮੇਰੇ ਅੰਦਰੋਂ ਮਾਂ ਦੇ ਹੰਝੂਆਂ ਲਈ ਗੁਨਾਹਗਾਰ ਹੋਣ ਦੀ ਚੀਖ ਉੱਠੀ। ਇੰਜ ਜਾਪਿਆ ਮੇਰਾ ਸਰੀਰ ਚਾਰੇ ਪਾਸਿਓਂ ਸੰਗਲਾਂ ਨਾਲ ਬੰਨ੍ਹ ਕੇ ਖਿੱਚ ਰਿਹੈ ਕੋਈ। ਪਤਾ ਨੀ ਕਦੋਂ ਮੇਰੀ ਮਾਂ ਨੇ ਮੈਨੂੰ ਆਪਣੀ ਛਾਤੀ ਨਾਲ ਘੁੱਟ ਲਿਆ। ਮੇਰੇ ਕੰਨਾਂ 'ਚ ਅਵਾਜ਼ ਪਈ, 'ਤੂੰ ਤੇ ਮੇਰਾ ਸ਼ਿੰਦਾ ਪੁੱਤ ਏਂ, ਮਹਿੰਗਾ ਜਿਆ੍ਹ। ਆਪਣੀ ਜ਼ਿੰਦਗੀ ਨੂੰ ਏਨਾ ਸਸਤਾ ਕਿਉਂ ਸਮਝਿਆ ਈ?'

# ਸੰਦੂਕ ਦਾ ਭੇਤ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਸੰਦੂਕ ਦਾ ਖਿਆਲ ਆਉਂਦਿਆਂ ਹੀ ਪੰਜਾਬੀਆਂ ਦੇ ਦਿਮਾਗੀ ਚਿੱਤਰਪਟ 'ਤੇ ਇਕ ਛੱਤ ਜਿੱਡੇ ਲੱਕੜ ਦੇ ਢਾਂਚੇ ਦਾ ਤਸੱਵਰ ਉਘੜਦਾ ਹੈ। ਸਾਡਾ ਸੰਦੂਕ ਇੱਕ ਕਮਰਾ ਹੀ ਤਾਂ ਹੁੰਦਾ ਹੈ। ਹਰਿਕ ਸਦੂੰਕ ਦੀ ਆਪੋ-ਆਪਣੀ ਨਿਵੇਕਲੀ ਬਣਤਰ ਹੋ ਸਕਦੀ ਹੈ ਐਪਰ ਮੈਂ ਆਪਣੇ ਘਰ ਦੇ ਸੰਦੂਕ ਦਾ ਹੁਲੀਆ ਪੇਸ਼ ਕਰਦਾ ਹਾਂ। ਪਿੰਡ ਵਾਲੇ ਘਰ ਦਾ ਇਹ ਸੰਦੂਕ ਉਪਰ ਥੱਲੇ ਦੋ ਖਾਨਿਆਂ ਵਾਲਾ, ਜਾਣੋਂ ਦੁਮੰਜ਼ਲਾ ਹੈ। ਹੇਠਲੇ ਖਾਨੇ ਵਿਚ ਰਜਾਈਆਂ, ਤਲਾਈਆਂ, ਚੁਤੱਹੀਆਂ, ਦਰੀਆਂ, ਖੇਸ, ਚਾਦਰਾਂ, ਘਗਰੇ ਤੇ ਕਈ ਸਾਰੇ ਸਿਰਹਾਣੇ ਤੂੜੇ ਹੁੰਦੇ ਸਨ। ਅੱਗੋਂ ਉਤਲੇ ਖਾਨੇ ਦੇ ਵੀ ਦੋ ਉਪ ਭਾਗ ਸਨ। ਹੇਠਲੇ ਵਿਚ ਹਲਕਾ ਲਟੜ ਪਟੜ ਜਿਵੇਂ ਫੁਲਕਾਰੀਆਂ, ਛੋਟੇ ਅਟੈਚੀ ਜਾਂ ਬੈਗ ਸਨ। ਉਪਰ ਜਿਹੇ ਚਾਰ ਚੁਫੇਰੇ ਇਕ ਸ਼ੈਲਫ ਬਣੀ ਹੋਈ ਸੀ ਜੋ ਕੋਮਲ ਤੇ ਕੀਮਤੀ ਚੀਜ਼ਾਂ ਦਾ ਰੱਖਨਾ ਸੀ। ਇਸ ਵਿਚ ਫੋਟੋਆਂ, ਕਢਾਈ ਕੀਤੀਆਂ ਪੱਖੀਆਂ, ਗਹਿਣੇ ਗੱਟੇ ਟਿਕਾਏ ਹੁੰਦੇ ਸਨ। ਇਹ ਸੰਦੂਕ ਮੇਰੀ ਮਾਂ ਦਾਜ ਵਿਚ ਲਿਆਈ ਸੀ ਪਰ ਮੇਡ-ਇਨ ਸਾਡਾ ਪਿੰਡ ਹੀ ਸੀ। ਸਾਡੇ ਪਿੰਡ ਦੇ ਤਰਖਾਣਾਂ ਦੁਆਰਾ ਬਣਾਏ ਸੰਦੂਕ, ਗੱਡੇ, ਚਰਖੇ ਆਦਿ ਖਰੀਦਣ ਦੂਰੋਂ-ਦੂਰੋਂ ਗਾਹਕ ਆਉਂਦੇ ਰਹਿੰਦੇ ਸਨ।

ਅਕਸਰ ਹੀ ਸੰਦੂਕ ਘਰ ਦੀ ਸੁਆਣੀ ਨੂੰ ਪਿਉਕਿਆਂ ਤੋਂ ਦਾਜ ਵਜੋਂ ਤਰੌਂਜੇ ਵਿਚ ਢੋਇਆ ਜਾਂਦਾ ਸੀ। ਇਹ ਤਰਖਾਣਾ ਕਾਰੀਗਰੀ ਦਾ ਸੁੰਦਰ ਨਮੂਨਾ ਹੁੰਦਾ ਸੀ। ਇਸ ਦੀ ਅਗਲੀ ਕੰਧ ਛੋਟੀਆਂ ਚੌਰਸ ਲੱਕੜੀ ਦੀਆਂ ਫੱਟੀਆਂ ਨਾਲ ਜੜੀ ਹੁੰਦੀ ਸੀ ਜਿਸ ਨੂੰ ਬਾਹਰੋਂ ਪਿੱਤਲ ਦੇ ਕੋਕਿਆਂ, ਫੁੱਲੀਆਂ, ਪੱਤੀਆਂ, ਆਰਸੀਆਂ ਆਦਿ ਨਾਲ ਜੜਿਆ ਹੁੰਦਾ ਸੀ। ਅਜਿਹੀ ਸਜਾਵਟ ਇਸ ਦੀ ਦਿੱਖ ਨੂੰ ਚਮਤਕਾਰੀ ਬਣਾਉਂਦੀ ਸੀ। ਇਸੇ ਕਰਕੇ ਇਕ ਦੂਜੇ ਨਾਲ ਫਸਵੀਆਂ ਫੱਟੀਆਂ ਲਗਾ ਕੇ ਬਣਾਈ ਛੱਤ ਨੂੰ ਸੰਦੂਕੀ ਛੱਤ ਕਿਹਾ ਜਾਂਦਾ ਹੈ। ਪੰਜਾਬ ਵਿਚ ਹਰਾ ਇਨਕਲਾਬ ਆ ਗਿਆ, ਜ਼ਮਾਨਾ ਬਦਲਦਾ ਗਿਆ, ਸ਼ਿਲਪਕਾਰ ਪਿੰਡ ਛੱਡ ਗਏ। ਨਤੀਜਨ ਸੰਦੂਕ ਅਲੋਪ ਹੋਣੇ ਸ਼ੁਰੂ ਹੋ ਗਏ; ਲੋਹੇ ਦੀਆਂ ਪੇਟੀਆਂ, ਫਿਰ ਗੌਦਰੇਜ ਦੀਆਂ ਅਲਮਾਰੀਆਂ ਤੇ ਡਰੈਸਿਗ ਟੇਬਲ ਘਰਾਂ ਵਿਚ ਵੜਨ ਲੱਗ ਪਏ। ਹੁਣ ਸ਼ਾਇਦ ਕਾਸੇ ਦੀ ਵੀ ਲੋੜ ਨਹੀਂ ਕਿਉਕਿ ਹਰ ਕਮਰੇ ਵਿਚ ਕਲੌਜ਼ਿਟ ਰੱਖੇ ਜਾਣ ਲੱਗ ਪਏ। ਸਿਤਮ ਦੇਖੋ, ਇਨ੍ਹਾਂ ਚੀਜ਼ਾਂ ਲਈ ਸ਼ਬਦ ਵੀ ਅੰਗਰੇਜ਼ੀ ਹਨ। ਮੈਨੂੰ ਹੈਰਾਨੀ ਹੋਈ ਕਿ ਪੰਜਾਬੀ ਵਿਚ ਸੰਦੂਕ ਨਾਲ ਸਬੰਧਤ ਕੋਈ ਕਹਾਵਤਾਂ ਮੁਹਾਵਰੇ ਨਹੀਂ ਮਿਲਦੇ। ਹਾਂ, ਵਾਰਿਸ ਦੀ ਇਸ ਤੁਕ ਵਿਚ ਕਹਾਵਤ ਬਣਨ ਦੀ ਸਮਰੱਥਾ ਹੈ,

ਵਾਰਿਸ ਸ਼ਾਹ ਨਾ ਭੇਤ ਸੰਦੂਕ ਖੁੱਲ੍ਹੇ,
ਭਾਵੇਂ ਜਾਨ ਦਾ ਜਿੰਦਰਾ ਟੁੱਟ ਜਾਏ।

ਹਾਸ਼ਿਮ ਨੇ ਵੀ ਕਹਾਵਤੀ ਬੋਲ ਉਚਾਰੇ ਹਨ,

ਜੇ ਲੱਖ ਪਾ ਸੰਦੂਕ ਛੁਪਾਈਏ, ਆਵੇ ਮੁਸ਼ਕ ਗੁਲਾਬੋਂ,
ਹਾਸ਼ਮ ਹੁਸਨ ਪ੍ਰੀਤ ਨਾ ਪੁਛਦੇ, ਫ਼ਾਰਗ ਹੋਣ ਹਿਸਾਬੋਂ।

ਦੂਜੇ ਪਾਸੇ ਅਜਿਹੇ ਲੋਕ ਗੀਤ ਬਥੇਰੇ ਹਨ ਜਿਨ੍ਹਾਂ ਵਿਚ ਤੀਵੀਆਂ ਦੇ ਸੰਦੂਕ ਨਾਲ ਲਗਾਉ ਦੀ ਵਿਥਿਆ ਖੂਬ ਉਜਾਗਰ ਹੁੰਦੀ ਹੈ। ਸੰਦੂਕ ਨਾਲ ਤੀਵੀਆਂ ਦੀ ਗੂੜ੍ਹੀ ਅਪਣੱਤ ਦਾ ਕਾਰਨ ਹੈ ਕਿ ਇਹ ਉਸ ਦੇ ਪਿਉਕਿਆਂ ਦੀ ਨਿਸ਼ਾਨੀ ਹੁੰਦੀ ਸੀ, ਘਰ ਵਿਚ ਉਸ ਦੀ ਵਿਅਕਤੀਗਤ ਹਸਤੀ ਦਾ ਅਜ਼ੀਮ ਸਬੂਤ। ਕੁਝ ਬੋਲ ਪੇਸ਼ ਹਨ,

ਗੱਡੀ ਵਿਚ ਆ ਗਿਆ ਸੰਦੂਕ ਮੁਟਿਆਰ ਦਾ
ਸ਼ੀਸ਼ਿਆਂ ਜੜ੍ਹਤ ਚਮਕਾਰੇ ਪਿਆ ਮਾਰਦਾ।
ਉਧਰ ਪਿਉਕਿਆਂ ਦੀ ਵੀ ਮਜਬੂਰੀ ਹੁੰਦੀ ਹੈ,
ਸਾਉਣੀ ਆਈ ਤੋਂ ਮਿੱਥਾਂਗੇ ਸਾਹਾ,
ਬਈ ਅਜੇ ਨਾ ਸੰਦੂਕ ਬਣਿਆ।

ਸੰਦੂਕ ਨੂੰ ਬੋਲਚਾਲ ਦੀ ਪੰਜਾਬੀ ਵਿਚ ਸਦੂਕ ਜਾਂ ਸਦੂਖ ਉਚਾਰਿਆ ਜਾਂਦਾ ਹੈ। ਭਾਰਤ ਦੀਆਂ ਲਗਭਗ ਸਾਰੀਆਂ ਬੋਲੀਆਂ ਵਿਚ ਇਹ ਸ਼ਬਦ ਥੋੜ੍ਹੇ ਬਹੁਤੇ ਉਚਾਰਣ ਤੇ ਅਰਥ ਭੇਦ ਨਾਲ ਵਰਤਿਆ ਜਾਂਦਾ ਹੈ। ਪਰ ਦੇਖਿਆ ਗਿਆ ਹੈ ਕਿ ਹੋਰ ਬੋਲੀਆਂ ਵਿਚ ਸੰਦੂਕ ਬਕਸਾ, ਪੇਟੀ, ਯਾਨੀ ਪੰਜਾਬੀਆਂ ਦੇ ਨਜ਼ਰੀਏ ਤੋਂ ਇੱਕ ਮਧਰੇ ਸੰਦੂਕ ਦਾ ਅਰਥਾਵਾਂ ਸਿੱਧ ਹੁੰਦਾ ਹੈ। ਇਹ ਪੰਜਾਬੀਆਂ ਦੇ ਕੋਠੇ ਜਿੱਡੇ ਸੰਦੂਕ ਅੱਗੇ ਕਿੱਥੇ ਖੜ੍ਹ ਸਕਦਾ ਹੈ? ਕਹਿ ਸਕਦੇ ਹਾਂ ਕਿ ਸਾਡੀ ਸੰਦੂਕੜੀ ਜਾਂ ਸੰਦੂਕਚੀ ਹੋਰਨਾਂ ਦਾ ਸੰਦੂਕ ਹੈ। ਇਉਂ ਲਗਦਾ ਹੈ ਕਿ ਜਿਵੇਂ ਜਿਵੇਂ ਪੰਜਾਬੀਆਂ ਵਿਚ ਦਾਜ ਦੇਣ ਦਾ ਰੁਝਾਨ ਵਧਦਾ ਗਿਆ, ਸੰਦੂਕ ਦਾ ਕੱਦ ਕਾਠ ਵੀ ਉਚਾ ਹੁੰਦਾ ਗਿਆ। ਇਸੇ ਅਨੁਪਾਤ ਨਾਲ ਪੰਜਾਬਣਾਂ ਦਾ ਸੰਦੂਕੀ ਅਭਿਮਾਨ ਵੀ ਵਧਦਾ ਗਿਆ ਤੇ ਸੰਦੂਕਾਂ ਓਹਲੇ ਸੱਸ ਕੁੱਟਣ ਦਾ ਹੌਸਲਾ ਪੈਣ ਲੱਗਾ। ਤਾਂ ਹੀ ਪਿਉਕਿਆਂ ਤੋਂ ਸੰਦੂਕ ਨਾ ਮਿਲੇ ਤਾਂ ਸੁਆਣੀ ਨੂੰ ਹਿਰਖ ਵੀ ਡਾਢਾ ਹੁੰਦਾ ਹੈ,

ਭੈਣ ਤੁਰਗੀ ਸੰਦੂਕੋਂ ਸੱਖਣੀ
ਵੀਰਾ ਵੇ ਮੁਰੱਬੇ ਵਾਲਿਆ।

ਪਰ ਪੰਜਾਬੀ ਵਿਚ ਸੰਦੂਕ ਸ਼ਬਦ ਹਮੇਸ਼ਾ ਇਸ ਕੋਠੇਨੁਮਾ ਢਾਂਚੇ ਨੂੰ ਨਹੀਂ ਬਲਕਿ ਛੋਟੇ ਨੂੰ ਵੀ ਕਿਹਾ ਜਾਂਦਾ ਰਿਹਾ ਹੋਵੇਗਾ। ਮਿਸਾਲ ਵਜੋਂ ਜਿਸ ਸੰਦੂਕ ਵਿਚ ਨੰਨ੍ਹੀ ਸੱਸੀ ਨੂੰ ਤਾੜ ਕੇ ਦਰਿਆ ਵਿਚ ਰੋੜ੍ਹਿਆ ਗਿਆ ਸੀ ਉਹ ਕਿੰਨਾ ਕੁ ਵੱਡਾ ਹੋ ਸਕਦਾ ਹੈ, ਬਕੌਲ ਹਾਸ਼ਿਮ,

ਜਿਸ ਉਸਤਾਦ ਸੰਦੂਕ ਸੱਸੀ ਦਾ, ਘੜਿਆ ਨਾਲ ਮਿਹਰ ਦੇ।
ਅਫਲਾਤੂਨ ਅਰਸਤੂ ਜੇਹੇ, ਹੋਣ ਸ਼ਗਿਰਦ ਹੁਨਰ ਦੇ।
ਜ਼ੀਨਤ ਜ਼ੇਬ ਸਿਖਣ ਸਭ ਉਸ ਥੀਂ, ਦਿਲਬਰ ਚੀਨ ਮਿਸਰ ਦੇ।
ਹਾਸ਼ਮ ਵੇਖ ਆਰਾਇਸ਼ ਕਰਦਾ, ਸ਼ਾਬਾਸ਼ ਅਕਲ ਫ਼ਿਕਰ ਦੇ।

ਸਭ ਕੋਸ਼ਾਂ ਤੇ ਹੋਰ ਸ੍ਰੋਤਾਂ ਅਨੁਸਾਰ ਸੰਦੂਕ ਸ਼ਬਦ ਪੰਜਾਬੀ ਵਿਚ ਫਾਰਸੀ ਵਲੋਂ ਆਇਆ ਤੇ ਫਾਰਸੀ ਵਿਚ ਅਰਬੀ ਵਲੋਂ। ਫਾਰਸੀ ਵਿਚ ਆ ਕੇ ਇਸ ਦਾ ਲਘੁਤਾ ਸੂਚਕ ਪਿਛੇਤਰ 'ਚਾ' ਲੱਗ ਕੇ ਛੋਟੇ ਸੰਦੂਕ ਲਈ ਸੰਦੂਕਚਾ ਸ਼ਬਦ ਬਣ ਗਿਆ। ਹੋਰ ਭਾਸ਼ਾਵਾਂ ਨੇ ਇਸ ਨੂੰ ਇਸਤਰੀ ਲਿੰਗ ਬਣਾ ਕੇ 'ਚਾ' ਦਾ ਚੀ ਬਣਾ ਦਿੱਤਾ ਤੇ ਸ਼ਬਦ ਹੋ ਗਿਆ ਸੰਦੂਕਚੀ। ਪੰਜਾਬੀਆਂ ਨੇ ਆਪਣੀ 'ੜੀ' ਅੜਾ ਕੇ ਸੰਦੂਕੜੀ ਬਣਾ ਦਿੱਤੀ। ਸੰਦੂਕਚੀ ਜਾਂ ਸੰਦੂਕੜੀ ਦਾ ਕੱਦ-ਕਾਠ ਟਰੰਕ ਕੁ ਜਿੱਡਾ ਹੀ ਹੁੰਦਾ ਹੈ। ਸੰਦੂਕੜੀ ਵਿਚ ਆਮ ਤੌਰ 'ਤੇ ਗਹਿਣੇ ਗੱਟੇ, ਸ਼ਿੰਗਾਰੀ ਚੀਜ਼ਾਂ, ਨਕਦੀ, ਕਾਗਜ਼ ਪੱਤਰ, ਸੰਦ ਵਗੈਰਾ ਰੱਖੇ ਜਾਂਦੇ ਹਨ। ਵਿਆਂਦੜ ਨੂੰ ਸੰਦੂਕੜੀ ਵੀ ਦਾਜ ਵਿਚ ਮਿਲਦੀ ਹੁੰਦੀ ਸੀ ਜੋ ਇਕ ਤਰ੍ਹਾਂ ਸ਼ਿੰਗਾਰਦਾਨ ਹੀ ਹੁੰਦੀ ਸੀ। ਇਸ ਨੂੰ ਉਹ ਆਮ ਤੌਰ 'ਤੇ ਸੰਦੂਕ ਵਿਚ ਸੁਸ਼ੋਭਿਤ ਕਰ ਦਿੰਦੀ ਸੀ। ਇੱਕ ਸਮਾਨਅੰਤਰ ਸੰਦੂਕੜੀ ਵਿਚ ਸੱਸਾਂ ਘਿਉ ਰੱਖ ਕੇ ਚਾਬੀ ਆਪਣੇ ਨਾਲੇ ਨਾਲ ਬੰਨ੍ਹ ਰੱਖਦੀਆਂ ਸਨ। ਪੰਜਾਬੀ ਵਿਚ ਪਟਾਰੀ ਵਾਂਗ ਸੰਦੂਕੜੀ ਵੀ ਇੱਕ ਤਰ੍ਹਾਂ ਰਹੱਸ ਦਾ ਪ੍ਰਤੀਕ ਹੈ। ਸਾਹਿਬ ਸਿੰਘ ਦੇ ਨਾਟਕ 'ਸੰਦੂਕੜੀ ਖੋਲ੍ਹ ਨਰੈਣਿਆ' ਵਿਚ ਪੰਜਾਬ ਦੇ ਨੌਜਵਾਨਾਂ ਦੀਆਂ ਸਮੱਸਿਆਵਾਂ ਦਾ ਰਹੱਸ ਖੋਲ੍ਹਿਆ ਗਿਆ ਹੈ। ਯਾਦਾਂ ਦੀ ਸੰਦੂਕੜੀ ਵੀ ਹੋਣ ਲੱਗ ਪਈ ਹੈ,

ਯਾਦਾਂ ਦੀ ਸੰਦੂਕੜੀ 'ਚੋਂ ਅਕਸਰ ਹੀ ਕਢਕੇ ਛੂਹਵਾਂ।
ਪਿੰਡੇ ਸੀ ਪਹਿਨਿਆ ਕਦੇ ਜੋ, ਤਿਰੇ ਚੁੰਮਣ ਦਾ ਲਿਬਾਸ ਸੱਜਣ।

ਸੰਦੂਕਚੀ ਸ਼ਬਦ ਅੱਜ-ਕੱਲ੍ਹ ਬੋਲਣ ਵਿਚ ਘੱਟ ਹੀ ਆਉਂਦਾ ਹੈ ਭਾਵੇਂ ਪੰਜਾਬੀ ਸਾਹਿਤ ਵਿਚ ਇਸ ਦਾ ਜ਼ਿਕਰ ਕਾਫੀ ਹੈ। ਖਾਲਸਾ ਦਰਬਾਰ ਦੇ ਕਾਗਜ਼ਾਂ ਵਿਚ ਇਕ ਅਹਿਲਕਾਰ ਦਾ ਨਾਮ ਮਿਲਦਾ ਹੈ, ਜਿਸ ਨੂੰ 'ਸੰਦੂਕਚੀ ਬਰਦਾਰ' ਲਿਖਿਆ ਹੈ। ਇਹ ਸ਼ਾਇਦ ਖਜ਼ਾਨਚੀ ਲਈ ਵਰਤਿਆ ਹੈ।

ਸੰਦੂਕ ਸ਼ਬਦ ਦਾ ਮੁਢ ਕਈ ਸ੍ਰੋਤਾਂ ਅਨੁਸਾਰ ਅਰਬੀ ਹੀ ਹੈ ਤੇ ਇਸ ਨੂੰ ਅਰਬੀ ਦੇ ਧਾਤੂ ਸ-ਦ-ਕ ਤੋਂ ਬਣਿਆ ਖਿਆਲਿਆ ਜਾਂਦਾ ਹੈ। ਮੈਨੂੰ ਇਸ 'ਤੇ ਸੰਦੇਹ ਹੋਇਆ ਤਾਂ ਕੁਝ ਹੋਰ ਛਾਣ-ਬੀਣ ਕੀਤੀ। ਇੱਕ ਪੁਖਤਾ ਇਤਲਾਹ ਅਨੁਸਾਰ ਇਹ ਭਾਰੋਪੀ ਅਸਲੇ ਦਾ ਸ਼ਬਦ ਮਲੂਮ ਹੁੰਦਾ ਹੈ। ਸਾਰੇ ਜਾਣਦੇ ਹਨ ਕਿ ਅਰਬ ਖਿੱਤੇ ਦੇ ਗਰੀਸ ਨਾਲ ਗਹਿਰੇ ਇਤਿਹਾਸਕ ਸਬੰਧ ਰਹੇ ਹਨ ਜਿਸ ਕਾਰਨ ਸ਼ਬਦਾਂ ਦਾ ਆਦਾਨ-ਪ੍ਰਦਾਨ ਵੀ ਹੁੰਦਾ ਰਿਹਾ ਹੈ। ਅਰਬੀ ਸੈਮਿਟਿਕ ਭਾਸ਼ਾ ਹੈ ਤੇ ਗਰੀਸ ਹਿੰਦ-ਯੂਰਪੀ। ਅਸਲ ਵਿਚ ਅਰਬੀ ਵਿਚ ਸੈਮਿਟਿਕ ਭਾਸ਼ਾ ਅਰਮਾਇਕ ਤੋਂ ਹੀ ਇਹ ਸ਼ਬਦ ਗਰੀਸ ਵਿਚ ਆਇਆ। ਅਰਮਾਇਕ ਵਿਚ ਇਹ ਸ਼ਬਦ ਅੱਗੋਂ ਪ੍ਰਾਚੀਨ ਗਰੀਕ ਦੇ ਸ਼ਬਦ 'ਸੰਥੇਂਕੇ' ਤੋਂ ਆਇਆ ਜੋ ਉਸ ਵੇਲੇ ਭਾਂਡਾ, ਪਾਤਰ ਆਦਿ ਦਾ ਅਰਥਾਵਾਂ ਸੀ। ਪਰ ਅੱਗੇ ਜਾ ਕੇ ਇਸ ਦਾ ਅਰਥ ਸੰਧੀ (ਦੋ



ਧਿਰਾਂ ਵਿਚਾਲੇ ਸਮਝੌਤਾ) ਹੋ ਗਿਆ। ਸੰਥੇਂਕੇ ਸ਼ਬਦ ਅੱਗੇ ਦੋ ਜੁਜ਼ਾਂ ਤੋਂ ਬਣਿਆ ਹੈ। ਸਿਨ (syn) + ਟਿਥਿਮੀ (tithimi)। ਇਹ ਸਿਨ ਦਰਅਸਲ ਭਾਰਤੀ ਆਰਿਆਈ ਭਾਸ਼ਾਵਾਂ ਦੇ ਅਗੇਤਰ ਸੰ/ਸਮ ਦਾ ਸਗੋਤੀ ਹੈ ਜੋ ਸ਼ਬਦਾਂ ਦੇ ਪਿੱਛੇ ਲਗ ਕੇ ਸਾਥ, ਨਾਲ ਦਾ ਅਰਥ ਦਿੰਦਾ ਹੈ ਜਿਵੇਂ ਪੰਜਾਬੀ ਸੰਪਤੀ ਆਦਿ। ਦੂਜੇ ਜੁਜ਼ ਟਿਥਮੀ ਵਿਚ ਰੱਖਣਾ, ਧਰਨਾ ਆਦਿ ਦੇ ਭਾਵ ਹਨ। ਇਸ ਨਾਲ ਸਬੰਧਤ ਗਰੀਕ ਤੋਂ ਅੰਗਰੇਜ਼ੀ ਵਿਚ ਆਏ ਸ਼ਬਦ ਥੀਸਿਸ (thesis) ਤੋਂ ਅਸੀਂ ਇਸ ਦੇ ਅਰਥ ਨੂੰ ਸਮਝ ਸਕਦੇ ਹਾਂ। ਥੀਸਿਸ ਦਾ ਸ਼ਾਬਦਿਕ ਅਰਥ ਉਹ ਪ੍ਰਸਤਾਵ ਹੈ ਜੋ ਸਾਹਮਣੇ ਰੱਖਿਆ ਜਾਵੇ। ਇਸ ਦਾ ਵਿਸਤ੍ਰਿਤ ਅਰਥ ਬਣਿਆ ਕਿਸੇ ਵਰਤਾਰੇ ਬਾਰੇ ਪੇਸ਼ ਕੀਤਾ ਤਰਕ, ਸਿਧਾਂਤ। ਇਸ ਤੋਂ ਬਣਦਾ ਇੱਕ ਅੰਗਰੇਜ਼ੀ ਸ਼ਬਦ ਹੈ synthesis (ਪੰਜਾਬੀ/ਹਿੰਦੀ ਸੰਸ਼ਲੇਸ਼ਣ) ਜਿਸ ਦਾ ਮਤਲਬ ਹੁੰਦਾ ਹੈ ਦੋ ਜਾਂ ਇਸ ਤੋਂ ਵੱਧ ਤੱਤਾਂ ਨੂੰ ਨਾਲ-ਨਾਲ ਰੱਖਣ (ਸੁਮੇਲ) ਨਾਲ ਬਣਦਾ ਨਵਾਂ ਪਦਾਰਥ। ਇਸ ਹਿਸਾਬ ਨਾਲ ਪ੍ਰਾਚੀਨ ਗਰੀਕ ਸ਼ਬਦ ਸੰਥੇਂਕੇ ਦਾ ਸ਼ਾਬਦਿਕ ਅਰਥ ਬਣਿਆ ਇਕ ਤੋਂ ਵੱਧ ਜੁਜ਼ਾਂ ਨੂੰ ਨਾਲ-ਨਾਲ ਰੱਖ ਕੇ ਜਾਂ ਜੋੜ ਕੇ ਬਣਾਇਆ ਉਤਪਾਦ। ਭਾਂਡਾ, ਪਾਤਰ ਅਜਿਹੀ ਚੀਜ਼ ਹੀ ਹੁੰਦੀ ਹੈ ਜੋ ਪ੍ਰਾਚੀਨ ਗਰੀਸ ਵਿਚ ਲੱਕੜੀ ਦੀਆਂ ਫੱਟੀਆਂ, ਟਾਹਣੀਆਂ ਆਦਿ ਨੂੰ ਜੋੜ ਕੇ ਬਣਾਈ ਜਾਂਦੀ ਹੋਵੇਗੀ। ਨੋਟ ਕਰੋ ਕਿ ਸੰਦੂਕ ਵੀ ਅਜਿਹਾ ਹੀ ਪਾਤਰ ਹੈ ਜੋ ਲੱਕੜੀ ਦੀਆਂ ਫੱਟੀਆਂ ਜੋੜ ਕੇ ਬਣਾਇਆ ਜਾਂਦਾ ਹੈ। ਦੂਜੇ ਪਾਸੇ ਇਸ ਦੀ ਵਿਆਖਿਆ ਹੋ ਸਕਦੀ ਹੈ ਅਜਿਹੀ ਸ਼ੈਅ ਹੈ ਜਿਸ ਵਿਚ ਬਹੁਤ ਸਾਰੀਆਂ ਚੀਜ਼ਾਂ ਧਰੀਆਂ ਜਾਂ ਰੱਖੀਆਂ ਜਾਣ। ਅਸੀਂ 'ਸੰਥੇਂਕੇ' ਦੇ ਸੰਧੀ ਦੇ ਅਰਥਾਂ ਵੱਲ ਜਾਈਏ। ਅਸਲ ਵਿਚ ਸਾਡਾ ਸ਼ਬਦ 'ਸੰਧੀ' ਵੀ ਦੋ ਜਾਂ ਦੋ ਤੋਂ ਵੱਧ ਧਿਰਾਂ ਨੂੰ ਜੋੜ ਕੇ ਬਣਾਏ ਇਕਰਾਰਨਾਮੇ ਦਾ ਅਰਥਾਵਾਂ ਹੈ ਜੋ ਕਿਸੇ ਖਾਸ ਨਿਸ਼ਾਨੇ ਵੱਲ ਸੇਧਿਤ ਕੀਤਾ ਜਾਂਦਾ ਹੈ।

ਪਿੱਛੇ ਅਸੀਂ ਗਰੀਕ 'ਸੰਥੇਕੇ' ਸ਼ਬਦ ਦੇ ਦੂਜੇ ਜੁਜ਼ ਟਿਥਮੀ ਦਾ ਅਰਥ ਰੱਖਣਾ, ਧਰਨਾ ਦੱਸਿਆ ਹੈ। ਇਸ ਸ਼ਬਦ ਦਾ ਭਾਰੋਪੀ ਮੂਲ *dhe ਮਿਥਿਆ ਗਿਆ ਹੈ ਜਿਸ ਵਿਚ ਧਰਨ, ਰੱਖਣ ਦੇ ਭਾਵ ਹਨ। ਗਰੀਕ ਭਾਸ਼ਾ ਵਿਚ ਜਾ ਕੇ ਇਸ ਦਾ ਰੂਪ tithnai ਜਿਹਾ ਹੋ ਜਾਂਦਾ ਹੈ ਜਿਸ ਤੋਂ ਅੱਗੇ ਥੀਸਿਸ, ਸਿੰਥੇਸਿਸ ਜਿਹੇ ਸ਼ਬਦ ਬਣ ਜਾਂਦੇ ਹਨ। ਅੰਗਰੇਜ਼ੀ theme ਦੀ ਵੀ ਲਗਭਗ ਏਹੋ ਕਹਾਣੀ ਹੈ। ਹੋਰ ਭਾਸ਼ਾਵਾਂ ਵਿਚ ਇਸ ਦੇ ਹੋਰ ਰੂਪ ਵਿਕਸਿਤ ਹੋਏ ਹਨ। ਅਵੇਸਤਾ ਵਿਚ ਇਸ ਦਾ ਮੂਲ *ਦਦਾਇਤੀ ਜਿਹਾ ਹੈ। ਸੰਸਕ੍ਰਿਤ ਵਿਚ ਇਸ ਮੂਲ ਦਾ ਰੂਪ ਹੈ *ਧਾਅ ਜਿਸ ਵਿਚ ਧਰਨ, ਰੱਖਣ ਦੇ ਭਾਵ ਹਨ। ਪਾਠਕ ਸਹਿਜੇ ਹੀ ਸਮਝ ਸਕਦੇ ਹਨ ਕਿ ਰੱਖਣਾ ਦੇ ਭਾਵਾਂ ਵਾਲਾ ਧਰਨਾ, ਧਾਰਨਾ (ਮਨ ਵਿਚ ਰੱਖਣਾ) ਏਥੋਂ ਹੀ ਆ ਰਹੇ ਹਨ। ਕਿੰਨੇ ਸਾਰੇ ਹੋਰ ਅਣਗਿਣਤ ਸ਼ਬਦ ਹਨ ਜਿਨ੍ਹਾਂ ਦਾ ਪਿੱਛਾ ਫਿਰ ਕਦੇ ਕੀਤਾ ਜਾਵੇਗਾ। ਇਹ ਗੱਲ ਦਿਲਚਸਪੀ ਤੋਂ ਖਾਲੀ ਨਹੀਂ ਕਿ ਉਤਲਿਖਤ ਸੰਧੀ ਦੇ ਅਰਥਾਂ ਵਾਲਾ ਗਰੀਕ ਸ਼ਬਦ ਸੰਥੇਂਕੇ, ਜੋ ਬਾਅਦ ਵਿਚ ਸੰਦੂਕ ਬਣਿਆ ਦਰਅਸਲ ਖੁਦ ਸਾਡੇ ਸੰਧੀ ਸ਼ਬਦ ਦਾ ਸਜਾਤੀ ਹੈ। ਸੰਧੀ ਬਣਿਆ ਹੈ ਨਾਲ, ਸਾਥ ਦੇ ਅਰਥਾਂ ਵਾਲੇ ਅਗੇਤਰ 'ਸੰ' ਦੇ ਨਾਲ ਉਪਰੋਕਤ ਧਾਤੂ ਦੇ ਰੁਪਾਂਤਰ 'ਧੀ' ਜੋੜ ਕੇ ਅਰਥਾਤ ਦੋ ਜਾਂ ਵਧ ਜੁਜ਼ਾਂ ਦਾ ਇੱਕ ਥਾਂ ਧਰਿਆ ਜਾਣਾ, ਗਠਜੋੜ, ਸਮਝੌਤਾ। ਸੰਧਿਆ ਸ਼ਬਦ ਵੀ ਇਸੇ ਦਾ ਵਧਾਅ ਹੈ ਜਿਸ ਦਾ ਸ਼ਾਬਦਿਕ ਅਰਥ ਬਣਦਾ ਹੈ (ਦਿਨ ਅਤੇ ਰਾਤ ਦੇ) ਨਾਲੋ ਨਾਲ ਧਰੇ ਜਾਂ ਸਾਂਝੇ ਹੋਣ ਦਾ ਸਮਾਂ। ਪੰਜਾਬੀ ਵਿਚ ਕੰਧ ਪਾੜ ਕੇ ਕੀਤੀ ਜਾਂਦੀ ਚੋਰੀ ਲਈ ਵਰਤਿਆ ਜਾਂਦਾ ਸ਼ਬਦ ਸੰ੍ਹਨ ਵੀ ਏਥੇ ਥਾਂ ਸਿਰ ਹੈ। ਸੰ੍ਹਨ ਲਾਉਂਦਿਆਂ ਘਰ ਦੇ ਅੰਦਰ ਨਾਲ ਰਾਬਤਾ ਜੁੜਦਾ ਹੈ। ਹੋਰ ਦੇਖੋ, ਸੰ੍ਹਨੀ, ਇੱਕ ਹਥਿਆਰ ਜਿਸ ਨਾਲ ਅਸੀਂ ਚੀਜ਼ਾਂ ਚੁੱਕਦੇ ਹਾਂ। ਵਿਚਲਾ ਭਾਵ ਹੈ ਦੋ ਚੀਜ਼ਾਂ ਨੂੰ ਜੋੜਨਾ। ਇਹ ਵੀ ਸੰਸਕ੍ਰਿਤ ਸੰਧੀ ਦਾ ਹੀ ਵਿਗੜਿਆ ਰੂਪ ਹੈ। ਹੋਰ ਹਿੰਦ-ਯੂਰਪੀ ਭਾਸ਼ਾਵਾਂ ਜਿਵੇਂ ਲਿਥੂਏਨੀਅਨ, ਲਾਤੀਨੀ, ਰੂਸੀ, ਪੌਲਿਸ਼, ਜਰਮਨ ਵਿਚ ਵੀ ਇਸ ਭਾਰੋਪੀ ਮੂਲ ਤੋਂ ਢੇਰ ਸ਼ਬਦ ਬਣੇ ਹਨ।

## ਧੁੱਪ ਦੀ ਮਹਿਫਲ ਤੇ ਧੀਆਂ ਦੀ ਗੱਲ

(ਸਫ਼ਾ 15 ਦਾ ਬਾਕੀ)

ਧੁੱਪ ਦੀ ਏਸ ਮਹਿਫਲ ਵਿਚ ਪੰਜਾਬੀ ਸਾਹਿਤ ਕਲਾ ਸੰਸਾਰ ਦੀਆਂ ਚਾਰ ਨਾਮਵਰ ਹਸਤੀਆਂ ਨੂੰ ਸਨਮਾਨਤ ਵੀ ਕੀਤਾ ਗਿਆ ਜਿਨ੍ਹਾਂ ਵਿਚੋਂ ਤਿੰਨ ਭਾਰਤ ਨਿਵਾਸੀ ਹਨ ਤੇ ਇੱਕ ਕੈਨੇਡਾ ਦਾ ਵਸਨੀਕ ਹੋ ਚੁੱਕਿਆ ਕਵੀ ਅਜਮੇਰ ਰੋਡੇ। ਭਾਰਤ ਵਾਸੀਆਂ ਵਿਚ ਉਪਨਿਆਸਕਾਰ ਬਲਦੇਵ ਸਿੰਘ ਸੜਕਨਾਮਾ, ਪੱਤਰਕਾਰ ਤੇ ਨਾਵਲ ਨਵੀਸ ਬਲਬੀਰ ਪਰਵਾਨਾ ਅਤੇ ਫਿਲਮੀ ਦੁਨੀਆ ਵਾਲਾ ਗੁਰਵਿੰਦਰ ਸਿੰਘ ਸ਼ਾਮਲ ਹਨ।

ਇਸ ਵਾਰ ਦੀ ਮਿਲਣੀ ਦਾ ਸਿਹਰਾ ਨਵ-ਪ੍ਰਕਾਸ਼ਤ ਪੁਸਤਕਾਂ ਦੇ ਲੋਕ-ਅਰਪਣ ਦੇ ਸਿਰ ਸਜਿਆ ਜਦੋਂ ਲੋਕ ਅਰਪਣ ਹੋਈਆਂ ਦਰਜਨ ਪੁਸਤਕਾਂ ਵਿਚੋਂ ਇੱਕ ਪੁਸਤਕ ਸਿੱਖੀ ਧਾਰਨਾ ਨੂੰ ਪ੍ਰਣਾਈਆਂ ਸਿੱਖ ਇਸਤਰੀਆਂ ਦੀ ਦੇਣ ਨੂੰ ਉਜਾਗਰ ਕਰਨ ਵਾਲੀ ਸਾਹਮਣੇ ਆਈ। ਇਸ ਪੁਸਤਕ ਦੀ ਲੇਖਿਕਾ ਪਰਮਜੀਤ ਕੌਰ ਸਰਹਿੰਦ ਹੈ। ਧੀਆਂ ਧਿਆਣੀਆਂ ਦੀ ਗੱਲ ਵਿਚ ਗੁਲਬਦਨ ਬੇਗਮ ਦਾ ਨਾਂ ਵੀ ਆਇਆ ਜਿਸਨੇ ਆਪਣੇ ਭਰਾ ਤੇ ਮੁਗਲ ਬਾਦਸ਼ਾਹ ਹੁਮਾਯੂੰ ਦੀ ਜੀਵਨੀ ਹਮਾਂਯੂਨਾਮਾ ਲਿਖੀ ਸੀ। ਇਸਨੂੰ ਪੰਜਾਬੀ ਪਾਠਕਾਂ ਲਈ ਤਿਆਰ ਕਰਨ ਵਾਲੀ ਵੀ ਮਹਿਲਾ ਹੈ। ਸਵਰਨਜੀਤ ਕੌਰ ਸੰਮੀ। ਇਸ ਮਹਿਫਲ ਵਿਚ ਲੋਕ-ਅਰਪਣ ਹੋਈਆਂ ਹੋਰ ਪੁਸਤਕਾਂ ਵਿਚ ਧਰਮ ਸਿੰਘ ਕੰਮੇਆਣਾ ਦੀ 'ਕੋਸਾ ਪਾਣੀ', ਨਛੱਤਰ ਦੀ 'ਮੁਹਾਜ', ਬੂਟਾ ਸਿੰਘ ਚੌਹਾਨ ਦੀ 'ਮੇਰੇ ਤਿੰਨ ਨਾਵਲ', ਡਾ. ਨਰੇਸ਼ ਦੀ 'ਬੋਲ ਮਿੱਟੀ ਦਿਆ ਬਾਵਿਆ' ਅਤੇ ਮੋਨਿਕਾ ਦੇਵੀ ਰਚਿਤ 'ਆਪਣੀ ਹੋਂਦ ਦੀ ਭਾਲ ਵਿਚ ਸਿਮਰਨ' ਵੀ ਸਨ। ਅਮਰੀਕ ਸਿੰਘ ਦੀਪ ਰਚਿਤ 'ਵਿਸ਼ ਕੰਨਿਆ' (ਜਿਸਦਾ ਉਲੱਥਾ ਕੇਸਰਾ ਰਾਮ ਨੇ ਕੀਤਾ ਹੈ) ਤੇ ਆਵੀ ਯੋਰਿਸ਼ ਦੀ 'ਨਵੇਂ ਤੋਂ ਨਵੇਂ ਹੱਲ' ਵੀ ਲੋਕ ਅਰਪਣ ਹੋਈਆਂ।

ਇਨ੍ਹਾਂ ਪੁਸਤਕਾਂ ਵਿਚ ਚੰਦਰ ਮੋਹਨ ਦੀ ਉਲਥਾਈ 'ਲਿਖਤਮ ਸੁਖਬੀਰ' ਤੇ ਕੁਲਵੰਤ ਕੌਰ ਨਾਰੰਗ ਰਚਿਤ 'ਉਡੀਕ ਅਟਕ ਗਈ ਹੈ' (ਕਾਵਿ-ਸੰਗ੍ਰਹਿ), 'ਦਸਤਾਵੇਜ਼' (ਵਾਰਤਕ), ਨਾਸਿਰਾ ਸਰਮਾ ਦੀ ਸਾਹਿਤ ਅਕਾਡਮੀ ਪੁਰਸਕਾਰ ਜੇਤੂ 'ਚੰਨ ਤਾਰਿਆਂ ਦੀ ਸ਼ਤਰੰਜ' (ਅਨੁਵਾਦਕ ਮਨਜੀਤ ਸਿੰਘ) ਤੇ ਕੇ.ਐਲ. ਗਰਗ ਰਚਿਤ 'ਚੰਨ ਦਾ ਉਚੜਿਆ ਚਿਹਰਾ' ਸਮੇਤ ਨਿਰਵੈਰ ਸਿੰਘ ਦਾ 'ਬ੍ਰਹਮ ਸੂਤਰ ਬ੍ਰਹਮ ਵਿਚਾਰ' ਵੀ ਸ਼ਾਮਲ ਸਨ। ਰਣਜੀਤ ਕੌਰ ਦੀ 'ਜ਼ਿੰਦਗੀ' ਤੇ ਵਰਿਆਮ ਮਸਤ ਦੀ 'ਆਈ ਮੈਟ ਬਿਊਟੀਫ਼ਲ ਗਰਲਜ਼' ਸਮੇਤ 'ਮਾਰਫਤ ਦਿੱਲੀ' ਰਾਹੀਂ ਕ੍ਰਿਸ਼ਨਾ ਸੋਬਤੀ ਦੀਆਂ ਪੇਸ਼ ਕੀਤੀਆਂ 1947 ਦੀਆਂ ਅਭੁੱਲ ਯਾਦਾਂ ਵੀ ਪਾਠਕਾਂ ਦਾ ਮਨ ਮੋਹਣ ਵਾਲੀਆਂ ਹਨ। ਧੁੱਪ ਦੀ ਮਹਿਫਲ ਵਿਚ ਲੋਕ-ਅਰਪਣ ਹੋਈਆਂ ਇਨ੍ਹਾਂ ਪੁਸਤਕਾਂ ਦੀ ਵਿਲੱਖਣਤਾ ਅਤੇ ਗਿਣਤੀ ਬਿਜਲਈ ਮੀਡੀਆ ਨਾਲ ਆਢਾ ਲੈਣ ਵਾਲੀ ਸੀ। ਜਿਸ ਵਿਚ ਨਾਮਵਰ ਭੀਸ਼ਮ ਸਾਹਨੀ ਦੀ 'ਅੱਜ ਦੇ ਅਤੀਤ' (ਅਨੁਵਾਦਕਾ ਜਸਵਿੰਦਰ ਕੌਰ ਵੀਨੂੰ) ਹੀ ਨਹੀਂ ਰੂਪ ਸਿੰਘ ਦੀ 'ਜੇਬ ਵਿਚਲਾ ਬ੍ਰਹਿਮੰਡ', ਵੀ ਸ਼ਾਮਲ ਸਨ।

ਮਿੱਤਰਾਂ ਦੀ ਆਮਦ ਤੇ ਪ੍ਰਧਾਨਗੀ ਭਾਸ਼ਣ ਵਿਚ ਧੀਆਂ ਦੇ ਮਾਣ-ਸਤਿਕਾਰ ਤੋਂ ਬਿਨਾ ਨਵ-ਪ੍ਰਕਾਸ਼ਤ ਪੁਸਤਕਾਂ ਦੇ ਲੋਕ-ਅਰਪਣ ਨੇ ਇਸਨੂੰ ਸੱਚਮੁਚ ਹੀ ਯਾਦਗਾਰੀ ਬਣਾ ਦਿੱਤਾ। ਧੁੱਪ ਦੀ ਮਹਿਫਲ ਸਦਾ ਲਗਦੀ ਰਹੇ। ਲਾਉਣ ਵਾਲਿਆਂ ਦਾ ਉਚੇਚਾ ਧੰਨਵਾਦ!!

### *ਖੇਤੀਬਾੜੀ ਯੂਨੀਵਰਸਟੀ ਵਿਚ ਸੁਰਜੀਤ ਪਾਤਰ ਚੇਅਰ ਦੀ ਸਥਾਪਨਾ*

ਪੰਜਾਬ ਐਗਰੀਕਲਚਰਲ ਯੂਨੀਵਰਸਟੀ ਲੁਧਿਆਣਾ ਨੇ ਸੁਰਜੀਤ ਪਾਤਰ ਚੇਅਰ ਸਥਾਪਤ ਕਰਕੇ ਵਿਛੜੀ ਰੂਹ ਦਾ ਮਾਣ ਵਧਾਉਣ ਤੋਂ ਬਿਨਾ ਪੰਜਾਬੀ ਸਾਹਿਤ ਤੇ ਸਭਿਆਚਾਰ ਨੂੰ ਵੀ ਸਨਮਾਨਿਆ ਹੈ। ਮੇਰੇ ਲਈ ਤਾਂ ਇਹ ਗੱਲ ਵੀ ਖ਼ੁਸ਼ੀ ਵਾਲੀ ਹੈ ਕਿ ਇਸ ਚੇਅਰ ਦੀ ਪ੍ਰਥਮ ਚੇਅਰਪਰਸਨ ਦਾ ਮਾਣ ਯੂਨੀਵਰਸਿਟੀ ਦੇ ਉਸ ਸੰਚਾਰ ਕੇਂਦਰ ਦੀ ਮੁਖੀ (ਜਗਦੀਸ਼ ਕੌਰ) ਨੂੰ ਦਿੱਤਾ ਗਿਆ ਹੈ ਜਿਸਦਾ ਕਦੀ ਮੈਂ ਵੀ ਮੁਖੀ ਰਿਹਾ ਤੇ ਮੇਰੇ ਨਾਲੋਂ ਵੱਡਾ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਵੀ। ਸੁਰਜੀਤ ਪਾਤਰ ਤਾਂ ਹੈ ਈ ਏਸ ਸ਼ਹਿਰ ਦਾ ਸੀ। ਯੂਨੀਵਰਸਿਟੀ ਦਾ ਵਾਈਸ ਚਾਂਸਲਰ ਸਤਿਬੀਰ ਸਿੰਘ ਗੋਸਲ ਇਸ ਪਹਿਲ ਕਦਮੀ ਲਈ ਉਚੇਚੀ ਸ਼ਲਾਘਾ ਦਾ ਹੱਕਦਾਰ ਹੈ।



#### *ਅੰਤਿਕਾ*

ਸੁਰਜੀਤ ਪਾਤਰ॥
ਰਬਾਬ ਹੋਵੇ ਕਿ ਤੇਗ ਹੋਵੇ,
ਕਮਾਨ ਹੋਵੇ ਕਿ ਤੀਰ ਹੋਵੇ।
ਮੈਂ ਉਸਦੇ ਸਦਕੇ ਹਜ਼ਾਰ ਵਾਰੀ,
ਜੇ ਉਹ ਤਿਹਾਏ ਦਾ ਨੀਰ ਹੋਵੇ।
ਕਿਹਾ ਸੀ ਮੈਨੂੰ ਇਹ ਮੇਰੇ ਰਹਿਬਰ,
ਹਰੇਕ ਚਾਨਣ ਨੂੰ ਦੇਵੀਂ ਆਦਰ।
ਉਹ ਸ਼ੇਖ ਸਫੀ ਫਰੀਦ ਹੋਵੇ,
ਕਿ ਸੰਤ ਸਾਈਂ ਕਬੀਰ ਹੋਵੇ।
ਅਸਾਂ ਜੋ ਪੱਥਰ ਸੀ ਜਲ ਨੂੰ ਮਾਰੇ,
ਉਹ ਆਪਣੀ ਤਹਿ 'ਚ ਸਮੋਏ ਸਾਰੇ।
ਉਹ ਜਲ ਹੀ ਕੀ ਹੈ ਕਿ ਜਿਸ ਦੇ ਤਲ 'ਤੇ,
ਨਿਸ਼ਾਨ ਰਹਿ ਜਾਏ, ਲਕੀਰ ਹੋਵੇ।

# ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹਿਣ ਵਾਲਾ ਬੰਦਾ ਸੀ ਹਰੀ ਦਾਸ ਖਲਵਾੜਾ

ਹਰਦਿਆਲ ਸਿੰਘ ਥੂਹੀ
84271-00341



'ਤੂੰਬੇ ਜੋੜੀ' ਦੀ ਗਾਇਕੀ ਦੇ ਭੰਡਾਰ ਨੂੰ ਪ੍ਰਫੁੱਲਿਤ ਕਰਨ ਵਿਚ ਦੁਆਬਾ ਖੇਤਰ ਦੇ ਰਾਗੀਆਂ (ਗਾਇਕਾਂ) ਦਾ ਵਡਮੁੱਲਾ ਯੋਗਦਾਨ ਰਿਹਾ ਹੈ। ਜ਼ਿਲ੍ਹਾ ਜਲੰਧਰ ਤੋਂ ਲੈ ਕੇ ਧੁਰ ਹੁਸ਼ਿਆਰਪੁਰ ਤੱਕ ਇਸ ਗਾਇਕੀ ਨਾਲ ਸੰਬੰਧਤ ਗਾਇਕਾਂ ਦੀ ਸੂਚੀ ਵਿਚ ਅਨੇਕਾਂ ਨਾਂ ਸ਼ਾਮਲ ਰਹੇ ਹਨ। ਦੇਸ ਵੰਡ ਸਮੇਂ ਪਹਿਲੀ ਪੀੜ੍ਹੀ ਦੇ ਮੋਢੀ ਮੁਸਲਮਾਨ ਗਾਇਕ ਪਾਕਿਸਤਾਨ ਚਲੇ ਗਏ। ਏਧਰ ਰਹੇ ਸਿੱਖ ਅਤੇ ਹਿੰਦੂ ਗਾਇਕਾਂ ਵਿਚੋਂ ਰਾਵਾਂ ਖੇਲਾ ਵਾਲਾ ਕਾਕਾ (ਬਸੰਤ ਸਿੰਘ) ਸਭ ਤੋਂ ਸੀਨੀਅਰ ਸੀ। ਅੱਗੇ ਉਸਦੇ ਅਨੇਕਾਂ ਚੇਲੇ, ਪੋਤੇ ਚੇਲੇ ਅਤੇ ਪੜਪੋਤੇ ਚੇਲੇ ਹੋਏ। ਏਸੇ ਲੜੀ ਵਿਚੋਂ ਹੀ ਹੋਇਆ ਹੈ **ਰਾਗੀ ਹਰੀ ਦਾਸ ਖਲਵਾੜਾ।**

ਹਰੀ ਦਾਸ ਦਾ ਜਨਮ ਜਲੰਧਰ ਜ਼ਿਲ੍ਹੇ ਦੀ ਤਹਿਸੀਲ ਬੰਗਾ ਦੇ ਪਿੰਡ ਲਿੱਦੜ ਕਲਾਂ ਵਿਖੇ ਪਿਤਾ ਸ੍ਰੀ ਪੂਰਨ ਚੰਦ ਦੇ ਘਰ ਮਾਤਾ ਈਸਰੀ ਦੀ ਕੁੱਖੋਂ ਹੋਇਆ। ਪਾਸਪੋਰਟ ਅਨੁਸਾਰ ਉਸਦੀ ਜਨਮ ਮਿਤੀ 13 ਜੂਨ 1933 ਹੈ। ਮਾਪਿਆਂ ਦੀਆਂ ਪੰਜ ਔਲਾਦਾਂ ਤਿੰਨ ਪੁੱਤਰਾਂ ਅਤੇ ਦੋ ਧੀਆਂ ਵਿਚੋਂ ਹਰੀ ਦਾਸ ਸਾਰਿਆਂ ਤੋਂ ਵੱਡਾ ਸੀ। ਭਰਾਵਾਂ ਦੇ ਨਾਂ ਸੰਤ ਰਾਮ ਤੇ ਗੁਰਮੀਤ ਰਾਮ ਸਨ। ਪਰਵਾਰ ਦਾ ਜੱਦੀ ਪੁਸ਼ਤੀ ਕਿੱਤਾ ਖੱਡੀ ਬੁਣਨਾ ਸੀ,ਪਰੰਤੂ ਪੂਰਨ ਚੰਦ ਨੇ ਖੱਡੀ ਦਾ ਕੰਮ ਛੱਡ ਕੇ ਕੱਪੜਾ ਵੇਚਣ ਦਾ ਕੰਮ ਸ਼ੁਰੂ ਕਰ ਲਿਆ। ਉਹ ਫਿਰ-ਤੁਰਕੇ ਕੱਪੜਾ (ਖੱਦਰ) ਵੇਚਦਾ ਸੀ ਅਤੇ ਦੂਰ ਦੂਰ ਤੱਕ ਜਾਂਦਾ ਸੀ। ਉਹ ਚਾਹੁੰਦਾ ਸੀ ਕਿ ਅੱਗੇ ਉਸਦੇ ਬੱਚੇ ਪੜ੍ਹ ਲਿਖ ਜਾਣ। ਹਰੀ ਦਾਸ ਪੜ੍ਹਾਈ ਵਿਚ ਹੁਸ਼ਿਆਰ ਸੀ। 1949 ਵਿਚ ਉਸਨੇ ਸਰਹਾਲ ਕਾਜ਼ੀਆਂ ਦੇ ਸਕੂਲ ਤੋਂ ਅੱਠਵੀਂ ਪਾਸ ਕੀਤੀ। ਪੜ੍ਹਾਈ ਦੌਰਾਨ ਹੀ ਉਸਨੂੰ ਸਕੂਲ ਦੀ ਬਾਲ ਸਭਾ ਵਿਚ ਕਵਿਤਾਵਾਂ ਪੜ੍ਹਨ ਕਾਰਨ ਗਾਇਕੀ ਦੀ ਚੇਟਕ ਲੱਗ ਗਈ। ਛਿੰਝਾਂ-ਮੇਲਿਆਂ 'ਤੇ ਲਗਦੇ ਗਵੰਤਰੀਆਂ ਦੇ ਅਖਾੜਿਆਂ ਵਿਚੋਂ 'ਤੂੰਬੇ ਜੋੜੀ' ਦੇ ਗਾਇਕਾਂ ਨੇ ਉਸਨੂੰ ਬਹੁਤ ਪ੍ਰਭਾਵਿਤ ਕੀਤਾ। ਵਾਹ ਲਗਦੀ ਉਹ ਨੇੜੇ ਤੇੜੇ ਦੇ ਮੇਲਿਆਂ 'ਤੇ ਉਨ੍ਹਾਂ ਨੂੰ ਸੁਣਨ ਜ਼ਰੂਰ ਪਹੁੰਚਦਾ। ਤੇਜ਼ ਬੁੱਧੀ ਦਾ ਹੋਣ ਕਾਰਨ ਉਨ੍ਹਾਂ ਨੂੰ ਸੁਣ ਸੁਣਕੇ ਹਰੀ ਦਾਸ ਨੂੰ ਬਹੁਤ ਸਾਰਾ 'ਗੌਣ' ਯਾਦ ਹੋ ਗਿਆ। ਉਹ ਹਰ ਵੇਲੇ ਕੁਝ ਨਾ ਕੁੱਝ ਗੁਣ-ਗੁਣਾਉਂਦਾ ਰਹਿੰਦਾ। ਗਾਉਣ ਵੱਲ ਉਸਦਾ ਰੁਝਾਨ ਦੇਖਕੇ ਘਰਦਿਆਂ ਨੇ ਉਸਨੂੰ ਇਨ੍ਹਾਂ ਪੁੱਠੇ ਕੰਮਾਂ ਤੋਂ ਵਰਜਿਆ ਅਤੇ ਕੋਈ ਕੰਮ ਕਾਰ ਕਰਨ ਲਈ ਕਿਹਾ। ਪਰੰਤੂ ਉਸਦੇ ਸਿਰ 'ਤੇ ਤਾਂ ਗਾਇਕੀ ਦਾ ਭੂਤ ਸਵਾਰ ਸੀ, ਸੋ ਉਹ ਘਰੋਂ ਭਗੌੜਾ ਹੋ ਗਿਆ। ਰਾਵਾਂ ਖੇਲਾ ਵਾਲੇ ਪ੍ਰਸਿੱਧ ਰਾਗੀ ਦਰਸ਼ਨ ਸਿੰਘ ਦੇ ਚਰਨੀ ਜਾ ਲੱਗਾ। ਕਈ ਸਾਲ ਉਸਤਾਦ ਦੀ ਸੰਗਤ ਕੀਤੀ। ਏਥੇ ਹੀ ਉਸਦਾ ਮੇਲ ਕਈ ਪ੍ਰਸਿੱਧ ਰਾਗੀਆਂ ਨਾਲ ਹੋਇਆ। ਚੌਧਰੀ ਭਗਤ ਰਾਮ ਜੋ ਵੰਡ ਤੋਂ ਬਾਅਦ ਵੀ ਪਾਕਿਸਤਾਨ ਆਉਂਦਾ ਜਾਂਦਾ ਰਹਿੰਦਾ ਸੀ, ਨੇ ਏਧਰੋਂ ਲਹਿੰਦੇ ਪੰਜਾਬ ਗਏ ਰਾਗੀਆਂ ਪਾਸੋਂ ਰਾਗ ਦੀਆਂ ਕਾਪੀਆਂ ਉਸਨੂੰ ਲਿਆ ਕੇ ਦਿੱਤੀਆਂ। ਇਸ ਤਰ੍ਹਾਂ ਉਸਨੇ ਵਿਧੀਵਤ ਬਹੁਤ ਸਾਰਾ ਰਾਗ 'ਕੰਠ' ਕਰ ਲਿਆ।

ਪੱਕੇ ਪੈਰੀਂ ਹੋ ਕੇ ਅਤੇ ਉਸਤਾਦ ਤੋਂ ਆਸ਼ੀਰਵਾਦ ਲੈ ਕੇ ਹਰੀ ਦਾਸ ਨੇ ਆਪਣੇ ਪਿੰਡ ਲਿੱਦੜਾਂ ਦੇ ਸ਼ੰਕਰ ਦਾਸ ਅਤੇ ਅਮਰ ਚੰਦ ਨਾਲ ਜੁੱਟ ਬਣਾਕੇ ਪ੍ਰੋਗਰਾਮ ਕਰਨੇ ਸ਼ੁਰੂ ਕਰ ਦਿੱਤੇ। ਸ਼ੁਰੂ ਵਿਚ ਉਹ ਨੇੜੇ ਤੇੜੇ ਦੇ ਮੇਲਿਆਂ 'ਤੇ ਜਾਣ ਲੱਗ ਪਏ। ਆਵਾਜ਼ ਤਾਂ ਹਰੀ ਦਾਸ ਦੀ ਸੁਰੀਲੀ ਸੀ ਹੀ, ਇਸਦੇ ਨਾਲ ਨਾਲ ਉਸਦੇ ਪੇਸ਼ਕਾਰੀ ਦੇ ਅੰਦਾਜ਼ ਨੂੰ ਸਰੋਤਿਆਂ ਨੇ ਬਹੁਤ ਪਸੰਦ ਕੀਤਾ। ਛੇਤੀ ਹੀ ਆਲੇ ਦੁਆਲੇ ਵਿਚ ਉਨ੍ਹਾਂ ਦੀ ਚੰਗੀ ਪਰਚੋਂ ਪੈ ਗਈ। ਨਤੀਜੇ ਵਜੋਂ ਉਨ੍ਹਾਂ ਨੂੰ ਦੂਰੋਂ ਦੂਰੋਂ ਪ੍ਰੋਗਰਾਮਾਂ ਦੇ ਸੱਦੇ ਆਉਣ ਲੱਗ ਪਏ। ਹੌਲੀ ਹੌਲੀ ਹਰੀ ਦਾਸ ਆਪ ਕਵਿਤਾ ਵੀ ਰਚਣ ਲੱਗ ਪਿਆ। ਹੁਣ ਉਹ ਅਖਾੜਿਆਂ ਵਿਚ ਜ਼ਿਆਦਾਤਰ ਆਪਣੀ ਹੀ ਰਚਨਾ ਗਾਉਂਦਾ ਸੀ। ਚੰਗਾ ਨਾਂ ਬਣਨ ਤੋਂ ਬਾਅਦ ਉਸਦੇ ਜੁੱਟ ਵਿਚ ਚੱਕ ਰਾਮੂ ਵਾਲਾ ਪਰਗਣ 'ਜੋੜੀ' ਵਾਦਕ ਅਤੇ ਸੂਰਾ ਪੁਰ ਸੁਜੋਂ ਵਾਲਾ ਸੋਹਣ ਲਾਲ 'ਤੂੰਬਾ' ਵਾਦਕ ਵਜੋਂ ਸ਼ਾਮਲ ਹੋ ਗਏ।



ਹਰੀ ਦਾਸ ਹਰ ਸਮੇਂ ਆਪਣੇ ਕੋਲ ਕਾਪੀ ਪੈੱਨ ਰੱਖਦਾ ਸੀ। ਜਦੋਂ ਵੀ ਕਿਤੇ ਉਸਨੂੰ ਕੁੱਝ ਫੁਰਦਾ ਉਹ ਆਪਣੀ ਕਾਪੀ 'ਤੇ ਲਿਖ ਲੈਂਦਾ। ਏਥੋਂ ਤੱਕ ਕਿ ਕਈ ਵਾਰ ਰਾਤਾਂ ਨੂੰ ਉੱਠ ਉੱਠ ਕੇ ਵੀ ਲਿਖਣ ਲੱਗ ਜਾਂਦਾ। ਲਿਖਦਾ ਉਹ ਸਭ ਕੁਛ ਉਰਦੂ (ਫਾਰਸੀ ਅੱਖਰ) ਵਿਚ ਸੀ। ਕਵਿਤਾ ਰਚਣ ਵਿਚ ਉਸਦੀ ਮੁਹਾਰਤ ਏਨੀ ਹੋ ਗਈ ਸੀ ਕਿ ਉਹ ਕਿਸੇ ਘਟਨਾ ਬਾਰੇ ਮੌਕੇ 'ਤੇ ਛੰਦ ਬਣਾ ਦਿੰਦਾ ਸੀ ਭਾਵ 'ਡੀਠ ਵਰਣਨ' ਕਰ ਦਿੰਦਾ ਸੀ। ਇਸੇ ਗੁਣ ਸਦਕਾ ਉਹ ਖਲਵਾੜਾ ਨਿਵਾਸੀ ਬਣਿਆ। ਘਟਨਾ ਇਉਂ ਵਾਪਰੀ, 1969 ਵਿਚ ਖਲਵਾੜੇ ਉਹ ਪ੍ਰੋਗਰਾਮ 'ਤੇ ਆਇਆ ਹੋਇਆ ਸੀ। ਕੁਦਰਤੀ ਉਸੇ ਦਿਨ ਡਿਪਟੀ ਕਮਿਸ਼ਨਰ, ਕਪੂਰਥਲਾ ਸ੍ਰੀ ਚਰਨ ਦਾਸ ਸਿੱਧੂ ਨੇ ਵੀ ਏਥੇ ਆਉਣਾ ਸੀ। ਸਟੇਜ ਸਕੱਤਰ ਕੋਈ ਹੈ ਨਹੀਂ ਸੀ। ਪਿੰਡ ਵਾਲਿਆਂ ਨੇ ਹਰੀ ਦਾਸ ਨੂੰ ਹੀ ਡੀ.ਸੀ. ਸਾਹਿਬ ਦਾ ਸਵਾਗਤ ਕਰਨ ਲਈ ਸਟੇਜ 'ਤੇ ਚਾੜ੍ਹ ਦਿੱਤਾ। ਹਰੀ ਦਾਸ ਨੇ ਮੌਕੇ 'ਤੇ ਹੀ ਛੰਦਾ ਬੰਦੀ ਵਿਚ ਡੀ.ਸੀ. ਸਾਹਿਬ ਦਾ ਅਜਿਹਾ ਸ਼ਾਨਦਾਰ ਸਵਾਗਤ ਕੀਤਾ ਕਿ ਉਸਨੇ ਖੁਸ਼ ਹੋ ਕੇ ਹਰੀ ਦਾਸ ਨੂੰ ਪੰਜ ਵਿੱਘੇ ਜ਼ਮੀਨ ਇਨਾਮ ਵਜੋਂ ਖਲਵਾੜੇ ਹੀ ਦੇ ਦਿੱਤੀ। ਇਹ ਇੱਕ ਗਾਇਕ ਅਤੇ ਸ਼ਾਇਰ ਦਾ ਵੱਡਾ ਸਨਮਾਨ ਸੀ। ਇਸ ਤਰ੍ਹਾਂ ਹਰੀ ਦਾਸ ਪੱਕੇ ਤੌਰ 'ਤੇ ਖਲਵਾੜਾ ਵਾਸੀ ਬਣ ਗਿਆ।

ਹਰੀ ਦਾਸ ਨੇ ਅਲੱਗ ਅਲੱਗ ਛੰਦਾਂ ਵਿਚ ਬਹੁਤ ਸਾਰੀ ਕਵਿਤਾ ਰਚੀ। ਉਸਨੇ ਕੁੱਝ ਪੂਰੀਆਂ ਲੜੀਆਂ ਤੋਂ ਇਲਾਵਾ ਅਣਗਿਣਤ ਰੰਗ ਲਿਖੇ। ਇਨ੍ਹਾਂ ਵਿਚ ਇਸ਼ਕ ਹਕੀਕੀ ਨਾਲ ਸੰਬੰਧਤ ਵੀ ਹਨ ਅਤੇ ਇਸ਼ਕ ਮਜਾਜ਼ੀ ਨਾਲ ਵੀ। ਡਾ. ਹਰਨੇਕ ਸਿੰਘ ਹੇਅਰ ਨੇ ਆਪਣੀ ਸੰਪਾਦਿਤ ਪੁਸਤਕ 'ਲੋਕ ਕਾਵਿ-ਰੂਪ : ਰੰਗ (ਸੰਪਾਦਨ ਤੇ ਸਮੀਖਿਆ) ਵਿਚ ਹਰੀ ਦਾਸ ਦੇ ਕੁੱਲ ਛੇ ਰੰਗ ਸੰਮਿਲਤ ਕੀਤੇ ਹਨ, ਜੋ ਸਾਰੇ ਸੂਫ਼ੀ ਰੰਗਤ ਵਾਲੇ ਹਨ। ਉਸਦੇ ਪ੍ਰੀਤ ਗਾਥਾਵਾਂ ਨਾਲ ਸੰਬੰਧਤ ਰੰਗਾਂ ਨੂੰ ਇਕੱਤਰ ਕਰਕੇ ਸਾਂਭਣਾ ਬਹੁਤ ਜ਼ਰੂਰੀ ਹੈ। ਇਨ੍ਹਾਂ ਵਿਚੋਂ ਕੁਝ ਉਦਾਹਰਣਾਂ ਨਮੂਨੇ ਵਜੋਂ ਪੇਸ਼ ਹਨ:

* ਇਕ ਵਾਰੀ ਮਿਲਜਾ ਆ ਕੇ ਕਰਮਾਂ ਮਾਰੀ ਨੂੰ।
ਦੱਸਾਂ ਵਿਛੋੜੇ ਵਾਲੀ ਹਕੀਕਤ ਸਾਰੀ ਨੂੰ।
ਕਤੇ ਮਿਲ ਖਲਵਾੜੇ ਵਾਲਿਆ, ਔਂਸੀਆਂ ਪਾਵਾਂ ਮੈਂ।
ਕੋਠੇ ਚੜ੍ਹ ਹਰੀ ਦਾਸ ਵੇ ਕਾਗ ਉਡਾਵਾਂ ਮੈਂ।
ਨਜ਼ਰ ਨ੍ਹੀ ਆਉਂਦਾ ਰੋਵਾਂ ਕਿਸਮਤ ਮਾੜੀ ਨੂੰ।
ਇੱਕ ਵਾਰੀ ਮਿਲਜਾ ਆਕੇ ਵੇ ਦਰਦਾਂ ਮਾਰੀ ਨੂੰ।
(ਸਾਹਿਬਾਂ ਦੀ ਚਿੱਠੀ)

ਵਾਰਿਸ ਸ਼ਾਹ ਦੀ ਹੀਰ ਪੰਜਾਬੀ ਕਿੱਸਾ-ਕਾਵਿ ਦੇ ਵਿਚ ਸ਼ਾਹਕਾਰ ਰਚਨਾ ਹੈ। ਉਸਦੇ ਬਰਾਬਰ ਦੀ ਕੋਈ ਹੋਰ ਰਚਨਾ ਨਹੀਂ, ਪਰੰਤੂ ਹਰੀ ਦਾਸ ਨੇ ਵੀ ਆਪਣੀ 'ਹੀਰ' ਵਿਚ ਕਮਾਲ ਦੇ ਬੰਦ ਲਿਖੇ ਹਨ।

ਏਸੇ ਤਰ੍ਹਾਂ ਕੁੱਝ ਹੋਰ 'ਰੰਗਾਂ' ਦੇ ਨਮੂਨੇ:-

* ਤੂੰ ਜੀਹਦਾ ਘਰ ਪੁੱਛਦੀ,
ਮੈਂ ਕੀ ਦੱਸਾਂ ਕਿੱਥੇ ਵੱਸਦਾ।

* ਜ਼ੋਰਾਵਰਾਂ ਦੇ ਨਾਲ ਮੁਕਾਬਲਾ ਕੀ,
ਆਸ਼ਕ ਮਾਰ ਕੂਕਾਂ ਢੇਰੀ ਢਾਹ ਚੱਲੇ।

* ਉਹਨੂੰ ਯਾਰ ਗਰੀਬੀ ਕਾਹਦੀ ਆ,
ਜਿਹਦਾ ਸੋਹਣਾ ਪੀਰ ਅਮੀਰ ਹੋਵੇ।
ਉਹ ਦਰ-ਦਰ ਠੋਕਰ ਕਿਉਂ ਖਾਵੇ,
ਜਿਹਦਾ ਕਾਮਲ ਮੁਰਸ਼ਦ ਪੀਰ ਹੋਵੇ।

* ਇਹ ਤਾਂ ਸਸਤਾ ਈ ਸੌਦਾ ਸਿਰ ਬਦਲੇ,
ਮੁਰਸ਼ਦ ਦਾ ਨਜ਼ਾਰਾ ਕੀ ਮਹਿੰਗਾ।
ਜੇ ਰੁੱਸਿਆ ਮੰਨ ਜਾਏ ਪੀਰ ਤੇਰਾ,
ਸੂਲੀ ਦਾ ਹੁਲਾਰਾ ਕੀ ਮਹਿੰਗਾ।

ਹਰੀ ਦਾਸ ਦੀ ਮਕਬੂਲੀਅਤ ਦਾ ਪਤਾ ਇਸ ਗੱਲ ਤੋਂ ਵੀ ਲੱਗਦਾ ਹੈ ਕਿ ਉਸਨੂੰ ਲਹਿੰਦੇ ਪੰਜਾਬ ਵਿਚ ਵੀ ਸੁਣਿਆ ਜਾਂਦਾ ਹੈ। ਓਧਰ ਦੇ ਇੱਕ ਯੂ-ਟਿਊਬ ਚੈਨਲ 'ਲੋਕ ਰੰਗ ਪੰਜਾਬ ਦਾ' ਉਤੇ ਉਸਦੀਆਂ ਗਾਈਆਂ ਕੁੱਝ ਗਾਥਾਵਾਂ ਦੀਆਂ ਵੀਡੀਓ ਸੁਣੀਆਂ ਦਿੱਖੀਆਂ ਜਾ ਸਕਦੀਆਂ ਹਨ। ਜਿਨ੍ਹਾਂ ਵਿਚ ਪੂਰਨ ਭਗਤ, ਹੀਰ ਰਾਂਝਾ, ਸੱਸੀ, ਲੈਲਾ ਮਜਨੂੰ ਆਦਿ ਸ਼ਾਮਲ ਹਨ। ਏਸੇ ਤਰ੍ਹਾਂ ਰਾਗੀ ਰਾਮ ਲਾਲ ਜੌਹਲਾਂ ਦੇ ਪੁੱਤਰ ਮਨਜੀਤ ਬੱਗਾ ਨੇ 2013 ਵਿਚ ਹਰੀ ਦਾਸ, ਰਾਮ ਲਾਲ, ਲਸ਼ਕਰੀ ਰਾਮ, ਕਰਤਾਰ ਚੰਦ ਦੀ ਵਿਸ਼ੇਸ਼ ਤੌਰ 'ਤੇ ਆਪਣੇ ਘਰ ਰਿਕਾਰਡਿੰਗ ਕਰਵਾਈ। ਇਹ ਸਾਰੇ ਦੇ ਸਾਰੇ ਹੁਣ ਇਸ ਦੁਨੀਆਂ 'ਤੇ ਨਹੀਂ ਰਹੇ। ਪਰੰਤੂ ਇਹ ਰਿਕਾਰਡਿੰਗ 'ਮਨਜੀਤ ਬੱਗਾ ਯੂ-ਟਿਊਬ ਚੈਨਲ' ਉਤੇ ਸੁਣੀ ਜਾ ਸਕਦੀ ਹੈ।

ਸਮੇਂ ਸਮੇਂ 'ਤੇ ਹਰੀ ਦਾਸ ਦੇ ਜੁੱਟ ਵਿਚ ਬਹੁਤ ਸਾਰੇ ਸਾਥੀ ਆਉਂਦੇ ਤੇ ਜਾਂਦੇ ਰਹੇ। ਜ਼ਿਆਦਾਤਰ ਉਹ ਉਨ੍ਹਾਂ ਸਾਥੀਆਂ ਨੂੰ ਹੀ ਨਾਲ ਰੱਖਦਾ ਸੀ, ਜੋ ਨਸ਼ਾ ਪੱਤਾ ਨਹੀਂ ਕਰਦੇ ਸਨ, ਕਿਉਂਕਿ ਉਹ ਆਪ ਵੀ ਕਿਸੇ ਪ੍ਰਕਾਰ ਦਾ ਨਸ਼ਾ ਨਹੀਂ ਸੀ ਕਰਦਾ। ਉਸਦੇ ਸਾਥੀਆਂ ਵਿਚ ਗੁਰਮੇਲ ਗੇਲੂ ਭਾਰ ਸਿੰਘ ਪੁਰੇ ਵਾਲਾ, ਜੰਗੀਰੀ ਕਰਿਆਮ ਵਾਲਾ, ਕਸ਼ਮੀਰਾ ਮੀਰਪੁਰ ਲੱਖੇ ਵਾਲਾ, ਰਾਮ ਲਾਲ ਜੌਹਲਾਂ ਵਾਲਾ, ਹਰੀ ਰਾਮ ਹੰਬੜਾਂ ਵਾਲਾ, ਜੰਗੀਰ ਸਿੰਘ ਭੂੰਦੜੀ ਵਾਲਾ ਆਦਿ ਸ਼ਾਮਲ ਰਹੇ। ਅਖੀਰਲੇ ਸਮੇਂ ਜੰਗੀਰ ਸਿੰਘ ਭੂੰਦੜੀ ਵਾਲਾ ਤੂੰਬਾ ਵਾਦਕ ਅਤੇ ਪਰਗਣ ਰਾਮੂ ਚੱਕ ਵਾਲਾ ਜੋੜੀ ਵਾਦਕ ਨੇ ਕਈ ਸਾਲ ਉਸਦਾ ਸਾਥ ਨਿਭਾਇਆ।

## ਕਲਾ ਪਰਿਕਰਮਾ

ਹਰੀ ਦਾਸ ਨੇ ਆਪਣੇ ਜੀਵਨ ਵਿਚ ਬਹੁਤ ਸਾਰੀ ਰਚਨਾ ਕੀਤੀ। ਇਸ ਵਿਚੋਂ ਕੇਵਲ ਛੇ ਰੰਗ ਹੀ ਪ੍ਰਕਾਸ਼ਿਤ ਹਨ, ਬਾਕੀ ਸਾਰੀ ਦੀ ਸਾਰੀ ਰਚਨਾ ਅਪ੍ਰਕਾਸ਼ਿਤ ਹੀ ਹੈ। ਉਸਦੇ ਪੁੱਤਰ ਦਾਤਾਰ ਚੰਦ ਪੱਪੂ ਨੇ ਦੱਸਿਆ ਕਿ ਉਸਦੀਆਂ ਡਾਇਰੀਆਂ ਅਤੇ ਕਾਪੀਆਂ 'ਤੇ ਉਰਦੂ ਵਿਚ ਹੀ ਲਿਖਿਆ ਹੋਇਆ ਹੈ, ਜਿਸਨੂੰ ਉਹ ਪੜ੍ਹ ਨਹੀਂ ਸਕਦੇ।

ਹਰੀ ਦਾਸ ਦਾ ਵਿਆਹ ਬਚਪਨ ਵਿਚ ਛੇ-ਸੱਤ ਸਾਲ ਦੀ ਉਮਰ ਵਿਚ ਹੀ ਹੋ ਗਿਆ ਸੀ, ਪਰੰਤੂ ਮੁਕਲਾਵਾ 1948 ਵਿਚ ਆਇਆ। ਉਸਦੀ ਜੀਵਨ ਸਾਥਣ ਬਣੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਰਹੱਲੀ ਨਿਵਾਸੀ ਸੰਗੂ ਰਾਮ ਅਤੇ ਹਰੋ ਰਾਣੀ ਦੀ ਧੀ ਪ੍ਰਸਿੰਨੀ। ਇਸ ਜੋੜੇ ਦੇ ਘਰ ਚਾਰ ਪੁੱਤਰਾਂ ਅਤੇ ਤਿੰਨ ਧੀਆਂ ਨੇ ਜਨਮ ਲਿਆ। ਸਾਰੇ ਆਪੋ ਆਪਣੀ ਥਾਂ ਸੈੱਟ ਹਨ। ਪੁੱਤਰਾਂ ਓਮ ਪ੍ਰਕਾਸ਼, ਦਾਤਾਰ ਚੰਦ, ਗੁਰਮੇਲ ਅਤੇ ਗੁਰਪਾਲ ਵਿਚੋਂ ਕੋਈ ਵੀ ਆਪਣੇ ਪਿਉ ਦੇ ਨਕਸ਼ੇ ਕਦਮਾਂ 'ਤੇ ਨਹੀਂ ਤੁਰਿਆ। ਹਰੀ ਦਾਸ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹਿਣ ਵਾਲਾ ਬੰਦਾ ਸੀ। ਉਹ ਬਿਲਕੁੱਲ ਤੰਦਰੁਸਤ ਸੀ ਜਦੋਂ ਚਾਰ ਜੁਲਾਈ 2015 ਨੂੰ ਉਸਨੇ ਆਪਣੇ ਸਾਰੇ ਟੱਬਰ ਨੂੰ ਆਪਣੇ ਕੋਲ ਇਕੱਠਾ ਕਰ ਲਿਆ ਅਤੇ ਸਾਰਿਆਂ ਨਾਲ ਗੱਲਾਂ ਬਾਤਾਂ ਕੀਤੀਆਂ। ਉਸਦੇ ਪੁੱਤਰ ਦਾਤਾਰ ਚੰਦ ਪੱਪੂ ਦੇ ਦੱਸਣ ਅਨੁਸਾਰ ਇਉਂ ਗੱਲਾਂ ਬਾਤਾਂ ਕਰਦਿਆਂ ਹੀ ਉਸਦਾ 'ਭੌਰ' ਉਡਾਰੀ ਮਾਰ ਗਿਆ। ਯੂ-ਟਿਊਬ 'ਤੇ ਰਾਗੀ ਹਰੀ ਦਾਸ ਖਲਵਾੜਾ ਭਰਕੇ ਉਸਨੂੰ ਸੁਣਿਆ ਵੇਖਿਆ ਜਾ ਸਕਦਾ ਹੈ।

**-ਪਿੰਡ ਤੇ ਡਾਕ: ਥੂਹੀ, ਤਹਿ: ਨਾਭਾ ਜ਼ਿਲ੍ਹਾ ਪਟਿਆਲਾ।**

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 8 ਮਾਰਚ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-680



*ਪਿੰਡ ਦੀ ਸੱਥ ਦੀ ਤਸਵੀਰ ਬੋਲਦੀ, ਰ.ਲ ਮਿ.ਲ ਲੋਕੀਂ ਨੇ ਰਹਿੰਦੇ,
ਨਾ ਮਜ਼੍ਹਬ ਨਾ ਉਚ-ਨੀਚ ਨਾ ਜਾਤ, ਸਭ ਹਾਸਾ ਮੁਸ਼ਕੂਲਾ ਸਹਿੰਦੇ।
ਛੋਟੇ ਵੱਡੇ ਲਾਉਂਦੇ ਨੇ ਤਾਸ਼ ਦੀ ਬਾਜ਼ੀ, ਨਾ.ਲੇ ਪਿੰਡ ਦੀ ਸੂਹ ਰੱਖਦੇ,
ਸਭਿਆਚਾਰਿਕ ਭਾਈਚਾਰੇ ਦਾ ਰਸ, ਬੈਠ ਕੇ ਇਕੱਠੇ ਫਿਰ ਚੱਖਦੇ।*

## ਕੈਪਸ਼ਨ ਮੁਕਾਬਲਾ-678



ਭੁੱਲੀਆਂ, ਛਾਵੇਂ ਚਰਖਾ ਡਾਹੁਣਾ।
ਲੰਮੀ ਬਾਂਹ ਕਰ ਤੰਦ ਵਧਾਉਣਾ।
ਕੱਤ-ਕੱਤ ਨਿਚਲੇ ਬੋਹੀਏ ਪਾਉਣਾ।
ਚੁੰਨੀ ਮੂੰਹ ਰੱਖ ਸੰਗਦੇ ਗਾਉਣਾ।
ਕੱਢ ਕਸੀਦਾ ਵਿਛਾਈ ਬਣਾਉਣਾ।
ਉੱਪਰ ਚਿੜੀਆਂ ਕਾਂ ਤੋਤੇ ਪਾਉਣਾ।
ਪ੍ਰਾਹੁਣਾ ਚੇਤੇ ਕਰ-ਕਰ ਸ਼ਰਮਾਉਣਾ।
ਤ੍ਰਿੰਝਣਾਂ, ਪੀਂਘਾਂ, ਘੋਲ ਅਖਾੜੇ;
'ਨਾਕਾਮ' ਸਮਾਂ ਨਾ ਮੁੜ ਕੇ ਆਉਣਾ।
**-ਗੁਰਬਖਸ਼ ਸਿੰਘ 'ਨਾਕਾਮ'**

---

ਫੁਲਕਾਰੀ ਉਤੇ ਮਸ਼ੀਨੀ ਕਢਾਈ
ਪੰਛੀਆਂ ਦੀ ਮਜਲਿਸ
ਬੋਹੜਾਂ ਦੇ ਰੁੱਖ ਆਦਿ ਦੀ
ਤਰਜਮਾਨੀ ਕਰਦੀ ਤਸਵੀਰ।
ਬੱਚਿਆਂ ਨੂੰ ਮੋਹਦੀ ਤੇ ਖਿਚ ਪਾਉਂਦੀ
ਬੀਤੇ ਦੀ ਕਹਾਣੀ ਪਾਉਂਦੀ।
ਤਰਤਮਾਨ, ਭੁਤਕਾਲ ਵਿਚ
ਖਿੱਚਦੀ ਲਕੀਰ।
ਖਤਮ ਹੋ ਗਏ ਚਰਖੇ ਤੇ ਤ੍ਰਿੰਝਣ
ਅੱਟੀਆਂ, ਗਲੋਟੇ ਬਣਾਉਂਦੀਆਂ
ਬਜ਼ੁਰਗਾਂ ਦੇ 'ਕੱਠ।
ਕਰੋਸ਼ੀਏ ਨਾਲ ਸਵੈਟਰ
ਬੁਣਨੇ ਹੱਥਾਂ ਨਾਲ
ਕਢਾਈਆਂ ਕੱਢਣੀਆਂ ਹੋ ਗਈਆਂ ਠੱਪ।
**-ਅਮਰਜੀਤ ਸਿੰਘ ਤੂਰ**

---

ਕਿਸੇ ਦੀ ਦਾਦੀ ਜਾਂ ਫਿਰ ਨਾਨੀ
ਛੱਡ ਗਈ ਹੋਊ ਇਹ ਨਿਸ਼ਾਨੀ।
ਨਾ ਪਿਆਰ ਰਿਹਾ ਨਾ ਰਹੇ ਪਰਿੰਦੇ
ਪੱਕੇ ਘਰਾਂ ਨੂੰ ਲਾਏ ਜਿੰਦੇ।
ਪਹਿਲਾਂ ਘਰੋਂ ਇਨ੍ਹਾਂ ਨੂੰ ਕੱਢਿਆ,
ਫੇਰ ਅਸੀਂ ਦਰੱਖਤਾਂ ਨੂੰ ਵੱਢਿਆ।
ਉੱਚੇ ਉੱਚੇ ਫਿਰ ਲੱਗ ਗਏ ਟਾਵਰ
ਮਾਰ ਮੁਕਾਏ ਇਨ੍ਹਾਂ ਦੀ ਪਾਵਰ।
ਢਿੱਡ ਭਰਨ ਲਈ ਰਸਤੇ ਲੱਭੇ
ਜਿਵੇਂ ਅਸੀਂ ਪ੍ਰਦੇਸ ਨੂੰ ਭੱਜੇ।
**-ਮਲਕੀਅਤ ਸਿੰਘ ਧਾਲੀਵਾਲ**

---

ਤੋਤੇ, ਘੁੱਗੀਆਂ, ਮੋਰ ਤੇ ਚਿੜੀਆਂ
ਮੁਟਿਆਰਾਂ ਨੇ ਸੀ ਕਰੀ ਕਢਾਈ।
ਦਸੂਤੀ ਉੱਪਰ ਉਲੀਕ ਨਮੂਨੇ
ਪੰਛੀਆਂ ਵਾਲੀ ਮਜਲਿਸ ਲਾਈ।
ਮਸ਼ੀਨਾਂ ਸਾਡੀ ਕਲਾ ਖਾ ਗੀਆਂ
ਅਜਾਇਬ ਘਰਾਂ ਦੀ ਸ਼ਾਨ ਵਧਾਈ।
**-ਜਗਮੀਤ ਸਿੰਘ ਪੰਧੇਰ**

---

ਕੱਲ੍ਹ ਸੀ ਜੋ ਅੱਜ ਨਹੀਂ
ਜੋ ਅੱਜ ਹੈ ਕੱਲ੍ਹ ਨਹੀਂ ਰਹਿਣਾ
ਸਮਾਂ, ਰਫਤਾਰ ਰਸਮਾਂ
ਤੇਜ਼ੀ ਨਾਲ ਬਦਲ ਰਹੀਆਂ
ਕੱਢ ਕਸੀਦੇ ਗਲੀਚਿਆਂ
ਦਰੀਆਂ ਫੁਲਕਾਰੀਆਂ 'ਤੇ
ਕਰ ਕਲਪਨਾ ਫੜ ਕਰੋਸ਼ੀਆ
ਦਿਲੀ ਹਿਜਰ ਇਜ਼ਹਾਰ ਕੀਤਾ।
**-ਦਰਸ਼ਨ ਪਾਲ ਦੋਸਾਂਝ**

## ਸੁ.ਫਨੇ ਜਿਉਂ ਸੰਸਾਰ

ਕੀ ਹੋਣੀ ਇਹ ਬੀਤ ਰਹੀ ਕਿਰਦੇ ਨਿੱਤ ਮੋਤੀ,
ਪੌਣ ਸੰਗ ਪੌਣ ਮਿਲਦੈ ਨਾ.ਲੇ ਜੋਤੀ ਸੰਗ ਜੋਤੀ।
ਮਗਰ ਚੱਲ ਰਿਹਾ ਮੁੱਦਤ ਤੋਂ ਬੱਸ ਸਿਲਸਿਲਾ,
ਇਹ ਦੁਨੀਆਂ ਤੁਰਦੀ ਜਾਂਦੀ ਹੈ ਖੜ੍ਹੀ ਖਲੋਤੀ।

ਕਿੰਨੇ ਆਉਂਦੇ ਨਿੱਤ ਨਵੇਂ ਕਿੰਨੇ ਜਾਂਦੇ ਨੇ ਮਰ,
ਗੁਰੂ, ਪੀਰ, ਔਲੀਏ ਰਿਸ਼ੀ ਨੇ ਆਖਦੇ ਨ ਡਰ।
ਜ਼ਿੰਦਗੀ ਜੀਣ ਦਾ ਝੂਠਾ ਭਰਮ ਪਾ.ਲਦੈਂ ਬੰਦੇ,
ਕੌਣ ਆਖੇ ਸਾਹਿਬ ਨੂੰ ਇੰਝ ਨਹੀਂ ਇੰਝ ਕਰ?
ਮ੍ਰਿਗਤ੍ਰਿਸ਼ਨਾ ਹੈ ਆਰ ਭੂਲ-ਭੁਲੱਈਆ ਪਾਰ,
ਗ਼ਫ਼ਲਤ ਦੀ ਨੀਂਦੇ ਸੁੱਤੈ ਸੁਫ਼ਨੇ ਜਿਉਂ ਸੰਸਾਰ।
**-ਸੇਵਾ ਸਿੰਘ "ਨੂਰਪੁਰੀ"**

# ਅਕਾਲ ਤਖਤ ਦੀ ਸਰਵਉੱਚਤਾ ਓਹਲੇ ਸਿੱਖ ਸਿਆਸਤ ਦੇ ਅਨਾੜੀਪੁਣੇ ਦੀ ਫੁੱਲਝੜੀ ਤੇ ਮਗਰਮੱਛ !

ਅਕਾਲ ਤਖਤ ਦੀ ਸਰਵਉੱਚਤਾ ਓਹਲੇ ਸਿੱਖ ਸਿਆਸਤ ਦੇ ਅਨਾੜੀਪੁਣੇ ਦੀ ਫੁੱਲਝੜੀ ਪਿਛਲੇ ਸੱਤ ਮਹੀਨੀਆਂ ਤੋਂ ਚੱਲ ਰਹੀ ਹੈ। ਸਿੱਖ ਸੰਸਥਾਵਾਂ ਦਾ ਕਬਾੜਾ ਹੋ ਰਿਹਾ ਹੈ, ਵਿਦਵਾਨ ਅਤੇ ਵਿਸ਼ਲੇਸ਼ਕ ਪਿਛਲੇ ਸੱਤ ਮਹੀਨੀਆਂ ਤੋਂ ਕਿਆਫਿਆਂ ਦਾ ਪੀਸਣਾ ਹਰ ਰੋਜ਼ ਪੀਸ ਰਹੇ ਹਨ। ਸੋਸ਼ਲ ਮੀਡੀਆ ਉੱਪਰ ਜਮਾਂਦਰੂ ਸੁਪਨੇਬਾਜ਼ਾਂ, ਗੁਰਜਧਾਰੀ, ਮੂੰਹਫੱਟ, ਅਣਜਾਣ ਅਤੇ ਕਈ ਬੜੇ ਹੀ ਸੰਜਮੀ ਯਾਨੀ ਕਿ ਰੰਗ ਰੰਗ ਦੇ ਪਖੰਡੀ ਤਬਸਰਾਕਾਰਾਂ ਵਲੋਂ ਜ਼ਿਦ-ਜ਼ਿਦ ਕੇ ਮਗਰਮੱਛ ਵਾਲੇ ਅੱਥਰੂ ਕੇਰੇ ਜਾ ਰਹੇ ਹਨ। ਸਰਵਉੱਚ ਜਥੇਦਾਰ ਲੰਮੀ ਚੁੱਪ ਤੋਂ ਬਾਅਦ ਕੁੱਝ ਅਸਪੱਸ਼ਟ ਜਿਹਾ ਆਖ ਕੇ ਸੰਗਤਾਂ ਨੂੰ

ਹਜ਼ਾਰਾ ਸਿੰਘ ਮਿਸੀਸਾਗਾ
ਫੋਨ: 647-685-5997

ਲੱਖਣ ਲਾਈ ਜਾਣ ਦੇ ਆਹਰ ਲਾਉਂਦੇ ਆ ਰਹੇ ਹਨ। ਅਕਾਲੀ ਤਖਤ 'ਤੇ ਕੀ ਖੱਟਣ ਗਏ ਸਨ ਅਤੇ ਕੀ ਖੱਟੀ ਬੈਠੇ ਹਨ, ਇਹ ਇਨ੍ਹਾਂ ਦੀ ਤਿਕੜਮਬਾਜ਼, ਖੁਦਗਰਜ਼ ਸਿਆਸਤ ਦੀ ਲੋਕ ਮਨਾਂ ਅੰਦਰ ਕਿਰਚੀ-ਕਿਰਚੀ ਹੋਈ ਤਸਵੀਰ ਮੂੰਹੋਂ ਬੋਲ ਰਹੀ ਹੈ। ਆਪਣੇ ਅੰਦਰੂਨੀ ਮਸਲੇ ਹੱਲ ਕਰਨ ਦੀ ਅਯੋਗਤਾ ਮਾਮੂਲੀ ਮਸਲਿਆਂ ਨੂੰ ਵੀ ਗਲ਼ ਦੇ ਫਾਹੇ ਬਣਾ ਰਹੀ ਹੈ। ਇਹ ਅਨਾੜੀਪੁਣਾ ਜਥੇਦਾਰ ਹਰਪ੍ਰੀਤ ਸਿੰਘ ਦੀ ਬਲੀ ਤਾਂ ਲੈ ਚੁੱਕਾ ਹੈ ਅਤੇ ਜਥੇਦਾਰ ਧਾਮੀ ਦੀ ਹੋਣੀ ਅਜੇ ਵਿਚ ਵਿਚਾਲੇ ਲਟਕੀ ਨਜ਼ਰ ਆ ਰਹੀ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਹੁਰਾਂ ਦੀ ਸਥਿਤੀ ਹਾਸੋ-ਹੀਣੀ ਬਣੀ ਹੋਈ ਹੈ। ਸੁਖਬੀਰ ਸਿੰਘ ਬਾਦਲ ਦਾ ਸਿਆਸੀ ਸਿਰ ਮੰਗਣ ਵਾਲੇ ਡੁਰਲੀ ਜਥਿਆਂ ਦੀ ਹਾਲ ਪਾਹਰਿਆ ਦੀ ਧੱਕ ਨਾਲ ਅਕਾਲੀ ਫੂਲਾ ਸਿੰਘ ਬਣਨ ਤੁਰੇ ਜਥੇਦਾਰ ਹੁਣ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਅਧਿਕਾਰ ਖੇਤਰ ਦੀਆਂ ਸੀਮਾਵਾਂ ਬਾਰੇ ਦੱਸੇ ਜਾਣ 'ਤੇ ਅਜੀਬੋ-ਗਰੀਬ ਬਿਆਨ ਦੇ ਰਹੇ ਹਨ ਕਿ ਉਨ੍ਹਾਂ ਨੂੰ ਹੁਣ ਪਤਾ ਲੱਗਾ ਹੈ ਕਿ ਅਕਾਲ ਤਖਤ ਦੇ ਜਥੇਦਾਰ ਦਾ ਹੁਕਮ ਤਾਂ ਅਕਾਲ ਤਖਤ ਦੀ ਚਾਰ ਦੀਵਾਰੀ ਤੱਕ ਹੀ ਸੀਮਿਤ ਹੈ। ਸ਼ਰੇਆਮ ਇਸ ਕਿਸਮ ਦੇ ਵਿਅੰਗਮਈ ਕਥਨ ਨਾਲ ਉਹ ਹਮੀਰ ਸਿੰਘ ਦੇ 'ਪੁਲਾਂਘ ਚੈਨਲ' ਤੋਂ ਪ੍ਰੋਫੈਸਰ ਕਿਹਰ ਸਿੰਘ, ਹਰਜਿੰਦਰ ਸਿੰਘ ਰੰਧਾਵਾ ਦੇ ਪੰਜਾਬ ਟੈਲੀਵਿਜ਼ਨ ਤੋਂ ਸੀਨੀਅਰ ਪੱਤਰਕਾਰ/ਇਤਿਹਾਸਕਾਰ, 'ਪ੍ਰਾਈਮ ਏਸ਼ੀਆ' ਦੇ ਨਿਪੁੰਨ ਬੁਲਾਰੇ ਕਾਮਰੇਡ ਜਤਿੰਦਰ ਪੰਨੂ ਅਤੇ ਪਿਛਲੇ ਸਮੇਂ ਦੌਰਾਨ ਖੁੰਭਾਂ ਵਾਂਗੂ ਉੱਗੇ ਦਰਜਨ ਦੇ ਕਰੀਬ ਹੋਰ ਚੈਨਲਾਂ ਤੋਂ ਨਿੱਤ ਦਿਨ ਗਰਜਦੇ ਤਬਸਰਾਕਾਰਾਂ ਦੀ 'ਪ੍ਰੇਰਣਾ' ਨਾਲ ਸ਼੍ਰੋਮਣੀ ਕਮੇਟੀ ਦੇ ਰਹਿੰਦੇ-ਖੂੰਹਦੇ ਵੱਕਾਰ ਨੂੰ ਘੱਟਿਓਂ ਕੌਡੀ ਰਲਾਉਣ ਦੇ ਰਾਹੇ ਪਏ ਨਜ਼ਰ ਆ ਰਹੇ ਹਨ। ਸਮਝ ਨਹੀਂ ਆਉਂਦੀ ਕਿ ਬਲਦੀ 'ਤੇ ਤੇਲ ਪਾ ਰਹੇ ਅਜਿਹੇ ਟਿੱਪਣੀਕਾਰਾਂ ਨੂੰ ਲਗਾਤਾਰ ਪੂਰੇ ਜਾਹੋ-ਜਲਾਲ ਨਾਲ ਇਸ ਕਿਸਮ ਦਾ ਵਲਾਜੌਹਟ ਝੱਲ ਖਿਲਾਰ ਕੇ ਆਖਿਰ ਮਿਲੇਗਾ ਕੀ? ਸਰਵਉੱਚ ਕਹੇ ਜਾਂਦੇ ਜਥੇਦਾਰ ਦੀ ਹੋਣੀ ਬਾਰੇ ਬਣੀ ਅਨਿਸ਼ਚਿਤਤਾ ਕਾਰਨ ਵੱਡੇ ਵਿਸ਼ਲੇਸ਼ਕ ਅਤੇ ਕੁਝ ਮਨਚਲੇ ਸੱਜਣ ਤਾਂ ਇੱਥੋਂ ਤਕ ਕਹੀ ਜਾਂਦੇ ਹਨ ਕਿ ਕੀ ਹੁਣ ਜਥੇਦਾਰ ਜੀ ਸ਼ਹੀਦ ਹੋਣਗੇ, ਖੁਦਕੁਸ਼ੀ ਕਰਨਗੇ ਜਾਂ ਫਿਰ ਉਨ੍ਹਾਂ ਦੀ ਬਲੀ ਲਈ ਜਾਵੇਗੀ।

ਜਥੇਦਾਰਾਂ ਦੀ ਸੰਸਥਾ ਨੂੰ ਸ਼੍ਰੋਮਣੀ ਕਮੇਟੀ ਦੇ ਅਧਿਕਾਰ ਖੇਤਰ ਤੋਂ ਨਿਰੰਕੁਸ਼ ਰੂਪ ਵਿਚ ਸੁਤੰਤਰ ਹੋਣ ਦੀ ਵਕਾਲਤ ਕਰਨ ਵਾਲੇ ਇਨ੍ਹਾਂ ਭਲੇ ਲੋਕਾਂ ਨੂੰ ਕੀ ਇਹ ਗੱਲ ਭੁੱਲ ਗਈ ਹੈ ਕਿ ਜਥੇਦਾਰ ਟੌਹੜਾ ਨੇ ਦਸੰਬਰ '90 ਵਿਚ ਸ਼੍ਰੋਮਣੀ ਕਮੇਟੀ ਦੇ ਆਮ ਇਜਲਾਸ ਵਿਚ ਉਸ ਸਮੇਂ ਦੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦਰਸ਼ਨ ਸਿੰਘ ਨੂੰ ਉਨ੍ਹਾਂ ਦੇ 'ਅਧਿਕਾਰ ਖੇਤਰ ਬਾਰੇ ਜਾਣੂ ਕਰਵਾਉਣ ਦੀ ਲੋੜ ਕਿਉਂ ਪਈ ਸੀ!' ਕੀ ਇਨ੍ਹਾਂ ਨੂੰ ਭੁੱਲ ਗਿਆ ਹੈ ਕਿ ਖਾੜਕੂ ਜਥੇਦਾਰ ਰਣਜੀਤ ਸਿੰਘ ਨੇ ਅਹੁਦਾ ਸੰਭਾਲਦੇ ਸਾਰ ਵਰਲਡ ਸਿੱਖ ਕੌਂਸਲ ਦੇ ਫੰਡਾਂ ਵਿਚ ਹੇਰਾ-ਫੇਰੀ ਦੇ ਸਵਾਲ 'ਤੇ ਨਰਮ ਬੋਲਾਂ ਨਾਲ ਫੂਕ ਫੂਕ ਕੇ ਚੱਲਣ ਵਾਲੇ ਪ੍ਰੋ. ਮਨਜੀਤ ਸਿੰਘ ਨੂੰ ਕਿਵੇਂ ਵਾਹਣੇ ਪਾਇਆ ਸੀ। ਕੀ ਜਤਿੰਦਰ ਪੰਨੂ ਵਰਗੇ ਤਬਸਰਾਕਾਰ ਨੂੰ ਕੀ ਇਹ ਭੁੱਲ ਗਿਆ ਹੈ ਕਿ ਉਦੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਇਸੇ ਜਥੇਦਾਰ ਨੇ ਵਿਦੇਸ਼ਾਂ ਵਿਚ ਬੇਲੋੜਾ ਲੰਗਰ ਵਿਵਾਦ ਖੜ੍ਹਾ ਕਰਵਾ ਕੇ ਕਿਸ ਕਿਸਮ ਦੀ ਜ਼ਹਿਰੀ ਕੁੜੱਤਣ ਦੇ ਬੀਜ ਬੀਜੇ ਸਨ। ਕੀ ਉਨ੍ਹਾਂ ਵਲੋਂ ਉਸ ਮੌਕੇ ਇਸ ਪ੍ਰਥਾਏ 'ਸੰਗਤ 21 ਵਿਸਵੇ ਗੁਰੂ 20 ਵਿਸਵੇ' ਸਿਰਲੇਖ ਹੇਠਲੀ ਪੁਸਤਕ ਦਾ ਚੇਤਾ ਭੁੱਲ ਗਿਆ ਹੈ। ਕੀ ਪੰਨੂ ਸਾਹਿਬ ਨੂੰ ਇਹ ਗੱਲ ਵੀ ਭੁੱਲ ਗਈ ਹੈ ਕਿ ਅਕਾਲ ਤਖਤ ਦੇ ਜਥੇਦਾਰ ਮਨਜੀਤ ਸਿੰਘ ਵਲੋਂ ਡਾ. ਪਿਆਰ ਸਿੰਘ ਨੂੰ ਅਕਾਲ ਤਖਤ ਸਾਹਿਬ ਉਤੇ ਪੇਸ਼ੀ ਪਾਏ ਜਾਣ ਸਮੇਂ ਉਹ ਜਥੇਦਾਰ ਦੀ 'ਵਧੀਕੀ' ਨੂੰ ਕਿਸ ਤਰ੍ਹਾਂ ਛੱਜ ਵਿਚ ਪਾ ਕੇ ਛੱਟਦੇ ਰਹੇ ਸਨ। ਕੀ ਸਾਡੇ ਇਨ੍ਹਾਂ ਤਬਸਰਾਕਾਰਾਂ ਨੂੰ ਇਹ ਭੁੱਲ ਗਿਆ ਹੈ ਕਿ ਜਥੇਦਾਰ ਰਣਜੀਤ ਸਿੰਘ ਪਿੱਛੋਂ ਬਣੇ ਜਥੇਦਾਰ ਗਿਆਨੀ ਪੂਰਨ ਸਿੰਘ ਨੇ ਉਸ ਸਮੇਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਅਤੇ ਉਸ ਦੇ ਨਾਲ ਹੀ ਪ੍ਰੋ. ਮਨਜੀਤ ਸਿੰਘ, ਉਸ ਸਮੇਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੇਵਲ ਸਿੰਘ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਭਗਵਾਨ ਸਿੰਘ ਨੂੰ ਕਿਸ ਤਰ੍ਹਾਂ ਆਪਹੁਦਰੇ ਢੰਗ ਨਾਲ ਪੰਥ ਵਿਚੋਂ ਛੇਕ ਦਿੱਤਾ ਸੀ। ਕੀ ਇਨ੍ਹਾਂ ਨੂੰ ਪਤਾ ਨਹੀਂ ਹੈ ਕਿ ਉਸ ਮੌਕੇ ਅਕਾਲੀ ਦਲ ਦੇ ਪ੍ਰਧਾਨ ਸ. ਪ੍ਰਕਾਸ਼ ਸਿੰਘ ਬਾਦਲ ਕਿੰਨੇ ਲੰਮੇ ਸਮੇਂ ਤੱਕ ਜਥੇਦਾਰ ਪੂਰਨ ਸਿੰਘ ਵਿਰੁੱਧ ਕੋਰੀ ਵੀ ਕਾਰਵਾਈ ਕਰਨ ਤੋਂ ਬਚਦੇ ਰਹੇ ਸਨ। ਅਤੇ ਫੇਰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਜਥੇਦਾਰ ਪੂਰਨ ਸਿੰਘ ਨੂੰ ਉਨ੍ਹਾਂ ਦੇ 'ਅਧਿਕਾਰ ਖੇਤਰ' ਤੋਂ ਜਾਣੂੰ ਕਰਵਾਉਣ ਲਈ ਚੰਡੀ ਵਾਂਗੂ ਚਮਕਣ ਲਈ ਮਜਬੂਰ ਕਿਵੇਂ ਹੋਣਾ ਪਿਆ ਸੀ। (ਇਸ ਪ੍ਰਥਾਏ ਹਰਚਰਨ ਸਿੰਘ ਪ੍ਰਹਾਰ ਵਲੋਂ ਅਤੇ ਸ੍ਰੀ ਅਕਾਲ ਤਖਤ ਸਾਹਿਬ ਬਾਰੇ ਲਿਖੇ ਆਪਣੇ ਲੇਖਾਂ ਅੰਦਰ ਹਜ਼ਾਰ 12 ਸੌ ਸਾਲ ਪਹਿਲਾਂ ਇੰਗਲੈਂਡ ਦੇ ਕਿੰਗ ਹੈਨਰੀ ਦੂਜੇ ਅਤੇ ਬਿਸ਼ਪ ਆਫ ਕੈਂਟਰਬਰੀ ਵਿਚਾਲੇ ਕਈ ਸਾਲਾਂ ਤੱਕ ਚੱਲੇ ਕਿਸੇ ਕਿਸਮ ਦੇ ਵਿਵਾਦ ਅਤੇ ਉਸ ਤੋਂ ਨਿੱਲਕੇ ਸਿਟਿਆਂ ਦੀ ਬੜੀ ਢੁਕਵੀਂ ਮਿਸਾਲ ਦਿੱਤੀ ਹੋਈ ਹੈ)- ਕੀ ਇਨ੍ਹਾਂ ਵਿਚੋਂ ਕਿਸੇ ਸੱਜਣ ਨੇ ਵਿਕੀਪੀਡੀਆ 'ਤੇ ਜਾ ਕੇ ਉਸ ਬਾਰੇ ਜਾਨਣ ਦੀ ਕੋਸ਼ਿਸ਼ ਵੀ ਕੀਤੀ ਹੈ।





ਪ੍ਰੋ. ਮਨਜੀਤ ਸਿੰਘ ਵਲੋਂ ਸਾਲ 1994-95 ਵਾਲੀ ਪੰਥਕ ਏਕਤਾ ਮੁਹਿੰਮ ਦਾ ਕੀ ਹਸ਼ਰ ਹੋਇਆ ਸੀ, ਕੀ ਉਨ੍ਹਾਂ ਦੇ ਉਸ ਸਮੇਂ ਦੇ ਪ੍ਰਮੁੱਖ ਸਲਾਹਕਾਰ ਪ੍ਰੋ. ਕਿਹਰ ਸਿੰਘ ਨੂੰ ਉਸ ਬਾਰੇ ਚੇਤਾ ਨਹੀਂ ਹੈ। ਪ੍ਰੋ. ਮਨਜੀਤ ਸਿੰਘ ਵਲੋਂ ਉਸ ਮੌਕੇ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਤਖਤ ਉੱਪਰ ਬੁਲਾ ਕੇ ਲਗਾਤਾਰ ਪੰਜ ਘੰਟੇ ਉਨ੍ਹਾਂ ਦੀ ਸਖਤ ਗਰੀਲਿੰਗ ਕੀਤੀ ਗਈ ਸੀ ਅਤੇ ਅਖੀਰ ਮਸਲਾ ਸਿੱਖ ਸੰਗਤਾਂ ਉਤੇ ਛੱਡ ਦਿੱਤਾ ਸੀ। ਜਥੇਦਾਰ ਮਨਜੀਤ ਸਿੰਘ ਨੇ ਠੀਕ ਗੱਲ ਕੀਤੀ ਸੀ ਪਰੰਤੂ ਉਦੋਂ ਵੀ ਅੱਜ ਵਰਗੇ ਬਹੁਤੇ ਉਤਸ਼ਾਹੀ ਸੱਜਣਾਂ ਨੇ ਉਨ੍ਹਾਂ ਦਾ ਖਹਿੜਾ ਨਹੀਂ ਸੀ ਛੱਡਿਆ। ਕਈ ਮਹੀਨਿਆਂ ਬਾਅਦ ਜਥੇਦਾਰ ਪ੍ਰੋ. ਮਨਜੀਤ ਸਿੰਘ ਨੇ ਕੌਡੀ ਕੌਡੀ ਹਾਰ ਕੇ ਸਭ ਧੜਿਆਂ ਦੇ ਅਕਾਲੀ ਨੇਤਾਵਾਂ ਨੂੰ ਦੂਜੀ ਵਾਰ ਸ੍ਰੀ ਅਕਾਲ ਤਖਤ ਸਾਹਿਬ ਦੀ ਕਚਹਿਰੀ ਵਿਚ ਸੱਦਿਆ। ਲੰਮੇ ਵਿਚਾਰ ਵਟਾਂਦਰੇ ਪਿੱਛੋਂ ਭਾਈ ਅਸ਼ੋਕ ਸਿੰਘ ਬਾਗੜੀਆਂ 'ਤੇ ਅਧਾਰਤ ਕਮੇਟੀ ਬਣਾਈ ਗਈ ਪਰੰਤੂ ਉਸ ਕਮੇਟੀ ਦਾ ਪਿੱਛੋਂ ਕੀ ਹਸ਼ਰ ਹੋਇਆ ਸੀ, ਉਸ ਦਾ ਅਜੋਕੇ ਜਹਾਦੀ ਤਬਸਰਾਕਾਰਾਂ ਨੂੰ ਕੀ ਪਤਾ ਨਹੀਂ ਹੈ। ਜੇ ਨਹੀਂ ਪਤਾ ਤਾਂ ਉਹ ਜਗਤਾਰ ਸਿੰਘ ਦੀ ਖਾਲਿਸਤਾਨ ਸਟਰੱਗਲ ਦੇ 17ਵੇਂ ਕਾਂਡ ਨੂੰ ਖੁਦ ਪੜ੍ਹ ਸਕਦੇ ਹਨ। ਪੁਸਤਕ ਦੇ ਪੰਨਾ 414 ਨੂੰ ਇਹ ਸੱਜਣ ਪੜ੍ਹ ਕੇ ਜ਼ਰਾ ਵੇਖਣ। ਭਾਈ ਅਸ਼ੋਕ ਸਿੰਘ ਬਾਗੜੀਆਂ ਵਲੋਂ ਬਣਾਈ ਗਈ ਵਰਕਿੰਗ ਕਮੇਟੀ ਨੂੰ ਬਣਦੇ ਸਾਰ ਰੱਦ ਕਿਸੇ ਹੋਰ ਨੇ ਨਹੀਂ ਬਲਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਖੁਦ ਕੀਤਾ ਸੀ। ਅਗਲੀ ਗੱਲ ਹੋਰ ਵੀ 'ਭਿਆਨਕ' ਹੈ ਕਿ ਨੌਂ ਜੁਲਾਈ 1995 ਨੂੰ ਭਾਈ ਅਸ਼ੋਕ ਸਿੰਘ ਬਾਗੜੀਆਂ ਦੀ ਅਗਵਾਈ ਹੇਠ ਜਥੇਦਾਰ ਟੌਹੜਾ ਅਤੇ ਸ. ਕੁਲਦੀਪ ਸਿੰਘ ਵਡਾਲਾ 'ਤੇ ਅਧਾਰਤ ਤਿੰਨ ਮੈਂਬਰੀ ਕਮੇਟੀ ਨੂੰ ਸੌਂਪੀ ਗਈ। ਇਸ ਕਮੇਟੀ ਨੇ ਪਤਾ ਹੈ ਕੀ ਕੀਤਾ ਸੀ, ਇਨ੍ਹ ਸੱਜਣਾਂ ਨੇ ਨਵੇਂ ਅਕਾਲੀ ਦਲ ਦੀ ਵਰਕਿੰਗ ਕਮੇਟੀ ਥਾਪਣ ਦੀ ਸਾਰੀ ਜ਼ਿੰਮੇਵਾਰੀ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਹੀ ਸੌਂਪ ਦਿੱਤੀ ਸੀ! ਤੇ ਪ੍ਰੋ. ਕਿਹਰ ਸਿੰਘ ਨੂੰ ਜੇਕਰ ਇਸ ਸਾਰੀ ਕਹਾਣੀ ਦਾ ਚੇਤਾ ਹੈ ਤਾਂ ਉਹ 23 ਫਰਵਰੀ ਨੂੰ ਪੁਲਾਂਘ ਚੈਨਲ 'ਤੇ ਬੈਠ ਕੇ ਅਕਾਲੀ ਏਕਤਾ ਬਾਰੇ 2 ਤਰੀਕ ਨੂੰ ਫਸੀਲ ਤੋਂ ਜਾਰੀ ਕੀਤੇ ਹੁਕਮਨਾਮੇ ਨੂੰ ਇੰਨ-ਬਿੰਨ ਲਾਗੂ ਕਰਨ 'ਚ ਦੇਰੀ ਕਰਨ 'ਤੇ ਖਫਾਕੁਨ ਹੁੰਦਿਆਂ ਜਥੇਦਾਰ ਸਾਹਿਬ ਨੂੰ ਇਕੋ ਸਾਹੇ ਤਾਅਨੇ ਅਤੇ ਮਿਹਣੇ ਕਿਉਂ ਮਾਰੀ ਜਾ ਰਹੇ ਹਨ। ਪ੍ਰੋ. ਮਨਜੀਤ ਸਿੰਘ ਦੀ ਉਸ ਇਤਿਹਾਸਕ ਏਕਤਾ ਮੁਹਿੰਮ ਦੀ ਸੰਪੂਰਨ ਕਥਾ ਦੇ ਬਖਾਨ ਲਈ ਪੂਰੀ ਪੁਸਤਕ ਲਿਖੀ ਜਾ ਸਕਦੀ ਹੈ। ਤੇ ਇਨ੍ਹਾਂ ਸਾਰੀਆਂ ਗੱਲਾਂ ਨੂੰ ਵੀ ਜੇਕਰ ਛੱਡ ਲਿਆ ਜਾਵੇ ਤਾਂ ਸਾਡੇ ਅਜੋਕੇ ਤਬਸਰਾਕਾਰਾਂ ਨੂੰ ਸਿੱਖ ਇਤਿਹਾਸ ਬਾਰੇ ਇਤਨਾ ਵੀ ਪਤਾ ਨਹੀਂ ਹੈ ਕਿ ਸਾਲ 1764 'ਚ ਪੰਜਾਬ ਅੰਦਰ ਮਿਸਲਾਂ ਦਾ ਰਾਜ ਸਥਾਪਤ ਹੋ ਜਾਣ ਪਿੱਛੋਂ ਸਿੱਖ ਸਰਦਾਰਾਂ ਦੇ ਏਕੇ ਲਈ ਸ੍ਰੀ ਹਰਿਮੰਦਰ ਸਾਹਿਬ ਦੀ ਹਦੂਦ ਅੰਦਰ ਕੋਈ ਸਰਬੱਤ ਖਾਲਸਾ ਕਦੀ ਹੋਇਆ ਹੀ ਨਹੀਂ ਸੀ। ਸਿੱਖ ਪੰਥ ਨੂੰ ਤਾਂ ਇਕ ਤਾਰ ਵਿਚ ਪਿੱਛੋਂ ਜਾ ਕੇ ਮਹਾਰਾਜਾ ਰਣਜੀਤ ਸਿੰਘ ਵਲੋਂ ਡਾਂਗ ਦੇ ਜ਼ੋਰ ਨਾਲ ਪਰੋਇਆ ਗਿਆ ਸੀ। ਕੀ ਪ੍ਰੋ. ਕਿਹਰ ਸਿੰਘ ਇਸ ਇਤਿਹਾਸਕ ਤੱਥ ਤੋਂ ਜਾਣੂੰ ਨਹੀਂ ਹਨ ਅਤੇ ਜੇਕਰ ਜਾਣੂੰ ਹਨ ਤਾਂ ਹਮੀਰ ਸਿੰਘ ਦੇ 'ਪੁਲਾਂਘ' 'ਤੇ ਆਪਣੇ ਨਾਲ ਬੈਠੇ ਸ. ਸੁਖਦੇਵ ਸਿੰਘ ਭੌਰ ਨੂੰ ਗ਼ਲਤ ਜਾਣਕਾਰੀ ਦੇਣ ਤੋਂ ਟੋਕਦੇ ਕਿਉਂ ਨਹੀਂ ਹਨ। ਇਸ ਹਿਸਾਬ ਪ੍ਰੋ. ਕਿਹਰ ਸਿੰਘ ਦੇ ਮੁਕਾਬਲੇ ਸ. ਜਗਤਾਰ ਸਿੰਘ ਵਧੇਰੇ ਠੀਕ ਨਹੀਂ ਹਨ। ਉਹ ਘੱਟੋ ਘੱਟ ਇਹ 'ਇਤਹਾਸਕ' ਸਚਾਈ ਤਾਂ ਆਮ ਸਿੱਖ ਸੰਗਤ ਨੂੰ ਦੱਸ ਹੀ ਰਹੇ ਹਨ ਕਿ ਸ੍ਰੀ ਅਕਾਲ ਤਖਤ ਸਾਹਿਬ ਨੂੰ 1925 ਦੇ ਐਕਟ ਤੱਕ ਸੀਮਿਤ ਕਰਨਾ ਸਰਾਸਰ ਗਲਤ ਹੈ। ਇਹ ਤਖਤ ਤਾਂ 1606 ਵਿਚ ਸ੍ਰੀ ਹਰਗੋਬਿੰਦ ਸਾਹਿਬ ਵਲੋਂ ਹੀ ਕਾਇਮ ਕਰ ਦਿੱਤਾ ਗਿਆ ਸੀ। ਇਸ ਪ੍ਰਥਾਏ ਇਸਤੋਂ ਪਹਿਲਾਂ ਜਥੇਦਾਰ ਟੌਹੜਾ ਵਲੋਂ ਜਥੇਦਾਰ ਪ੍ਰੋ. ਮਨਜੀਤ ਸਿੰਘ ਨੂੰ ਅੱਗੇ ਲਗਾ ਕੇ ਸ਼ੁਰੂ ਕਰਵਾਈ ਗਈ ਅਕਾਲੀ ਦਲਾਂ ਦੀ ਜਬਰੀ ਏਕਤਾ ਮੁਹਿੰਮ ਬਾਰੇ ਖੜਗਧਾਰੀ ਸਿੱਖ ਚਿੰਤਕ ਅਜਮੇਰ ਸਿੰਘ ਨੇ 11 ਅਗਸਤ 1994 ਦੇ ਰੋਜ਼ਾਨਾ ਅਜੀਤ ਅਖਬਾਰ ਅੰਦਰ 'ਅਕਾਲੀ ਰਾਜਨੀਤੀ ਅੰਦਰਲੀ ਉਥਲ-ਪੁਥਲ ਤੋਂ ਚੁਕੰਨੇ ਹੋਣ ਦੀ ਲੋੜ' ਸਿਰਲੇਖ ਹੇਠ ਜੋ ਫਤਵਾ ਦਿੱਤਾ ਸੀ, ਉਹ ਕੀ ਅੱਜ ਵੀ ਬੜਾ ਢੁਕਵਾਂ ਨਹੀਂ ਹੈ:


'ਸਿਧਾਂਤਕ ਵਖਰੇਵਿਆਂ ਨੂੰ ਸਪੱਸ਼ਟ ਰੂਪ ਵਿਚ ਸਿੱਖ ਸੰਗਤਾਂ ਦੇ ਸਾਹਮਣੇ ਰੱਖਣ ਦੀ ਥਾਂ ਮੁੱਠੀ ਭਰ ਆਗੂਆਂ ਵਲੋਂ ਬੰਦ ਕਮਰੇ ਵਿਚ ਆਪਣੀ ਕਾਨਾਫੂਸੀ ਕਰ ਕੇ ਮਤਭੇਦਾਂ ਨੇ ਨਿਪਟਾਰੇ ਦਾ ਗੁਮਰਾਹਕੁਨ ਦਾਅਵਾ ਅਤੇ ਐਲਾਨ ਕਰ ਦਿੱਤਾ ਗਿਆ ਪਰ ਜਾਅਲੀ ਏਕਤਾ ਦਾ ਇਹ ਖੋਟਾ ਸਿੱਕਾ ਆਖਰ ਕਿੰਨਾ ਕੇ ਚਿਰ ਚੱਲ ਸਕਦਾ ਸੀ.. ਜਥੇਦਾਰ ਟੌਹੜਾ ਇਸ ਵੇਲੇ ਸਭ ਤੋਂ ਵੱਡਾ ਗੁਨਾਹ ਇਹ ਕਰ ਰਹੇ ਹਨ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਦੇ ਉਚੇ ਤੇ ਸੁੱਚੇ ਰੁਤਬੇ ਦਾ ਇਸ ਨਿਖੇਧਾਤਮਾ ਭੇੜ ਅੰਦਰ ਗਲਤ ਇਸਤੇਮਾਲ ਕਰ ਰਹੇ ਹਨ। ਜਥੇਦਾਰ ਟੌਹੜਾ ਨਾਲ ਇਮਾਨਦਾਰੀ 'ਚੋਂ ਜੁੜੇ ਪੰਥ ਦਰਦੀਆਂ ਨੂੰ ਸਾਰੇ ਵਰਤਾਰੇ ਬਾਰੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਉਨ੍ਹਾਂ ਨੂੰ ਸ. ਬਾਦਲ ਦੇ ਖਿਲਾਫ ਲੱਖਾ ਇਤਰਾਜ਼ ਹੋ ਸਕਦੇ ਹਨ, ਉਸ ਅੰਦਰ ਹਜ਼ਾਰਾਂ ਸ਼ਕਸੀ ਭੈੜ ਅਤੇ ਸਿਆਸੀ ਕਮਜ਼ੋਰੀਆਂ ਦਿਖਾਈ ਦੇ ਸਕਦੀਆ ਹਨ ਪਰ ਵਿਰੋਧਾਂ ਨੂੰ ਨਜਿੱਠਣ ਦਾ ਇਹ ਟੌਹੜਾ ਮਾਅਰਕਾ ਅੰਦਾਜ਼ ਪੰਥ ਨੂੰ ਜਿਹੜੇ ਖੂਹ ਖਾਤੇ ਵਿਚ ਲਿਜਾ ਸੁੱਟੇਗਾ ਉਸ ਤੋਂ ਵੇਲੇ ਸਿਰ ਚੁਕੰਨੇ ਹੋਣ ਦੀ ਜ਼ਰੂਰਤ ਹੈ।'' ਸ. ਅਜਮੇਰ ਸਿੰਘ ਦੇ ਰਾਜਸੀ ਜੀਵਨ ਦਾ ਸ਼ਾਇਦ ਇਹ ਪਹਿਲਾ ਅਤੇ ਆਖਰੀ ਸੰਤੁਲਿਤ ਲੇਖ ਸੀ।


ਅੱਜ-ਕੱਲ੍ਹ ਵੱਖ-ਵੱਖ ਚੈਨਲਾਂ ਉਪਰ ਜਥੇਦਾਰ ਟੌਹੜਾ ਨੂੰ ਅਹੁਦੇ ਤੋਂ ਹਟਾਏ ਜਾਣ ਤੋਂ ਐਨ ਪਹਿਲਾਂ, 20 ਜਨਵਰੀ 1999 ਦੇ ਦਿਨ ਉਨ੍ਹਾਂ ਦੀ ਅਗਵਾਈ ਹੇਠ ਹੋਈ ਧਰਮ ਪ੍ਰਚਾਰ ਕਮੇਟੀ ਦੀ ਮੀਟਿੰਗ ਦੇ ਕਿਸੇ ਮਤੇ ਦੀ ਚਰਚਾ ਬੜੇ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀ ਹੈ ਜਿਸ ਵਿਚ ਕਿਹਾ ਗਿਆ ਸੀ ਕਿ ਜਥੇਦਾਰਾਂ ਨੂੰ ਹਟਾਉਣ ਦਾ ਅਧਿਕਾਰ ਸ਼੍ਰੋਮਣੀ ਕਮੇਟੀ ਕੋਲ ਨਹੀਂ ਹੈ ਬਲਕਿ ਉਨ੍ਹਾਂ ਨੂੰ ਸਰਬੱਤ ਖਾਲਸਾ ਬੁਲਾ ਕੇ ਹੀ ਹਟਾਇਆ ਜਾ ਸਕਦਾ ਹੈ। ਦੱਸੋ ਭਲਾ ਇਸ ਮਤੇ ਨੂੰ ਜਾਂਦਿਆਂ ਜਾਂਦਿਆਂ ਉਨ੍ਹਾਂ ਵਲੋਂ ਭਵਿੱਖ ਦੀਆਂ ਨਸਲਾਂ ਲਈ ਕੰਡੇ ਬੀਜ ਜਾਣ ਦੀ ਆਖਰੀ ਕੋਸ਼ਿਸ਼ ਕਿਉਂ ਨਹੀਂ ਕਿਹਾ ਜਾ ਸਕਦਾ।

'ਜਸ ਪੰਜਾਬੀ ਟੀ ਵੀ ਚੈਨਲ' 'ਤੇ 'ਸਿੱਖ ਬੁੱਧੀਜੀਵੀ ਡਾ. ਅਨੁਰਾਗ ਸਿੰਘ ਦੇ ਅੱਖਾਂ ਖੋਲ੍ਹਣ ਵਾਲੇ ਖੁਲਾਸੇ' ਸਿਰਲੇਖ ਹੇਠ ਪਰਵਚਨ ਵਿਚ ਉਨ੍ਹਾਂ ਵਲੋਂ ਜਥੇਦਾਰ ਟੌਹੜਾ ਉਪਰ ਅਮਰੀਕਾ ਦੇ ਕਿਸੇ ਪਾਖੰਡੀ ਤਾਂਤਰਿਕ ਜੋਗੀ ਭਜਨ ਵਲੋਂ ਆਪਣੇ ਮੈਗਜ਼ੀਨ ਵਿਚ ਦਸਵੇਂ ਗੁਰੂ ਵਿਰੁੱਧ ਭੱਦੀ ਸ਼ਬਦਾਵਲੀ ਵਰਤੇ ਜਾਣ 'ਤੇ ਜਥੇਦਾਰ ਸਾਧੂ ਸਿੰਘ ਭੌਰਾ ਵਲੋਂ ਜਦੋਂ ਸ਼ੋਅ ਕਾਜ਼ ਨੋਟਿਸ ਜਾਰੀ ਕੀਤਾ ਗਿਆ ਸੀ ਤਾਂ ਡਾ. ਅਨੁਰਾਗ ਸਿੰਘ ਦੋਸ਼ ਲਗਾ ਰਹੇ ਹਨ ਕਿ ਟੌਹੜਾ ਸਾਹਿਬ ਵਲੋਂ ਉਸ ਕਾਰਵਾਈ ਨੂੰ ਰੋਕ ਕੇ ਸ੍ਰੀ ਅਕਾਲ ਤਖਤ ਦੇ ਨਿਰਵਿਵਾਦਤ ਜਥੇਦਾਰ ਸਾਧੂ ਸਿੰਘ ਭੌਰਾ ਨੂੰ ਹੀ ਘਰ ਤੋਰ ਦਿੱਤਾ ਗਿਆ ਸੀ। ਉਨ੍ਹਾਂ ਦੇ ਦੱਸਣ ਅਨੁਸਾਰ ਉਨ੍ਹਾਂ ਨੇ ਇਸ ਸਾਰੇ ਘਟਨਾਕ੍ਰਮ ਨੂੰ Sikhism and tantrik yoga ਵਿਚ ਪੂਰੇ ਦਸਤਾਵੇਜੀ ਹਵਾਲਿਆਂ ਨਾਲ ਰਿਕਾਰਡ ਕੀਤਾ ਹੋਇਆ ਹੈ।

ਇਸ ਸਾਰੇ ਵਾਦ-ਵਿਵਾਦ ਨਾਖੁਸ਼ਗਵਾਰ ਸਿਲਸਿਲੇ ਦਾ ਮੁੱਖ ਕਾਰਨ ਹੈ ਜਥੇਦਾਰਾਂ ਦੇ ਅਧਿਕਾਰ ਖੇਤਰ, ਨਿਯੁਕਤੀ ਅਤੇ ਬਰਖਾਸਤਗੀ ਬਾਰੇ ਕੋਈ ਨਿਯਮਾਵਲੀ ਅਜੇ ਤੱਕ ਕਿਸੇ ਨੂੰ ਸਪੱਸ਼ਟ ਹੀ ਨਹੀਂ ਗਈ ਹੈ। ਸਮੁੱਚੇ ਘਟਨਾਕ੍ਰਮ ਤੋਂ ਸਿੱਖਣ ਵਾਲੀ ਗੱਲ ਇਹ ਹੈ ਕਿ ਬਿਨਾ ਕੋਈ ਨਿਯਮ ਤੈਅ ਕੀਤੇ ਕਿਸੇ ਨੂੰ ਸਰਵਉੱਚ ਮੰਨ ਲੈਣ ਨਾਲ ਖੁਆਰੀ ਹੋਣੀ ਯਕੀਨੀ ਹੈ।

ਮੌਜੂਦਾ ਘਟਨਾਕ੍ਰਮ ਇਤਿਹਾਸਕ ਹੈ ਜੋ ਅਕਾਲ ਤਖਤ, ਅਕਾਲ ਤਖਤ ਦੀ ਜਥੇਦਾਰੀ ਅਤੇ ਜਥੇਦਾਰ ਦੁਆਲੇ ਘੁੰਮ ਰਿਹਾ ਹੈ। ਐਨੇ ਗੰਭੀਰ ਮੁੱਦੇ 'ਤੇ ਗੱਲਾਂ ਤਾਂ ਬਹੁਤ ਹੋ ਰਹੀਆਂ ਸਨ ਪਰ ਲਿਖਿਆ ਬਹੁਤ ਘੱਟ ਜਾ ਰਿਹਾ ਸੀ। ਇਸ ਵਰਤਾਰੇ ਦੇ ਵਰਤਮਾਨ ਅਤੇ ਪਿਛੋਕੜ ਬਾਰੇ ਵੱਖ-ਵੱਖ ਪੱਖਾਂ ਤੋਂ ਖੋਜ ਭਰਪੂਰ ਲਿਖਤਾਂ ਦੀ ਜ਼ਰੂਰਤ ਸੀ। ਜੋ, ਸ. ਹਰਚਰਨ ਸਿੰਘ ਪ੍ਰਹਾਰ ਨੇ 'ਪੰਜਾਬ ਟਾਈਮਜ਼' ਵਿਚ ਇੱਕ ਲੇਖ ਲੜੀ ਰਾਹੀਂ ਆਪਣੇ ਵਲੋਂ ਪੂਰੀ ਸੁਹਿਰਦਤਾ ਨਾਲ ਕੀਤੀ ਹੈ। ਅਕਾਲ ਤਖਤ ਨਾਲ ਜੁੜੇ ਕਿਸੇ ਵੀ ਪੱਖ ਬਾਰੇ ਜਾਨਣ ਦੇ ਚਾਹਵਾਨਾਂ ਲਈ ਇਹ ਲੇਖ ਬਹੁਮੁੱਲਾ ਖਜ਼ਾਨਾ ਹਨ। ਜਿਸ ਲਗਨ, ਸਿਰੜ ਅਤੇ ਖੋਜੀ ਬਿਰਤੀ ਨਾਲ ਉਨ੍ਹਾਂ ਨੇ ਇਹ ਲਿਖਤਾਂ ਲਿਖੀਆਂ ਹਨ, ਉਹ ਸ਼ਲਾਘਾਯੋਗ ਹਨ। ਇਹ ਲਿਖਤਾਂ ਪਾਠਕਾਂ ਤੱਕ ਪੁੱਜਦੀਆਂ ਕਰਨ ਲਈ 'ਪੰਜਾਬ ਟਾਈਮਜ਼' ਦੀ ਸਮੁੱਚੀ ਟੀਮ ਦਾ ਵੀ ਬਹੁਤ-ਬਹੁਤ ਧੰਨਵਾਦ ਕਹਿਣਾ ਬਣਦਾ ਹੈ।




*ਜਗਤਾਰ ਸਿੰਘ ਦੀ ਕਿਤਾਬ 'ਖਾਲਿਸਤਾਨ ਸਟਰੱਗਲ' ਅਤੇ ਜਤਿੰਦਰ ਪੰਨੂ ਦੀ ਕਿਤਾਬ 'ਸੰਗਤ ਇੱਕੀ ਵਿਸਵੇ' ਦੇ ਸਰਵਰਕ।*

***ਅੱਜ-ਕੱਲ੍ਹ ਵੱਖ-ਵੱਖ ਚੈਨਲਾਂ ਉਪਰ ਜਥੇਦਾਰ ਟੌਹੜਾ ਨੂੰ ਅਹੁਦੇ ਤੋਂ ਹਟਾਏ ਜਾਣ ਤੋਂ ਐਨ ਪਹਿਲਾਂ, 20 ਜਨਵਰੀ 1999 ਦੇ ਦਿਨ ਉਨ੍ਹਾਂ ਦੀ ਅਗਵਾਈ ਹੇਠ ਹੋਈ ਧਰਮ ਪ੍ਰਚਾਰ ਕਮੇਟੀ ਦੀ ਮੀਟਿੰਗ ਦੇ ਕਿਸੇ ਮਤੇ ਦੀ ਚਰਚਾ ਬੜੇ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀ ਹੈ ਜਿਸ ਵਿਚ ਕਿਹਾ ਗਿਆ ਸੀ ਕਿ ਜਥੇਦਾਰਾਂ ਨੂੰ ਹਟਾਉਣ ਦਾ ਅਧਿਕਾਰ ਸ਼੍ਰੋਮਣੀ ਕਮੇਟੀ ਕੋਲ ਨਹੀਂ ਹੈ ਬਲਕਿ ਉਨ੍ਹਾਂ ਨੂੰ ਸਰਬੱਤ ਖਾਲਸਾ ਬੁਲਾ ਕੇ ਹੀ ਹਟਾਇਆ ਜਾ ਸਕਦਾ ਹੈ। ਦੱਸੋ ਭਲਾ ਇਸ ਮਤੇ ਨੂੰ ਜਾਂਦਿਆਂ ਜਾਂਦਿਆਂ ਉਨ੍ਹਾਂ ਵਲੋਂ ਭਵਿੱਖ ਦੀਆਂ ਨਸਲਾਂ ਲਈ ਕੰਡੇ ਬੀਜ ਜਾਣ ਦੀ ਆਖਰੀ ਕੋਸ਼ਿਸ਼ ਕਿਉਂ ਨਹੀਂ ਕਿਹਾ ਜਾ ਸਕਦਾ।***

# ਨੌਕਰੀ ਦੀ ਭਾਲ ਵਿਚ

ਫੌਜੀ ਬਾਪ ਕਈ ਦਿਨਾਂ ਤੋਂ ਕੁੱਤੇਖਾਣੀ ਕਰਦਾ ਆ ਰਿਹਾ ਸੀ। ਉਂਜ ਉਹ ਆਪਣੀ ਥਾਵੇਂ ਸੱਚਾ ਸੀ। ਨੌਕਰੀ ਲਈ ਹੱਥ ਪੈਰ ਤਾਂ ਮਾਰਨੇ ਹੀ ਪੈਣੇ ਸਨ। ਉਸਦੇ ਕਹਿਣ ਮੂਜਬ ਘਰੇ ਬੈਠਿਆਂ ਨੂੰ ਭਲਾ ਕੌਣ 'ਆਡਰ' ਹੱਥ 'ਚ ਫੜਾਉਂਦਾ ਹੈ। ਉਹ ਆਪ ਵੀ ਆਪਣੇ ਮਹਿਕਮੇ ਦੇ ਐਸ.ਡੀ.ਓ., ਐਕਸੀਅਨ ਤੋਂ ਲੈ ਕੇ ਐਸ ਈ ਤੱਕ ਦੇ ਅਹੁਦਿਆਂ ਵਾਲੇ ਅਫਸਰਾਂ ਅੱਗੇ ਮੇਰੀ ਨੌਕਰੀ ਲਈ ਲਿਖਤੀ ਤੇ ਜ਼ਬਾਨੀ ਅਰਜ਼ੀਆਂ ਪਾਉਂਦਾ ਰਹਿੰਦਾ ਸੀ। ਉਸਦਾ ਮੰਨਣਾ ਸੀ ਕਿ ਬੰਦੇ ਨੂੰ ਇੱਕ ਵਾਰ ਕਿਸੇ ਵੀ ਛੋਟੀ-ਮੋਟੀ ਨੌਕਰੀ 'ਤੇ ਅੜ ਜਾਣਾ ਚਾਹੀਦਾ ਹੈ, ਫੇਰ ਹੌਲੀ ਹੌਲੀ ਆਪੇ ਸੈਟ ਹੋ ਜਾਂਦਾ ਹੈ।

ਉਹ ਅਕਸਰ ਆਖਦਾ, " ਕਾਕਾ! ਕੇਰਾਂ ਖੜ੍ਹਨ ਨੂੰ ਥਾਂ ਮਿਲਜੇ, ਬਹਿਣ ਨੂੰ ਆਪੇ ਬਣ ਜਾਂਦੀ ਹੁੰਦੀ।"



ਇਸੇ ਕਰਕੇ ਉਸਨੇ ਕਿਸੇ ਨੂੰ ਆਖ-ਵੇਖ ਕੇ ਮੈਨੂੰ ਪਹਿਲਾਂ ਦੁੱਧ ਵਾਲੀ

**ਗੁਰਮੀਤ ਕੜਿਆਲਵੀ**
**ਫੋਨ: +91-98726-40994**

ਫੈਕਟਰੀ 'ਨੈਸਲੇ' ਵਿਚ ਵਰਕ ਮੁਨਸ਼ੀ ਤੇ ਫਿਰ ਹੜ੍ਹਾਂ ਨਾਲ ਢਹਿ ਗਏ ਸਤਲੁਜ ਦਰਿਆ ਦੇ ਬਣਾਏ ਜਾ ਰਹੇ ਬੰਨ੍ਹ 'ਤੇ ਸੁਪਰਵਾਈਜ਼ਰ ਲੁਆ ਦਿੱਤਾ ਸੀ। ਇਹ ਕਹਿਣ ਨੂੰ ਹੀ ਸੁਪਰਵਾਈਜ਼ਰੀ ਸੀ, ਉਂਜ ਕੰਮ ਸਾਰਾ ਬੇਲਦਾਰੀ ਵਾਲਾ ਹੀ ਸੀ। ਬਾਪੂ ਦੀ ਚਾਹਤ ਦੇ ਅਨੁਸਾਰ ਮੈਂ ਇਨ੍ਹਾਂ ਨੌਕਰੀਆਂ ਵਿਚ ਛੇ ਮਹੀਨਿਆਂ ਤੋਂ ਵੱਧ 'ਅੜਿਆ' ਨਹੀਂ ਸੀ ਰਹਿ ਸਕਿਆ ਤੇ ਬਹਿਣ ਲਈ ਥਾਂ ਬਣਾਉਣ ਤੋਂ ਪਹਿਲਾਂ ਹੀ ਚੰਗੀ-ਭਲੀ ਨੌਕਰੀ ਨੂੰ ਲੱਤ ਮਾਰ ਆਇਆ ਸਾਂ। ਇਸੇ ਕਰਕੇ ਬਾਪੂ ਦੀ ਕੁੱਤੇਖਾਣੀ ਦਾ ਸ਼ਿਕਾਰ ਹੋਣਾ ਕੁਦਰਤੀ ਸੀ।

ਬਾਪ ਆਪਣੇ ਮਹਿਕਮੇ ਦੇ ਹੀ ਨਹੀਂ, ਮਿਲਣ ਆਏ ਹਰੇਕ ਬੰਦੇ ਅੱਗੇ ਮੇਰੀ ਨੌਕਰੀ ਦਾ ਰੋਣਾ ਲੈ ਕੇ ਬਹਿ ਜਾਂਦਾ। ਉਹ ਮੈਨੂੰ ਛੇਤੀ ਤੋਂ ਛੇਤੀ ਓਵਰਸੀਅਰ ਲੱਗਾ ਵੇਖਣਾ ਚਾਹੁੰਦਾ ਸੀ। ਮੇਰੀ ਓਵਰਸੀਅਰੀ ਉਸਦੀ ਧੌਣ ਸ਼ਰੀਕੇ ਕਬੀਲੇ ਵਿਚ ਉੱਚੀ ਕਰ ਸਕਦੀ ਸੀ। ਦਰਅਸਲ ਉਹ ਆਪਣੇ ਮਹਿਕਮੇ ਦੇ ਓਵਰਸੀਅਰਾਂ ਦੀ ਠਾਠ-ਬਾਠ ਵੇਖਦਾ ਰਹਿੰਦਾ ਸੀ। ਪੈਸੇ ਤਾਂ ਉਨ੍ਹਾਂ ਨੂੰ ਮੀਂਹ ਵਾਂਗ ਵਰ੍ਹਦੇ। ਬਾਪ ਮੇਰੇ ਜੇਈ ਬਣਨ ਅਤੇ ਨੋਟਾਂ ਦੀਆਂ ਗੁੱਥੀਆਂ ਆਪ ਮੁਹਾਰੇ ਘਰੇ ਤੁਰੀਆਂ ਆਉਣ ਦੇ ਸੁਪਨੇ ਵੇਖਦਾ ਰਹਿੰਦਾ।

ਉਨ੍ਹਾਂ ਦਿਨਾਂ ਵਿਚ ਹੀ ਉਸਨੇ ਪੰਚਾਇਤੀ ਵਿਭਾਗ ਵਿਚ ਜੇਈ ਲੁਆਉਣ ਲਈ, ਸਾਡੇ ਇੱਕ ਐਮ ਐਲ ਏ ਨਾਲ ਗੱਲ ਕਰ ਲਈ ਸੀ। ਅਸੀਂ ਉਸ ਐਮ ਐਲ ਏ ਬਾਰੇ ਚੰਗੀ ਤਰ੍ਹਾਂ ਜਾਣਦੇ ਸਾਂ ਪਰ ਬਾਪ ਬੜੀ ਜਲਦੀ ਦੂਜੇ 'ਤੇ ਵਿਸਵਾਸ਼ ਕਰ ਲੈਂਦਾ ਸੀ। ਦਰਅਸਲ ਉਹ ਹਰੇਕ ਨੂੰ ਆਪਣੇ ਵਰਗਾ ਦਿਲ ਦਾ ਸਾਫ ਤੇ ਵਲ-ਛਲ ਤੋਂ ਰਹਿਤ ਸਮਝਦਾ ਸੀ। ਬਾਪ ਨੇ ਐਮ ਐਲ ਏ ਨਾਲ ਪੈਸੇ ਦੇਣ ਦੀ ਅੱਟੀ ਸੱਟੀ ਲਾ ਲਈ। ਇਹ ਤਾਂ ਸਾਡੀ ਚੰਗੀ ਕਿਸਮਤ ਸੀ ਕਿ ਪੈਸਿਆਂ ਦਾ ਹੀ ਕਿੱਧਰੋਂ ਜੁਗਾੜ ਨਾ ਹੋ ਸਕਿਆ ਨਹੀਂ ਤਾਂ ਉਸ ਨੇਤਾ ਨੇ ਸਾਨੂੰ ਨਿਹੰਗਾਂ ਦੇ ਡੋਲ ਵਾਂਗੂ ਮਾਂਜ ਦੇਣਾ ਸੀ। ਜਿਹੜੀ ਅਸਾਮੀ 'ਤੇ ਰਖਵਾਉਣ ਦੀ ਉਹ ਗੱਲ ਕਰਦਾ ਸੀ, ਉਹ ਭਰਤੀ ਹੋਈ ਹੀ ਨਹੀਂ ਸੀ। ਜੇ ਅਸੀਂ ਪੈਸੇ ਫਸਾ ਬਹਿੰਦੇ, ਖੁਰਦ-ਬੁਰਦ ਹੋ ਜਾਣੇ ਸਨ। ਖੂਹ ਵਿਚ ਡਿੱਗੀ ਇੱਟ ਦੇ ਸੁੱਕੇ ਮੁੜਨ ਦਾ ਤਾਂ ਸੁਆਲ ਹੀ ਪੈਦਾ ਨ੍ਹੀਂ ਸੀ ਹੁੰਦਾ।

ਮੇਰੀ ਨੌਕਰੀ ਦੀ ਭਾਲ ਕਰਦਿਆਂ ਹੀ ਬਾਪ ਦਾ ਵਾਹ ਮਨੋਹਰ ਨਾਲ ਪੈ ਗਿਆ, ਜੋ ਸਾਡੇ ਗੁਆਂਢੀ ਪਿੰਡ ਦਾ ਹੋਣ ਕਰਕੇ ਅਕਸਰ ਲੰਘਦਾ-ਵੜਦਾ ਬਾਪੂ ਨੂੰ ਮਿਲ ਪੈਂਦਾ। ਮਨੋਹਰ ਕਿਸੇ ਵਕਤ ਸਾਹਿਤ ਪੜ੍ਹਨ ਦਾ ਵੀ ਸ਼ੌਕੀਨ ਰਿਹਾ ਸੀ ਅਤੇ ਇਲਾਕੇ ਦੀਆਂ ਸਾਹਿਤਕ ਸਰਗਰਮੀਆਂ ਵਿਚ ਵੀ ਭਾਗ ਲੈਂਦਾ ਰਿਹਾ ਸੀ। ਅਗਾਂਹਵਧੂ ਰੁਚੀਆਂ ਵਾਲਾ ਹੋਣ ਕਾਰਨ ਕਿਸੇ ਵਕਤ ਉਸਨੇ ਸ਼ਹੀਦ ਭਗਤ ਸਿੰਘ ਦੀ ਭੈਣ ਨੂੰ ਵੀ ਆਪਣੇ ਪਿੰਡ ਲਿਆਂਦਾ ਸੀ। ਸਾਹਿਤ ਵੀ ਮਨੋਹਰ ਨਾਲ ਨੇੜਤਾ ਦਾ ਸਬੱਬ ਬਣਿਆ ਸੀ। ਸਾਹਿਤ ਲਿਖਣ ਪੜ੍ਹਨ ਕਾਰਨ ਮੇਰੀ ਉਸ ਨਾਲ ਵਾਕਫ਼ੀ ਹੋਈ ਸੀ ਤੇ ਫਿਰ ਉਸਦੀ ਮੇਰੇ ਨਾਲ ਵਾਕਫ਼ੀ, ਬਾਪੂ ਨਾਲ ਨੇੜਤਾ 'ਚ ਬਦਲ ਗਈ ਸੀ। ਸ਼ਰਾਬ ਮਨੋਹਰ ਦੀ ਕਮਜ਼ੋਰੀ ਸੀ। ਉਹ ਹਰ ਵੇਲੇ ਟੂੰਨ ਹੋਇਆ ਰਹਿੰਦਾ।

ਲੰਘਦੇ-ਪਾਉਂਦੇ, ਮਨੋਹਰ ਬਾਬੂ ਨੇ ਬਾਪੂ ਹੱਥ ਕਦੋਂ ਤੇ ਕਿਹੜੇ ਵੇਲੇ ਮੇਰੀ ਨੌਕਰੀ ਦਾ ਛੁਣ-ਛਣਾ ਫੜਾ ਦਿੱਤਾ, ਮੈਨੂੰ ਪਤਾ ਹੀ ਨਾ ਲੱਗਾ।

"ਫਿਕਰ ਨਾ ਕਰ ਬਾਈ ਬਾਵਾ ਸਿਆਂ! ਗੁਰਮੀਤ ਤੇਰਾ ਈ ਨ੍ਹੀਂ ਸਾਡਾ ਵੀ ਮੁੰਡਾ ਆ। ਸਾਡੇ ਤਾਂ 'ਲਾਕੇ ਦਾ ਮਾਣ ਐ। ਨੌਕਰੀ ਸਾਲੀ ਕਿੱਡੀ ਕੁ ਗੱਲ ਐ? ਮੈਂ ਆਪ ਲੈ ਕੇ ਜਾਊਂ ਚੰਡੀਗੜ੍ਹ ਵੱਡੇ ਭਰਾ ਕੋਲ। ਉਹ ਆਪੇ ਹੱਲ ਕਰੂ। ਏਹਦੀ ਨੌਕਰੀ ਆਲਾ ਫਿਕਰ ਤਾਂ ਲਾਹਦੇ ਸਿਰ 'ਤੋਂ।" ਮਨੋਹਰ ਸ਼ਰਾਬੀ ਦੀਆਂ ਇਨ੍ਹਾਂ ਗੱਲਾਂ 'ਤੇ ਯਕੀਨ ਕਰਨ ਦਾ ਬਾਪੂ ਕੋਲ ਵੱਡਾ ਕਾਰਨ ਸੀ। ਉਸਦਾ ਵੱਡਾ ਭਰਾ ਚੰਡੀਗੜ੍ਹ ਰੋਜ਼ਗਾਰ ਦਫ਼ਤਰ 'ਚ ਕੋਈ ਉੱਚ ਅਫ਼ਸਰ ਸੀ। ਸ਼ਾਇਦ ਚੰਡੀਗੜ੍ਹ ਦੇ ਰੁਜ਼ਗਾਰ ਦਫ਼ਤਰ ਦਾ ਮੁਖੀ ਹੀ ਹੋਵੇ। ਮਨੋਹਰ ਦਾ ਦੂਸਰਾ ਭਰਾ ਵਧੀਆ ਲੇਖਕ, ਨੇੜਲੇ ਕਾਲਜ ਦਾ ਪ੍ਰੋਫੈਸਰ ਤੇ ਇਲਾਕੇ ਦਾ ਮੰਨਿਆਂ-ਦੰਨਿਆਂ ਬੰਦਾ ਸੀ। ਮਨੋਹਰ ਦੇ ਚਾਚਿਆਂ-ਤਾਇਆਂ ਦੇ ਜੁਆਕ ਵੀ ਚੰਗੀਆਂ ਪੋਸਟਾਂ 'ਤੇ ਲੱਗੇ ਹੋਏ ਸਨ। ਸਾਰਾ ਪਰਿਵਾਰ ਇਲਾਕੇ ਦਾ ਮਾਣ ਮਰਿਆਦਾ ਵਾਲਾ ਪਰਿਵਾਰ ਗਿਣਿਆ ਜਾਂਦਾ ਸੀ।

ਕਈ ਦਿਨ ਤਾਂ ਮੈਂ ਜਾਣ ਤੋਂ ਟਾਲ-ਮਟੋਲ ਕਰਦਾ ਰਿਹਾ ਪਰ ਰੋਜ਼ ਦੀ 'ਕੁੱਤੇਖਾਣੀ' ਨੇ ਮੈਨੂੰ ਹਥਿਆਰ ਸੁੱਟਣ ਲਈ ਮਜਬੂਰ ਕਰ ਦਿੱਤਾ। ਮੈਂ ਉਸ ਨਾਲ ਚੰਡੀਗੜ੍ਹ ਜਾਣ ਦੀ ਹਾਮੀ ਭਰ ਦਿੱਤੀ।

ਚੰਡੀਗੜ੍ਹ ਕੋਈ ਨੇੜੇ ਤਾਂ ਨ੍ਹੀ ਸੀ? ਫਿਰ ਪੁੱਤ ਨੇ ਨੌਕਰੀ ਲੈਣ ਜਾਣਾ ਸੀ, ਤੇ ਉਹ ਵੀ ਓਵਰਸੀਅਰੀ। ਨੋਟਾਂ ਦੇ ਢੇਰ ਲਾ ਦੇਣ ਵਾਲੀ। ਸੀਮੈਂਟ, ਸਰੀਆ, ਰੇਤਾ, ਬੱਜਰੀ, ਤੇ ਇੱਥੋਂ ਤੱਕ ਕਿ ਮਿੱਟੀ ਵੀ ਵੇਚ ਕੇ ਰੁਪਈਆਂ ਨਾਲ ਘਰ ਭਰ ਲੈਣ ਵਾਲੀ। ਬਾਪੂ ਨੇ ਖਾਸੇ ਨੋਟ ਮੇਰੇ ਬੋਝੇ ਪਾ ਦਿੱਤੇ ਸਨ। ਆਪਣੇ ਸਾਰੇ ਸਰਟੀਫਿਕੇਟ ਮੈਂ ਪਲਾਸਟਿਕ ਦੇ ਲਿਫ਼ਾਫ਼ੇ ਵਿਚ ਪਾ, ਅਤੇ ਲਿਫਾਫਾ ਇੱਕ ਬੈਗ 'ਚ ਪਾ ਕੇ, ਮਨੋਹਰ ਨੂੰ ਨੇੜਲੇ ਸ਼ਹਿਰ ਜਾ ਮਿਲਿਆ ਸਾਂ।

"ਜਾਹ ਭੱਜ ਕੇ ਇੱਕ ਪਊਆ ਫੜ ਲਿਆ।" ਕਿਸੇ ਜਾਣੂ ਫੋਟੋਗ੍ਰਾਫਰ ਦੀ ਦੁਕਾਨ 'ਤੇ ਬੈਠਿਆਂ ਮਨੋਹਰ ਨੇ ਆਪਣਾ ਪਹਿਲਾ ਮਨੋਹਰ ਬਚਨ ਉਚਾਰਿਆ ਸੀ। ਬਿਨਾ ਕੋਈ ਹੀਲ ਹੁੱਜਤ ਕੀਤਿਆਂ ਸਾਊ ਨਿਆਣੇ ਵਾਂਗ ਠੇਕੇ ਤੋਂ ਅੰਗਰੇਜ਼ੀ ਦਾ ਪਊਆ ਫੜ ਲਿਆਇਆ। ਉਸਨੇ ਢੱਕਣ ਖੋਲ੍ਹਿਆ ਤੇ ਬਿਨਾ ਪਾਣੀ ਪਾਇਆਂ ਪਊਆ ਮੂੰਹ ਨੂੰ ਲਾ ਕੇ ਗਟ-ਗਟ ਕਰ ਕੇ ਦਾਰੂ ਅੰਦਰ ਸੁੱਟ ਲਈ। ਮੇਰੇ ਅੰਦਰ ਮਾਣਕ ਦਾ ਗੀਤ ਵੱਜਣ ਲੱਗਾ ਸੀ।

ਜਗਰਾਓਂ-ਲੁਧਿਆਣਾ-ਸਮਰਾਲਾ-ਮੋਹਾਲੀ, ਫਿਰ ਤਾਂ ਚੰਡੀਗੜ੍ਹ ਤੱਕ ਐਹੋ ਜਿਹਾ ਕਿਹੜਾ ਸਟੇਸ਼ਨ ਸੀ ਜਿਸਦੇ ਠੇਕੇ ਦੀ ਦਾਰੂ ਨੇ 'ਮਨੋਹਰ ਭਾਜੀ' ਦੇ ਅੰਦਰ ਵੱਲ ਯਾਤਰਾ ਨਾ ਕੀਤੀ ਹੋਵੇ। ਮੈਂ ਅੱਕੇ ਨੇ ਇੱਕ ਵਾਰ ਆਖਿਆ ਸੀ, "ਬੋਤਲ ਈ ਲੈ ਲਈਏ ਸਸਤੀ ਪਊ।"

"ਨਹੀਂ-ਨਹੀਂ ਐਨੀ ਕੀ ਕਰਨੀ, ਪਊਆ ਵਾਧੂ ਆ। ਲੋੜ ਹੋਈ ਫੇਰ ਲੈ ਲਵਾਂਗੇ।" ਆਖਦਿਆਂ ਉਹ ਸਤਾਰਾਂ ਸੈਕਟਰ ਬੱਸ ਅੱਡੇ ਦੇ ਸਾਹਮਣੇ ਵਾਲੀ ਮਾਰਕੀਟ ਦੇ ਠੇਕੇ ਵੱਲ ਲੈ ਤੁਰਿਆ ਸੀ।

"ਰਾਤ ਕੋਚਰੀ ਬੋਲੇ ਵਾਲੇ ਸਿੱਧੂ ਦਮਦਮੀ ਨੂੰ ਜਾਣਦੈਂ?"

"ਜਾਣਦਾ ਤਾਂ ਨ੍ਹੀ ਪੜ੍ਹਿਆ ਜ਼ਰੂਰ ਆ।"

"ਚੱਲ ਤੈਨੂੰ ਮਿਲਾ ਕੇ ਲਿਆਵਾਂ।"

ਫਿਰ ਉਹ ਮੈਨੂੰ ਸੀ ਐਸ ਆਈ ਦੇ ਦਫ਼ਤਰ ਲੈ ਵੜਿਆ ਸੀ। ਤਿੱਖੇ ਨੈਣ ਨਕਸ਼ਾਂ ਵਾਲੇ ਪਤਲੇ ਜਿਹੇ ਸਰਦਾਰ ਦੀਆਂ ਬਾਜ਼ ਵਰਗੀਆਂ ਅੱਖਾਂ ਗੱਲਾਂ ਕਰਦੀਆਂ ਲੱਗਦੀਆਂ ਸਨ।

"ਫੌਜਾਂ ਕਿਸੇ ਮਾਰ 'ਤੇ ਲੱਗਦੀਆਂ?" ਮੈਨੂੰ ਲੱਗਾ ਹਸੂੰ-ਹਸੂੰ ਕਰਦੀਆਂ ਅੱਖਾਂ ਦੇ ਇਨ੍ਹਾਂ ਸ਼ਬਦਾਂ ਵਿਚ ਕੋਈ ਡੂੰਘੀ ਰਮਜ਼ ਸੀ।

"ਇਹ ਆਪਣਾ ਨਵਾਂ ਕਹਾਣੀਕਾਰ ਐ। ਏਹ...।"

"ਅੱਛਾ!"

"ਕਲਮ ਚੰਗੀ ਐ ਮੁੰਡੇ ਦੀ। ਵਧੀਆ ਲਿਖਦਾ। ਕਈ ਕਹਾਣੀਆਂ...।"

"ਤੇਰੇ ਨਾਲ ਰਹਿਕੇ ਵਧੀਆ ਈ ਲਿਖੂ।" ਹੱਸਦੀਆਂ ਅੱਖਾਂ ਦਾ ਵਿਅੰਗ ਮੇਰੀ ਤਾਂ ਪਕੜ 'ਚ ਆ ਗਿਆ ਸੀ ਪਰ ਮਨੋਹਰ ਅੰਦਰਲੀ ਦਾਰੂ ਨੇ ਇਸ ਵਿਅੰਗ ਦੀ ਧਾਰ ਨੂੰ ਗੌਲਿਆ ਤੱਕ ਨਹੀਂ ਸੀ। ਕੋਈ ਹੋਰ ਸਮਾਂ ਹੁੰਦਾ ਮੈਂ "ਰਾਤ ਕੋਚਰੀ ਬੋਲੇ" ਵਰਗੀ ਸ਼ਾਹਕਾਰ ਕਹਾਣੀ ਲਿਖਣ ਵਾਲੇ ਸਿੱਧੂ ਦਮਦਮੀ ਨਾਲ ਇਸ ਕਹਾਣੀ ਬਾਰੇ ਕਈ ਗੱਲਾਂ ਕਰ ਲੈਣੀਆਂ ਸਨ ਤੇ ਉਸਨੂੰ ਕਹਾਣੀ ਵਿਧਾ ਤੋਂ ਪਾਸਾ ਵੱਟ ਲੈਣ ਬਾਰੇ ਵੀ ਸਵਾਲ ਕਰਨਾ ਸੀ ਪਰ ਹੁਣ ਤਾਂ ਮੈਨੂੰ ਬਹੁਤਾ ਸਮਾਂ ਉੱਥੇ ਬੈਠਣਾ ਮੁਸ਼ਕਲ ਹੋਇਆ ਪਿਆ ਸੀ। ਦਾਰੂ ਦੀ ਲੋਰ ਵਿਚ ਮਨੋਹਰ ਯੱਬਲੀਆਂ ਮਾਰੀ ਜਾਂਦਾ ਸੀ।

"ਚਾਹ ਤਾਂ ਲੱਗਦਾ ਤੂੰ ਪੀਣੀ ਨ੍ਹੀ। ਆਪਣੇ ਨਵੇਂ ਕਹਾਣੀਕਾਰ ਨੂੰ ਕਿਤੇ ਫੇਰ ਪਿਆ ਦਿਆਂਗੇ। ਦਰਅਸਲ ਮੇਰਾ ਕਿਤੇ ਪ੍ਰੋਗਰਾਮ ਬਣਿਆ ਪਹਿਲਾਂ ਦਾ। ਮੈਂ ਨਿਕਲਣਾ ਜਲਦੀ।" ਸਿੱਧੂ ਦਮਦਮੀ ਸ਼ਰਾਬੀ ਤੋਂ ਖਹਿੜਾ ਛੁਡਾਉਣ ਦੇ ਰੌਂਅ ਵਿਚ ਸੀ।

"ਕੋਈ ਨਾ ਕੋਈ ਨਾ।" ਆਖਦਿਆਂ ਅਸੀਂ ਬਾਹਰ ਆ ਗਏ ਸਾਂ।

"ਤੈਨੂੰ ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਨੂੰ ਮਿਲਾਉਨੈਂ। ਆਪਣਾ ਯਾਰ ਐ।"

"ਸੰਪਾਦਕ ਨੂੰ ਫੇਰ ਮਿਲ ਲਾਂਗੇ ਪਹਿਲਾਂ ਆਪਣੇ ਕੰਮ ਦਾ ਪਤਾ ਕਰਲੀਏ।" ਮੈਂ ਜਕਦੇ-ਜਕਾਉਂਦਿਆਂ ਆਖਿਆ ਸੀ। ਸੂਰਜ ਮਹਾਰਾਜ ਪੱਛਮ ਵਾਲੇ ਪਾਸੇ ਨੂੰ ਟੇਢਾ ਹੋਇਆ ਸੂਟਾਂ ਵੱਟੀ ਜਾਂਦਾ ਸੀ।



"ਚੱਲ ਫਿਰ।" ਨਸ਼ੇ ਦੀ ਲੋਰ ਵਿਚ ਝੂਮਦਾ ਉਹ ਚੰਡੀਗੜ੍ਹ ਦੇ ਰੋਜ਼ਗਾਰ ਦਫ਼ਤਰ ਵੱਲ ਹੋ ਤੁਰਿਆ। ਦਫ਼ਤਰ ਦੀਆਂ ਪੌੜੀਆਂ ਚੜ੍ਹ ਕੇ ਉਹ "ਜੇ ਸੀ ਸ਼ਰਮਾ" ਦੇ ਨੇਮ ਪਲੇਟ ਵਾਲੇ ਇੱਕ ਕਮਰੇ ਮੂਹਰੇ ਜਾ ਖੜ੍ਹਾ ਸੀ। ਮਨੋਹਰ ਨੇ ਇੱਕ-ਦੋ ਕਰਮਚਾਰੀਆਂ ਨੂੰ "ਵੱਡੇ ਭਾਈ ਸਾਹਬ" ਬਾਰੇ ਪੁੱਛਿਆ ਤਾਂ ਉਹ, "ਸ਼ਰਮਾ ਜੀ ਤਾਂ ਛੁੱਟੀ 'ਤੇ ਨੇ" ਆਖਦਿਆਂ ਪਰ੍ਹਾਂ ਨੂੰ ਖਿਸਕ ਗਏ। ਮੈਨੂੰ ਲੱਗਿਆ ਜਿਵੇਂ ਉਹ 'ਛੋਟੇ ਭਾਈ ਸਾਹਬ' ਨੂੰ ਪਹਿਲਾਂ ਤੋਂ ਹੀ ਜਾਣਦੇ ਸਨ।

"ਭਾਈ ਸਾਬ੍ਹ ਡੇਰਾ ਬੱਸੀ ਰਹਿੰਦੇ ਨੇ। ਆਪਾਂ ਚੱਲਦੇ ਆਂ ਉੱਥੇ। ਰਾਤ ਉਨ੍ਹਾਂ ਕੋਲ ਰਹਾਂਗੇ। ਨਾਲੇ ਖੁੱਲ੍ਹ ਕੇ ਗੱਲਬਾਤ ਹੋਜੂ। ਪਹਿਲਾਂ ਆਪਾਂ ਟ੍ਰਿਬਿਊਨ ਚੱਲਦੇ ਆਂ, ਉੱਥੋਂ ਈ ਅੱਗੇ ਡੇਰਾ ਬੱਸੀ ਆਲੀ ਬੱਸ ਫੜਲਾਂਗੇ।" ਮੈਨੂੰ ਬਾਹੋਂ ਫੜ ਕੇ ਧੂੰਹਦਾ ਉਹ ਡੀ.ਟੀ.ਸੀ ਦੀ 'ਚ ਬੱਸ ਚੜ੍ਹ ਗਿਆ।

ਟ੍ਰਿਬਿਊਨ ਅਖਬਾਰ ਦੀ ਅੰਬਰ ਛੂੰਹਦੀ ਇਮਾਰਤ ਵੇਖ ਕੇ ਮੈਂ ਡੌਰ-ਭੌਰ ਜਿਹਾ ਹੋ ਗਿਆ ਸਾਂ। ਮੈਂ ਕਿਸੇ ਅਖਬਾਰ ਦੀ ਇਮਾਰਤ ਜ਼ਿੰਦਗੀ 'ਚ ਪਹਿਲੀ ਵਾਰ ਵੇਖ ਰਿਹਾ ਸਾਂ। ਪੰਜਾਬੀ ਟ੍ਰਿਬਿਊਨ ਮੈਨੂੰ ਪਹਿਲੇ ਦਿਨੋਂ ਹੀ ਖਿੱਚ ਪਾਉਂਦਾ ਰਿਹਾ। ਮੇਰਾ ਮਨਪਸੰਦ ਕਹਾਣੀਕਾਰ ਪ੍ਰੇਮ ਗੋਰਖੀ ਇੱਥੇ ਹੀ ਸੀ। ਹਰਭਜਨ ਹਲਵਾਰਵੀ ਦੀਆਂ ਕਵਿਤਾਵਾਂ ਦਾ ਮੈਂ ਵੱਡਾ ਪ੍ਰਸ਼ੰਸਕ ਸਾਂ। ਉਸਦਾ ਨਕਸਲੀ ਪਿਛੋਕੜ ਵੀ ਮੈਨੂੰ ਚੰਗਾ-ਚੰਗਾ ਲੱਗਦਾ ਸੀ।

ਮਨੋਹਰ ਧੁੱਸ ਦੇ ਕੇ ਸੰਪਾਦਕ ਦੇ ਕਮਰੇ ਵਿਚ ਵੜ ਗਿਆ। ਮੈਂ ਵੀ ਗੁੱਛੀ-ਮੁੱਛੀ ਹੋਇਆ ਉਸਦੇ ਮਗਰੇ-ਮਗਰ ਹੀ ਅੰਦਰ ਲੰਘ ਗਿਆ ਸਾਂ।

"ਉਏ ਆ ਵਈ ਮੌਦਗਿਲਾ। ਆਜਾ ਆਜਾ। ਘੋੜੇ ਚੜ੍ਹਿਆ ਲੱਗਦਾਂ? ਕਿਵੇਂ ਆਉਣੇ ਹੋਏ?"

ਸੰਪਾਦਕ ਦੇ ਕਮਰੇ ਵਿਚ ਕਈ ਜਾਣੇ ਬੈਠੇ ਸਨ। ਸ਼ਾਇਦ ਕੋਈ ਮੀਟਿੰਗ ਚੱਲ ਰਹੀ ਹੋਵੇ। ਹਲਵਾਰਵੀ ਤੋਂ ਇਲਾਵਾ ਮੈਂ ਕਿਸੇ ਨੂੰ ਵੀ ਨਹੀਂ ਸਾਂ ਪਛਾਣਦਾ। ਸੰਪਾਦਕ ਸਮੇਤ ਸਾਰਿਆਂ ਨਾਲ ਉਸਨੇ ਹੱਥ ਮਿਲਾਇਆ ਸੀ। ਇੰਜ ਲੱਗਾ ਜਿਵੇਂ ਸਾਰੇ ਹੀ ਮਨੋਹਰ ਮੌਦਗਿਲ ਦੇ ਆ ਜਾਣ 'ਤੇ ਔਖੇ ਸਨ। ਹੁਣ ਤੱਕ ਮੈਂ ਸਮਝ ਚੁੱਕਾ ਸਾਂ ਕਿ ਇਸ ਸ਼ਖਸ ਦੀ ਪ੍ਰਸਿੱਧੀ ਦੇ ਝੰਡੇ ਚਾਰ-ਚੁਫੇਰੇ ਝੂਲਦੇ ਸਨ। ਮੈਂ ਸਰਟੀਫਿਕੇਟਾਂ ਵਾਲਾ ਝੋਲਾ ਤੇ ਕੱਪੜਿਆਂ ਵਾਲਾ ਬੈਗ ਹਿੱਕ ਨਾਲ ਘੁੱਟ, ਇਕੱਠਾ ਜਿਹਾ ਹੋ ਕੇ ਕੁਰਸੀ ਵਿਚ ਧਸ ਗਿਆ ਸਾਂ।

"ਮੌਦਗਿਲ ਘੋੜੇ 'ਤੇ ਚੜ੍ਹਿਆ ਕਦੋਂ ਨ੍ਹੀ ਹੁੰਦਾ?" ਇੱਕ ਤਿੱਖੀ ਨੋਕ ਵਾਲੀ ਪੱਗ ਵਾਲੇ ਸਰਦਾਰ ਨੇ ਆਖਿਆ ਸੀ।

"ਪੀਣ ਦੇ ਮਾਮਲੇ 'ਚ ਤਾਂ 'ਗਿੱਲ' ਈ ਨ੍ਹੀ ਮਾਣ, ਏਹ ਤਾਂ ਮੂਹਰੇ 'ਮੌਦ' ਵੀ ਲਿਖਾਈ ਫਿਰਦਾ।" ਪਤਾ ਨਹੀਂ ਕਿਸਨੇ ਆਖਿਆ ਸੀ ਪਰ ਸਾਰਿਆਂ ਦਾ ਹਾਸਾ ਛਣਕ ਪਿਆ ਸੀ। ਪਹਿਲੀ ਵਾਰ ਮੇਰੇ ਚਿਹਰੇ 'ਤੇ ਵੀ ਮੁਸਕਰਾਹਟ ਆਈ ਸੀ।

"ਹਲਵਾਰਵੀ ਸਾਬ੍ਹ! ਇਹ ਮੁੰਡਾ ਆਪਣਾ ਬਰਖੁਰਦਾਰ ਐ। ਨਵਾਂ ਕਹਾਣੀਕਾਰ। ਕਲਮ ਚੰਗੀ ਐ ਮੁੰਡੇ ਦੀ। ਵਧੀਆ ਲਿਖਦਾ। ਕਈ ਕਹਾਣੀਆਂ...।" ਇੱਥੇ ਵੀ ਉਸਨੇ ਇੰਨ-ਬਿੰਨ ਉਹੀ ਸ਼ਬਦ ਬੋਲੇ ਸਨ ਜਿਹੜੇ ਸਿੱਧੂ ਦਮਦਮੀ ਕੋਲ ਬੋਲੇ ਸਨ।

"ਕੋਈ ਰਚਨਾ ਲਿਖ ਕੇ ਲਿਆਂਦੀ ਨਾਲ? ਕਾਪੀ 'ਚੋਂ ਲਿਖ ਕੇ ਦੇਦੇ। ਛਾਪ ਦੇਣਗੇ।" ਸਾਹਮਣੇ ਵਾਲਿਆਂ ਦਾ ਕੋਈ ਜੁਆਬ ਉਡੀਕੇ ਬਿਨਾ ਹੀ ਮਨੋਹਰ ਨੇ ਮੈਨੂੰ ਨਿਰਦੇਸ਼ ਜਾਰੀ ਕਰ ਦਿੱਤਾ ਸੀ।

"ਨਹੀਂ ਲਿਆਂਦੀ ਨ੍ਹੀ।" ਮੈਂ ਕੁੱਝ ਅਕੇਵੇਂ ਤੇ ਕੁੱਝ ਸ਼ਰਮ ਭਰੇ ਭਾਵਾਂ ਨਾਲ ਆਖਿਆ ਸੀ।

"ਕੋਈ ਨਾ ਘਰੇ ਜਾ ਕੇ ਭੇਜਦੂੰ। ਕਿਉਂ ਤਲੀ 'ਤੇ ਸਰ੍ਹੋਂ ਜੰਮਾਉਨੈਂ।" ਹਲਵਾਰਵੀ ਨੇ ਆਖਿਆ ਸੀ। ਫਿਰ ਉਹ ਕਿੰਨਾ ਚਿਰ ਮੌਦਗਿੱਲ 'ਤੇ ਵਿਅੰਗ ਕੱਸਦੇ ਹੋਏ ਹਾਸਾ-ਠੱਠਾ ਕਰਦੇ ਰਹੇ।

"ਚੱਲੀਏ! ਆਪਾਂ ਲੇਟ ਹੋ ਰਹੇ ਆਂ, ਬੱਸ ਨ੍ਹੀ ਮਿਲਣੀ।" ਮੈਂ ਛੇਤੀ ਤੋਂ ਛੇਤੀ ਉੱਥੋਂ ਖਿਸਕਣਾ ਚਾਹੁੰਦਾ ਸਾਂ।

"ਚੱਲਦੇਂ-ਚੱਲਦੇਂ!" ਉਹ ਹੱਥ ਮਾਕੇ ਮੈਨੂੰ ਬਹੌਣ ਲੱਗਾ ਸੀ।

"ਮੌਦਗਿਲ ਜ਼ਿੱਦ ਨਹੀਂ ਕਰੀਦੀ। ਮੁੰਡਾ ਠੀਕ ਆਖਦਾ। ਪਹਿਲਾਂ ਆਵਦਾ ਕੰਮ ਧੰਦਾ ਨਿਬੇੜ ਲੋ। ਆਪਾਂ ਕਿਤੇ ਫੇਰ ਬਹਿ ਕੇ ਮਾਰਾਂਗੇ ਖੁੱਲ੍ਹੀਆਂ ਗੱਲਾਂ।" ਹਲਵਾਰਵੀ ਨੇ ਮਿਲਾਉਣ ਲਈ ਹੱਥ ਅੱਗੇ ਕਰ ਦਿੱਤਾ ਸੀ। ਇਹ ਸਾਨੂੰ ਜਾਣ ਦਾ ਸਪਸ਼ਟ ਇਸ਼ਾਰਾ ਸੀ।

"ਚੱਲ ਠੀਕੈ। ਚੰਗਾ-ਚੰਗਾ, ਫੇਰ ਆਵਾਂਗੇ।"

"ਓਕੇ-ਓਕੇ।" ਬਾਕੀ ਸਾਰਿਆਂ ਨੇ ਉਥੋਂ ਹੀ ਹੱਥ ਹਿਲਾ ਦਿੱਤੇ ਸਨ।

"ਯਾਰ ਗੇਟ ਆਲਿਆਂ ਨੂੰ ਆਖੋ ਏਹਨੂੰ ਨਾ ਆਉਣ ਦਿਆ ਕਰਨ ਅੰਦਰ।" ਸਾਡੇ ਦਰਵਾਜ਼ਾ ਲੰਘਦਿਆਂ ਹੀ ਅਖਬਾਰੀ ਅਮਲੇ ਦੇ ਬੋਲ ਵੀ ਸਾਡੇ ਮਗਰੇ ਤੁਰ ਆਏ ਸਨ।

ਹੁਣ ਸਾਡਾ ਦੋਵਾਂ ਦਾ ਕਾਫ਼ਲਾ ਅਗਲੀ ਬੇਇਜ਼ਤੀ ਲਈ ਡੇਰਾ ਬੱਸੀ ਵੱਲ ਕੂਚ ਕਰ ਚੁੱਕਾ ਸੀ। ਸਾਰੇ ਰਾਹ ਮੈਂ ਆਉਣ ਵਾਲੀਆਂ ਮੁਸ਼ਕਲਾਂ-ਮੁਸੀਬਤਾਂ ਬਾਰੇ ਹੀ ਸੋਚਦਾ ਰਿਹਾ।

ਇੱਕ ਘਰ ਦੇ ਮੂਹਰੇ ਜਾ ਕੇ ਉਸ ਨੇ ਦਰਵਾਜ਼ੇ 'ਤੇ ਲੱਗੀ ਘੰਟੀ ਦੀ ਸਵਿਚ ਦੱਬੀ। ਦੋ ਕੁ ਮਿੰਟ ਦੇ ਵਕਫ਼ੇ ਬਾਅਦ ਇੱਕ ਲੜਕੀ ਨੇ ਦਰਵਾਜ਼ਾ ਖੋਲ੍ਹਿਆ। ਸਾਨੂੰ ਵੇਖਦਿਆਂ ਹੀ ਉਹਦਾ ਰੰਗ ਉੱਡ ਗਿਆ।

"ਮੰਮੀ! ਚਾਚਾ" ਉਸ ਨੇ ਦਰਵਾਜ਼ੇ ਵਿਚ ਖੜ੍ਹਿਆਂ ਹੀ ਪਿੱਛੇ ਨੂੰ ਮੂੰਹ ਕਰ ਕੇ ਘਰਦਿਆਂ ਨੂੰ ਸੂਚਨਾ ਦਿੱਤੀ। ਅੰਦਰੋਂ ਕੋਈ ਜ਼ਨਾਨਾ ਆਵਾਜ਼ ਆਈ ਜੋ ਮੈਨੂੰ ਤਾਂ ਸੁਣਾਈ ਨਾ ਦਿੱਤੀ ਪਰ ਉਸ ਆਵਾਜ਼ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਹੀ ਕੁੜੀ ਨੇ "ਠੱਕ" ਕਰ ਕੇ ਦਰਵਾਜ਼ਾ ਭੇੜ ਲਿਆ।

ਸ਼ਰਾਬੀ ਨੇ ਘੰਟੀ ਦੀ ਸਵਿਚ ਕਈ ਵਾਰ ਦਬਾਈ। ਪੰਜ-ਸੱਤ ਮਿੰਟ ਅਸੀਂ ਦਰਵਾਜ਼ਾ ਖੁੱਲ੍ਹਣ ਦਾ ਇੰਤਜ਼ਾਰ ਕਰਦੇ ਰਹੇ। ਦਰਵਾਜ਼ਾ ਕਿੱਥੋਂ ਖੁੱਲ੍ਹਣਾ ਸੀ? ਖੋਲ੍ਹਣ ਵਾਸਤੇ ਤਾਂ ਉਹ ਭੇੜਿਆ ਹੀ ਨਹੀਂ ਸੀ ਗਿਆ। ਹੁਣ ਤਾਂ ਮੈਨੂੰ ਬਿਲਕੁਲ ਹੀ ਸਾਫ ਹੋ ਚੁੱਕਾ ਸੀ ਕਿ ਨੌਕਰੀ ਵਾਲੇ ਕਿਸੇ ਵੀ ਦਰਵਾਜ਼ੇ ਦੀ ਚਾਬੀ ਮਨੋਹਰ ਮੌਦਗਿਲ ਕੋਲ ਨਹੀਂ ਹੈ।

"ਹੁਣ ਕਿੱਥੇ ਜਾਈਏ?" ਮੇਰੇ ਚਿਹਰੇ 'ਤੇ ਲਟਕਦਾ ਸੁਆਲ ਉਸ ਨੇ ਪੜ੍ਹ ਲਿਆ ਸੀ। ਰਾਤ ਦੇ ਨੌਂ ਵੱਜ ਗਏ ਸਨ। ਇਹ ਉਹ ਦਿਨ ਸਨ ਜਦੋਂ ਪਿੰਡਾਂ-ਸ਼ਹਿਰਾਂ ਵਿਚ ਸੂਰਜ ਢਲਦਿਆਂ ਹੀ ਰਾਤ ਪੈ ਜਾਂਦੀ ਸੀ। ਚਾਰ-ਚੁਫੇਰੇ ਮੜ੍ਹੀਆਂ ਵਰਗੀ ਚੁੱਪ। ਗਲੀਆਂ ਵਿਚ ਦੀ ਅਸੀਂ ਵਾਪਸ ਡੇਰਾ ਬੱਸੀ ਦੇ ਬੱਸ ਅੱਡੇ 'ਚ ਆ ਗਏ। ਅੱਡੇ ਵਿਚ ਬੰਦਾ ਤਾਂ ਕੀ ਕੋਈ ਪਰਿੰਦਾ ਵੀ ਨਹੀਂ ਸੀ। ਬੱਸ ਅੱਡੇ ਦੀਆਂ ਤਾਂ ਇੱਟਾਂ ਵੀ ਘੂਕ ਸੁੱਤੀਆਂ ਪਈਆਂ ਸਨ। ਮਨੋਹਰ ਕਮਲਿਆਂ ਵਾਂਗ ਮੈਨੂੰ ਕਦੀ ਏਧਰ ਤੇ ਕਦੀ ਓਧਰ ਲਈ ਫਿਰਦਾ ਸੀ। ਮੈਂ ਪਹਿਲੀ ਵਾਰ ਘਰੋਂ ਏਨੀ ਦੂਰ ਆਇਆ ਸਾਂ।

ਮਨੋਹਰ ਨੇ ਖੀਸੇ 'ਚੋਂ ਪਊਆ ਕੱਢ ਕੇ ਬਾਕੀ ਬਚਦੀ ਦਾਰੂ ਅੰਦਰ ਸੁੱਟ ਲਈ ਤੇ ਬੱਸ ਸਟੈਂਡ ਦੇ ਨਲਕੇ 'ਤੋਂ ਪਾਣੀ ਦੀਆਂ ਦੋ ਕੁ ਘੁੱਟਾਂ ਭਰ ਲਈਆਂ। ਅਸੀਂ ਬੱਸ ਅੱਡੇ ਵਿਚ ਪੱਕੇ ਤੌਰ 'ਤੇ ਗੱਡੀਆਂ ਪੱਥਰ ਦੀਆਂ ਥੜ੍ਹੀਆਂ 'ਤੇ ਆ ਬੈਠੇ।

"ਕੋਈ ਨਾ ਕੋਈ ਨਾ। ਤੂੰ ਫਿਕਰ ਨਾ ਕਰ। ਆਪਾਂ ਸਵੇਰੇ-ਸਾਝਰੇ ਕਰਾਂਗੇ ਬਾਈ ਨਾਲ ਗੱਲ।" ਉਹ ਉੱਘ ਦੀਆਂ ਪਤਾਲ ਛੱਡੀ ਜਾਂਦਾ ਸੀ। ਓਧਰ ਭੁੱਖ ਮੇਰੀਆਂ ਆਂਦਰਾਂ ਚੀਰੀ ਤੁਰੀ ਜਾਂਦੀ ਸੀ। ਸਵੇਰ ਦੀ ਰੋਟੀ ਖਾਧੀ ਹੋਈ ਸੀ। ਮੇਰੇ ਅੰਦਰ ਗੁੱਸੇ ਦੀਆਂ ਵੱਟਾਂ ਬਣੀ ਜਾਂਦੀਆਂ ਸਨ। ਮੇਰਾ ਜੀਅ ਕਰਦਾ ਸੀ ਪੰਡਤ ਜੀ ਨੂੰ ਢਾਹ ਕੇ ਗੋਡਿਆਂ ਥੱਲੇ ਕਰ ਲਵਾਂ। ਅੰਦਰੋਂ ਮੈਂ ਬੁਰੀ ਤਰ੍ਹਾਂ ਡਰ ਵੀ ਰਿਹਾ ਸਾਂ। ਇਸ ਤਰ੍ਹਾਂ ਆਵਾਗੌਣ ਘੁੰਮਦਿਆਂ ਨੂੰ ਜੇ ਕਿੱਧਰੇ ਪੁਲਸ, ਸੀ ਆਰ ਪੀ ਜਾਂ ਬੀ ਐਸ ਐਫ਼ ਵਾਲੇ ਮਿਲ ਗਏ? ਕੀ ਦੱਸੂੰ ਆਪਣੇ ਬਾਰੇ? ਉਸ ਦੌਰ 'ਚ 'ਪੱਗ' ਅਤੇ 'ਲੋਈ' ਤਾਂ ਦਹਿਸ਼ਤ ਦੇ ਚਿੰਨ੍ਹ ਬਣੇ ਪਏ ਸਨ। ਘੜੀ ਮੁੜੀ ਮੇਰਾ ਖਿਆਲ ਆਪਣੀ ਪੱਗ ਵੱਲ ਚਲਾ ਜਾਂਦਾ ਸੀ। ਸਰਦਈ ਰੰਗ ਦੀ ਨੋਕਦਾਰ ਪਟਿਆਲਾ ਸ਼ਾਹੀ ਪੱਗ ਦੇ ਥੱਲੇ ਕੇਸਰੀ ਫਿਫਟੀ ਮੇਰਾ ਮਨਪਸੰਦ ਪਹਿਰਾਵਾ ਸੀ। ਉਦੋਂ ਇਹ ਇਕਲੌਤੀ ਪੱਗ ਹੁੰਦੀ ਸੀ ਕੋਲ। ਮੇਰਾ ਵੱਡਾ ਸਰਮਾਇਆ।

ਠੰਢ ਹੱਡਾਂ ਨੂੰ ਚੀਰਦੀ ਜਾਂਦੀ ਸੀ। ਮੇਰਾ ਦਿਲ ਕਰਦਾ ਸੀ ਕਿ ਝੋਲੇ 'ਚੋਂ ਲੋਈ ਕੱਢ ਕੇ ਬੁੱਕਲ ਮਾਰ ਲਵਾਂ ਪਰ ਦਹਿਸ਼ਤ ਦੀ ਪ੍ਰਤੀਕ ਇਸ ਦੂਸਰੀ ਨਿਸ਼ਾਨੀ ਨੂੰ ਬੈਗ ਦੇ ਅੰਦਰ ਹੀ ਟਿਕਿਆ ਰਹਿਣ ਦੇਣਾ ਯੋਗ ਸਮਝਿਆ।

"ਗੁਰਮੀਤ ਥੋੜ੍ਹੇ ਜਏ ਪੈਸੇ ਕੱਢ ਪਊਆ ਫੜ ਲਿਆਵਾਂ। ਮੇਰਾ ਨਸ਼ਾ ਟੁੱਟ ਗਿਆ।" ਸਵੇਰ ਦੇ ਪੰਜ ਪਊਏ ਉਹ ਪਹਿਲਾਂ ਹੀ ਪੀ ਚੁੱਕਾ ਸੀ। ਮੇਰਾ ਗੁੱਸਾ ਸੱਤਵੇਂ ਅਸਮਾਨ 'ਤੇ ਚੜ੍ਹ ਗਿਆ।

"ਖੜੋ ਤੇਰੀ...ਪਿਆਉਨਾਂ ਤੈਨੂੰ ਥਰੀ ਐਕਸ ਰੰਮ।" ਇਹ ਗਾਹਲ ਮੇਰੇ ਅੰਦਰੋਂ ਉੱਠੀ ਜ਼ਰੂਰ ਪਰ ਮੈਂ ਬੁੱਲਾਂ ਤੱਕ ਨਾ ਆਉਣ ਦਿੱਤੀ। ਦਿਮਾਗ ਦੀ ਚੱਕਰੀ ਬੜੀ ਤੇਜ਼ੀ ਨਾਲ ਘੁੰਮਦਿਆਂ ਸ਼ਰਾਬੜ ਤੋਂ ਖਹਿੜਾ ਛੁਡਾਉਣ ਦੀ ਸੋਚਣ ਲੱਗੀ।

"ਲਓ ਪੈਸੇ! ਤੁਸੀਂ ਆਪ ਜਾ ਕੇ ਲੈ ਆਓ, ਮੈਂ ਬਾਹਲਾ ਥੱਕ ਗਿਆਂ। ਮੈਂ ਐਥੇ ਈ ਬਹਿਨਾਂ ਥੜ੍ਹੀ 'ਤੇ।" ਮੈਂ ਬਾਪੂ ਦੀ ਖੋਜ 'ਰੁਜ਼ਗਾਰ ਦਾਤੇ' ਨੂੰ ਪੈਸੇ ਫੜਾਉਂਦਿਆਂ ਪੱਥਰ ਦੇ ਬਣੇ ਬੈਂਚ ਉਪਰ ਢਹਿਢੇਰੀ ਹੋ ਗਿਆ।

ਮਨੋਹਰ 'ਭਾਜੀ' ਹੁਰੀਂ ਪੈਸੇ ਫੜ ਕੇ ਠੇਕਾ ਲੱਭਣ ਬਾਜ਼ਾਰ ਵੱਲ ਹੋ ਤੁਰੇ। ਜਿਉਂ ਹੀ ਉਹ

*(ਬਾਕੀ ਅਗਲੇ ਸਫੇ 'ਤੇ)*

# ਬਹੁਤ ਕੌੜਾ ਤੇ ਦੁੱਖ ਦੇਣ ਵਾਲਾ ਸੱਚ

ਦਿਲਚਸਪ ਕਿੱਸੇ




*ਵਰਿਆਮ ਸਿੰਘ ਸੰਧੂ ਨੇ ਚੜ੍ਹਦੀ ਵਰੇਸੇ ਪੰਜਾਬੀ ਸਾਹਿਤ ਜਗਤ ਵਿਚ ਪਹਿਲਾਂ ਕਵਿਤਾ ਨਾਲ ਭਰਪੂਰ ਹਾਜ਼ਰੀ ਲਵਾਈ, ਫਿਰ ਕਹਾਣੀ ਦੇ ਖੇਤਰ ਵਿਚ ਨਵੇਂ ਪੂਰਨੇ ਪਾਏ ਅਤੇ ਫਿਰ ਵਾਰਤਕ ਦੀ ਦੁਨੀਆ ਵਿਚ ਵੀ ਆਪਣੀ ਕਲਮ ਦਾ ਲੋਹਾ ਮਨਵਾਇਆ। ਉਸ ਦੀਆਂ ਰਚਨਾਵਾਂ ਪੰਜਾਬ ਦੇ ਸਰੋਕਾਰਾਂ ਨਾਲ ਡੂੰਘੀਆਂ ਜੁੜੀਆਂ ਹੋਈਆਂ ਹਨ। ਇਸ ਕਾਲਮ ਰਾਹੀਂ ਅਸੀਂ ਉਨ੍ਹਾਂ ਦੀ ਵਾਰਤਕ ਦੇ ਦਿਲਚਸਪ ਕਿੱਸਿਆਂ ਦੀ ਲੜੀ ਆਪਣੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ।*

**ਵਰਿਆਮ ਸਿੰਘ ਸੰਧੂ**
ਫੋਨ: 647-535-1539
ਵਟਸਐਪ-98726-02296

-ਖਾਣ ਨੂੰ ਰਜਵੀਂ ਰੋਟੀ ਨਹੀਂ ਸੀ ਮਿਲਦੀ 'ਆਜ਼ਾਦ' ਦੇਸ਼ ਵਿਚ

- ਕਈ ਸਾਲ ਪਹਿਲਾਂ ਗ਼ਦਰੀ ਬਾਬਾ ਹਰਨਾਮ ਸਿੰਘ ਟੁੰਡੀਲਾਟ ਦੀਆਂ ਇਹ ਚਿੱਠੀਆਂ ਪੜ੍ਹਦਿਆਂ ਮੇਰਾ ਤਾਂ ਕਲੇਜਾ ਹਿੱਲ ਗਿਆ ਸੀ। ਤੁਹਾਡੇ ਦਾ ਪਤਾ ਨਹੀਂ।

-ਬਾਬਾ ਹਰਨਾਮ ਸਿੰਘ ਟੁੰਡੀਲਾਟ ਮਹਾਨ ਗ਼ਦਰੀ ਯੋਧੇ ਸਨ, ਜਿਹੜੇ ਕਰਤਾਰ ਸਿੰਘ



ਸਰਾਭਾ ਤੇ ਜਗਤ ਸਿੰਘ ਸੁਰ ਸਿੰਘ ਸਮੇਤ ਗ੍ਰਿਫ਼ਤਾਰ ਹੋਏ ਸਨ। 24 ਗ਼ਦਰੀਆਂ ਸਮੇਤ ਉਨ੍ਹਾਂ ਨੂੰ ਸਜ਼ਾਏ-ਮੌਤ ਸੁਣਾਈ ਗਈ। ਬਾਅਦ ਵਿਚ ਪੰਜ ਹੋਰ ਸਾਥੀਆਂ ਸਮੇਤ ਸਰਾਭੇ ਤੇ ਜਗਤ ਸਿੰਘ ਨੂੰ ਤਾਂ ਫਾਂਸੀ ਹੋ ਗਈ ਪਰ 17 ਜਣਿਆਂ ਦੀ ਫਾਂਸੀ ਦੀ ਸਜ਼ਾ, ਬਾਬਾ ਟੁੰਡੀਲਾਟ ਤੇ ਬਾਬਾ ਭਕਨਾ ਜਿਹੇ ਕੁਝ ਹੋਰ ਗ਼ਦਰੀਆਂ ਸਮੇਤ, ਉਮਰ ਕੈਦ, ਕਾਲੇ ਪਾਣੀ ਤੇ ਜਾਇਦਾਦ ਜ਼ਬਤੀ ਵਿਚ ਬਦਲ ਦਿੱਤੀ ਗਈ ਸੀ। ਗ਼ਦਰ ਲਹਿਰ ਵਿਚ ਉਹ ਵੱਡੇ ਆਗੂ ਵਜੋਂ ਜਾਣੇ ਜਾਂਦੇ ਸਨ। ਲਾਲਾ ਹਰਦਿਆਲ ਤੋਂ ਬਾਅਦ 'ਗ਼ਦਰ' ਅਖ਼ਬਾਰ ਦੇ ਸੰਪਾਦਕੀ ਮੰਡਲ ਦੇ ਇੰਚਾਰਜ ਬਣਾਏ ਗਏ। ਅਖ਼ਬਾਰ ਦਾ ਪ੍ਰਬੰਧ ਵੇਖਦੇ। 'ਗ਼ਦਰ ਦੀ ਗੂੰਜ' ਦੀਆਂ ਕਵਿਤਾਵਾਂ ਲਿਖਦੇ। ਯੁਗਾਂਤਰ ਆਸ਼ਰਮ ਦਾ ਪ੍ਰਬੰਧ ਵੇਖਦੇ। ਅਸੀਂ ਜਾਣਦੇ ਹਾਂ ਕਿ ਉਨ੍ਹਾਂ ਦਾ ਇਕ ਹੱਥ ਬਣਾਏ ਬੰਬ ਦਾ ਤਜਰਬਾ ਕਰਦਿਆਂ ਉਡ ਗਿਆ ਸੀ। ਏਸੇ ਕਰ ਕੇ ਉਨ੍ਹਾਂ ਨੂੰ 'ਟੁੰਡੀਲਾਟ' ਕਹਿ ਕੇ ਪੁਕਾਰਿਆ ਜਾਂਦਾ ਸੀ। 'ਟੁੰਡੀਲਾਟ' ਇਸ ਕਰ ਕੇ ਕਿ ਲਾਰਡ ਹਾਰਡਿੰਗ ਨੂੰ ਟੁੰਡੀਲਾਟ ਕਿਹਾ ਜਾਂਦਾ ਸੀ।

ਜਦੋਂ ਗੁਰਚਰਨ ਸਿੰਘ ਸਹਿੰਸਰਾ 'ਦੇਸ਼ ਭਗਤ ਯਾਦਗਾਰ ਕਮੇਟੀ' ਦੀ ਅਗਵਾਈ ਵਿਚ 'ਗ਼ਦਰ ਪਾਰਟੀ ਦਾ ਇਤਿਹਾਸ' ਲਿਖਣ ਲਈ ਮਸਾਲਾ ਇਕੱਠਾ ਕਰ ਰਿਹਾ ਸੀ ਤਾਂ ਉਸਨੇ ਗ਼ਦਰ ਪਾਰਟੀ ਦੀ ਸਥਾਪਨਾ ਤੇ 'ਗ਼ਦਰ' ਅਖ਼ਬਾਰ ਦੀ ਪ੍ਰਕਾਸ਼ਨਾ ਨਾਲ ਮੁੱਢੋਂ ਜੁੜੇ ਰਹੇ ਪ੍ਰਸਿੱਧ ਗ਼ਦਰੀ ਦੇਸ਼ ਭਗਤ ਬਾਬਾ ਹਰਨਾਮ ਸਿੰਘ ਟੁੰਡੀਲਾਟ ਨੂੰ ਚਿੱਠੀਆਂ ਲਿਖ ਕੇ ਉਸ ਦੌਰ ਦੀਆਂ ਯਾਦਾਂ ਨੂੰ ਕਲਮ-ਬੰਦ ਕਰਕੇ ਭੇਜਣ ਦੀ ਬੇਨਤੀ ਕੀਤੀ।

ਬਾਬਾ ਹਰਨਾਮ ਸਿੰਘ ਟੁੰਡੀਲਾਟ ਨੇ ਜਵਾਬ ਵਿਚ ਲਿਖਿਆ ਸੀ, 'ਮੁਝੇ ਕਿਸੇ ਭੀ ਨਏ ਪੁਰਾਨੇ ਸਾਥੀ ਕੀ ਇਮਦਾਦ ਸੇ ਅਖ਼ਬਾਰ 'ਗ਼ਦਰ' ਕੇ ਜਾਰੀ ਹੋਨੇ ਕੀ ਤਾਰੀਖ਼ ਕੇ ਬਾਰੇ ਮੇਂ ਕੋਈ ਸਹਾਇਤਾ ਨਹੀਂ ਮਿਲ ਸਕੀ। ਦੋ ਤੀਨ ਪੁਰਾਨੇ ਸਾਥੀਓਂ ਸੇ ਪੂਛਾ ਗਇਆ। ਉਨਕੀ ਯਾਦ-ਦਾਸ਼ਤ ਸਿਫ਼ਰ ਸੇ ਭੀ ਨੀਚੇ ਚਲੀ ਗਈ ਹੈ। ਅਪਨੀ ਏਕ ਲਿਖੀ ਹੂਈ ਕਾਪੀ ਕਾਗ਼ਜ਼ਾਤ ਮੇਂ ਦਬੀ ਪੜੀ ਦੇਖਨੇ ਕੋ ਮਿਲ ਗਈ। ਇਸ ਸੇ ਇਸ ਬਾਤ ਕੀ ਸਹੀ ਰੌਸ਼ਨੀ ਪੜੀ।'

-ਇਹ ਠੀਕ ਹੈ ਕਿ ਇਹ ਗ਼ਦਰੀ ਬਾਬੇ ਜਿਊਂਦਾ-ਜਾਗਦਾ ਸਾਹ ਲੈਂਦਾ ਇਤਿਹਾਸ ਸਨ ਪਰ ਇਹ ਆਪਣੀਆਂ ਹਿੱਕਾਂ ਅੰਦਰ ਦੱਬੇ ਇਤਿਹਾਸ ਨੂੰ ਕਿਵੇਂ ਲਿਖਦੇ ਜਾਂ ਦੱਸਦੇ ਜਦੋਂ ਕਿ ਉਨ੍ਹਾਂ ਨੂੰ ਖ਼ੁਦ ਸਾਹ ਲੈਂਦੇ ਰਹਿਣ ਲਈ ਡਾਢੀਆਂ ਔਖੀਆਂ ਘਾਟੀਆਂ ਵਿਚੋਂ ਲੰਘਣਾ ਪੈ ਰਿਹਾ ਸੀ। ਹਾਲਾਤ ਦੀ ਸਿਤਮ-ਜ਼ਰੀਫ਼ੀ ਤਾਂ ਇਹ ਹੈ ਕਿ ਦੇਸ਼ 'ਆਜ਼ਾਦ' ਹੋਣ ਪਿੱਛੋਂ ਉਨ੍ਹਾਂ ਵਿਚੋਂ ਬਹੁਤਿਆਂ ਦੀ ਆਰਥਕ ਸਥਿਤੀ ਅਜਿਹੀ ਬਣੀ ਰਹੀ ਕਿ ਉਨ੍ਹਾਂ ਨੂੰ ਦੋ ਡੰਗ ਦੀ ਰੋਟੀ ਦਾ ਧੰਦਾ ਸਾਰਨ ਲਈ ਵੀ ਡਾਢਾ ਔਖਾ ਹੋਣਾ ਪਿਆ।

ਬਾਬਾ ਹਰਨਾਮ ਸਿੰਘ ਟੁੰਡੀਲਾਟ ਜੀ ਵੱਲੋਂ ਕਾਮਰੇਡ ਸਹਿੰਸਰਾ ਨੂੰ ਲਿਖੀਆਂ ਚਿੱਠੀਆਂ ਵਿਚੋਂ ਮੈਨੂੰ ਬਾਬਾ ਜੀ ਦੀ ਉਹ ਚਿੱਠੀ ਪੜ੍ਹ ਕੇ ਨਹਾਇਤ ਦੁੱਖ ਅਤੇ ਸ਼ਰਮਿੰਦਗੀ ਦਾ ਅਹਿਸਾਸ ਹੋਇਆ ਜਿਸ ਵਿਚ ਉਨ੍ਹਾਂ ਨੇ ਲਿਖਿਆ ਸੀ, 'ਕਈ ਮਹੀਨੇ ਹੂਏ ਮੈਨੇ ਆਪਕੋ ਏਕ ਖ਼ਤ ਕੇ ਜਵਾਬ ਮੇਂ ਲਿਖਾ ਥਾ ਕਿ ਅਖ਼ਬਾਰ 'ਗ਼ਦਰ' ਕਾ ਪਹਿਲਾ ਪਰਚਾ ਛਪਾਇਆ ਹੋਨੇ ਕੀ ਤਾਰੀਖ਼ ਕਾ ਅਸਲੀ ਪਤਾ, ਕੁਝ ਔਰ ਸਬੂਤ ਦਰਿਆਫ਼ਤ ਕਰਕੇ ਬਤਲਾਊਂਗਾ। ਮਗਰ ਮਾਹ ਅਪ੍ਰੈਲ ਸੇ ਹੀ ਰੋਟੀ ਵਗ਼ੈਰਾ ਕੀ ਤੰਗੀ ਹੋਨੇ ਸੇ ਮੇਰੀ ਜਿਸਮਾਨੀ ਸਿਹਤ ਪਰ ਭੀ ਇਸਕਾ ਅਸਰ ਹੂਆ ਹੈ। ਇਸਕੇ ਸਾਥ ਪ੍ਰੇਸ਼ਾਨੀ ਜਾਂ ਚਿੰਤਾ ਫ਼ਿਕਰ ਕਾ ਦਬਾਓ ਹੋਨਾ ਭੀ ਜ਼ਰੂਰੀ ਥਾ। ਇਨ ਹਾਲਾਤ ਮੇਂ, ਮੈਂ ਉਪਰ ਵਾਲੀ ਬਾਤ ਕਾ ਜਵਾਬ ਦੇਨੇ ਕੇ ਕਾਬਲ ਨਹੀਂ ਹੋ ਸਕਾ।'

ਆਜ਼ਾਦੀ ਲਈ ਆਪਾ ਸਮਰਪਣ ਕਰਨ ਤੇ ਆਪਣੀ ਜ਼ਿੰਦਗੀ ਦੇ ਸੁਖ-ਚੈਨ ਨਿਸ਼ਾਵਰ ਕਰਨ ਵਾਲੇ ਬਾਬਾ ਟੁੰਡੀਲਾਟ ਵਰਗਿਆਂ ਦੀ ਅਜਿਹੀ ਹਾਲਤ ਪ੍ਰਾਪਤ ਆਜ਼ਾਦੀ ਦੇ ਖੋਖਲੇਪਨ ਦਾ ਉਛਾੜ ਤਾਂ ਪਾੜਦੀ ਹੀ ਹੈ, ਨਾਲ ਇਹ ਵੀ ਦੱਸਦੀ ਹੈ ਕਿ ਅਸੀਂ ਉਨ੍ਹਾਂ ਸੂਰਮਿਆਂ ਦੀ ਕਿੰਨੀ ਕੁ ਸਾਂਭ-ਸੰਭਾਲ ਕੀਤੀ।

---

*(ਪਿਛਲੇ ਸਫੇ ਦਾ ਬਾਕੀ)*

ਗਲੀ ਦਾ ਮੋੜ ਮੁੜ ਕੇ ਅੱਖੋਂ ਉਹਲੇ ਹੋਏ, ਮੈਂ ਇੱਕ ਪਾਸੇ ਵੱਲ ਨੂੰ ਸੂਟ ਵੱਟ ਲਈ। ਥੋੜ੍ਹੀ ਦੂਰ ਜਾ ਕੇ ਮੈਂ ਪਿੱਛੇ ਮੁੜ ਕੇ ਵੇਖਿਆ, ਕੁੱਝ ਵੀ ਦਿਖਾਈ ਨਹੀਂ ਸੀ ਦੇ ਰਿਹਾ। ਦੂਰ ਤੱਕ ਹਨੇਰੀ ਰਾਤ ਨੇ ਕਾਲੀ ਲੋਈ ਦੀ ਬੁੱਕਲ ਮਾਰੀ ਹੋਈ ਸੀ। ਮੇਰੇ ਸਾਹ 'ਚ ਸਾਹ ਆਇਆ। ਵਰਕਸ਼ਾਪ ਦਾ ਸ਼ਟਰ ਸੁੱਟ ਕੇ ਜਿੰਦਾ ਲਾਉਂਦੇ ਦੋ ਬੰਦਿਆਂ ਨੂੰ ਵੇਖ ਕੇ ਮੈਨੂੰ ਕੁੱਝ ਤਸੱਲੀ ਜਿਹੀ ਹੋਈ।

"ਵੀਰ ਜੀ, ਇੱਥੇ ਕੋਈ ਗੁਰਦੁਆਰਾ ਹੈਗਾ ਰਾਤ ਕੱਟਣ ਵਾਸਤੇ?"

ਉਨ੍ਹਾਂ ਦੋਵਾਂ ਨੇ ਮੈਨੂੰ ਸਿਰ ਤੋਂ ਲੈ ਕੇ ਪੈਰਾਂ ਤੱਕ ਗਹੁ ਤੇ ਸ਼ੱਕੀ ਨਜ਼ਰਾਂ ਨਾਲ ਵੇਖਿਆ।

"ਗੁਰਦੁਆਰਾ ਤਾਂ ਹੈ, ਲੰਗਰ ਪਾਣੀ ਵੀ ਮਿਲਜੂ ਪਰ ਰਾਤ ਰਹਿਣ ਦਾ ਪ੍ਰਬੰਧ ਹੈਨੀ।"

"ਹੱਛਾ!" ਮੈਂ ਬੁੱਝੇ ਮਨ ਨਾਲ ਆਖਿਆ।

"ਗੁਰਦੁਆਰੇ 'ਚ ਰਹਿਣਾ ਠੀਕ ਵੀ ਨ੍ਹੀ। ਸੀ.ਆਰ.ਪੀ. ਤਲਾਸ਼ੀ ਲੈਂਦੀ ਐ ਕਈ ਵਾਰ। ਏਸੇ ਕਰਕੇ ਗੁਰਦੁਆਰੇ ਵਾਲੇ ਕਿਸੇ ਨੂੰ ਰਾਤ ਨ੍ਹੀ ਰੱਖਦੇ। ਪਿੱਛੇ ਜਿਹੇ ਬੰਦੇ ਚੱਕੇ ਗੁਰਦੁਆਰੇ 'ਚੋਂ।" ਉਨ੍ਹਾਂ ਨੇ ਮੈਨੂੰ ਹੋਰ ਡਰਾ ਦਿੱਤਾ ਸੀ।

"ਕੋਈ ਹੋਰ ਪ੍ਰਬੰਧ ਕਰ ਲੈ।" ਆਖਦਿਆਂ ਉਹ ਸਕੂਟਰ ਨੂੰ ਕਿੱਕ ਮਾਰ ਕੇ ਚਲੇ ਗਏ।

ਹੁਣ ਪਿੱਛੇ ਰਹਿ ਗਈ ਡਰਾਉਣੀ ਕਾਲੀ ਰਾਤ। ਵਿਧਵਾ ਦੇ ਹਉਕੇ ਵਰਗੀ ਸੁੰਨੀ ਸੜਕ। ਪੋਹ ਦੇ ਮਹੀਨੇ ਵਿਚ ਵਗਦੀ ਬਰਫ਼ ਵਰਗੀ ਠੰਢੀ ਸ਼ੀਤ ਹਵਾ—ਤੇ ਜਾਂ ਫਿਰ ਮੈਂ। ਮੇਰਾ ਜੀਅ ਕੀਤਾ, ਵਾਪਸ ਜਾ ਕੇ ਬੱਸ ਸਟੈਂਡ ਦੀ ਥੜ੍ਹੀ 'ਤੇ ਢਾਸਣਾ ਲਾ ਲਵਾਂ। ਰਾਤ ਦੀ ਆਉਧ ਮਸੀਂ ਛੇ-ਸੱਤ ਘੰਟੇ ਬਾਕੀ ਸੀ। ਮੈਂ ਪੈਰ ਪਿਛਾਂਹ ਵੱਲ ਨੂੰ ਮੋੜੇ ਈ ਸਨ ਕਿ ਦਿਮਾਗ ਦੀ ਚੱਕਰੀ ਇਕ ਵਾਰ ਫੇਰ ਤੇਜ਼ੀ ਨਾਲ ਘੁੰਮ ਗਈ।

"ਜੇ ਭਲਾ ਸ਼ਰਾਬੀ ਟੱਕਰ ਗਿਆ? ਖਾਹ-ਮਖਾਹ ਚਿੱਚੜ ਦੁਬਾਰਾ ਗਲ਼ ਪੈਜੂ। ਇਕੱਲਾ ਕਹਿਰਾ ਤਾਂ ਬਚਜੇਂਗਾ, ਪਰ ਉਹਨੇ ਨ੍ਹੀ ਬਚਣ ਦੇਣਾ। ਨਸ਼ੇ ਦੀ ਲੋਰ ਵਿਚ ਸਾਰੀ ਰਾਤ ਤੋਰੀ ਫਿਰੂ।" ਅੰਦਰੋਂ ਆਵਾਜ਼ ਆਈ ਤਾਂ ਪੈਰ ਥਾਏਂ ਜੰਮ ਗਏ। ਮੈਂ ਆਵਾਗੌਣ ਹੀ ਸੜਕ 'ਤੇ ਤੁਰਿਆ ਗਿਆ। ਠੰਢ ਤੋਂ ਬਚਣ ਲਈ ਬੈਗ ਵਿਚੋਂ ਲੋਈ ਕੱਢ ਕੇ ਚਾਰ-ਚੁਫੇਰੇ ਘੁੱਟ ਲਈ। ਕਰਮਾਂਵਾਲੀ ਇਹ ਲੋਈ ਪਿਛਲੇ ਕਈ ਸਾਲਾਂ ਤੋਂ ਸਾਥ ਦਿੰਦੀ ਆ ਰਹੀ ਸੀ। ਕਈ ਸਾਲ ਪਹਿਲਾਂ ਪਿੰਡਾਂ ਵਿਚ ਗਰਮ ਸ਼ਾਲ-ਲੋਈਆਂ ਵੇਚਣ ਆਉਂਦੇ ਕਸ਼ਮੀਰੀ ਰਾਸ਼ਿਆਂ ਤੋਂ ਲਈ ਇਹ ਲੋਈ ਡਾਹਢੀ ਵਫ਼ਾਦਾਰ ਨਿਕਲੀ ਸੀ ਜਿਹੜੀ ਹਰ ਸਾਲ ਮਹਿਬੂਬਾ ਵਾਂਗ ਬੁੱਕਲ ਵਿਚ ਘੁੱਟ ਲੈਂਦੀ। ਲੋਈ ਦੀ ਬੁੱਕਲ ਮਾਰਨ ਨਾਲ ਪਿੰਡੇ ਨੂੰ ਕੁੱਝ ਨਿਘਾਸ ਜਿਹਾ ਆਇਆ। ਮੈਨੂੰ ਇੰਜ ਲੱਗਾ ਜਿਵੇਂ ਕੋਈ ਜੀਅ ਹੌਸਲਾ ਦੇਣ ਲਈ ਬਹੁੜ ਪਿਆ ਹੋਵੇ। ਮੈਂ ਬਿਨਾ ਕੁੱਝ ਹੋਰ ਸੋਚੇ ਸੁੰਨਸਾਨ ਪਈ ਸੜਕ 'ਤੇ ਸਵਾਰ ਹੋ ਗਿਆ।

ਅਜੇ ਮੈਂ ਥੋੜ੍ਹੀ ਦੂਰ ਹੀ ਗਿਆ ਸਾਂ ਕਿ ਮੈਨੂੰ ਕਿਸੇ ਦੇ ਗੱਲਾਂ ਕਰਨ ਦੀ ਆਵਾਜ਼ ਆਈ। ਮੈਂ ਪਿੱਛੇ ਭੌਂਅ ਕੇ ਵੇਖਿਆ, ਦੋ ਸਾਈਕਲ ਸਵਾਰ ਆ ਰਹੇ ਸਨ। ਮੈਂ ਸੜਕ ਦੇ ਐਨ ਵਿਚਕਾਰ ਹੋ ਸਾਈਕਲ ਰੋਕਣ ਲਈ ਹੱਥ ਦੇ ਦਿੱਤਾ। ਉਨ੍ਹਾਂ ਨੇ ਥਾਏਂ ਬਰੇਕਾਂ ਮਾਰ ਦਿੱਤੀਆਂ। ਰਾਤ ਦੇ ਗੂੜ੍ਹੇ ਹਨੇਰੇ ਵਿਚ ਵੀ ਉਨ੍ਹਾਂ ਦੀਆਂ ਲਾਟੂ ਵਾਂਗ ਜਗਦੀਆਂ ਅੱਖਾਂ 'ਚ ਡਰ ਤੇ ਦਹਿਸ਼ਤ ਸਾਫ਼ ਨਜ਼ਰ ਆ ਰਹੀ ਸੀ। ਉਹ ਦੋਵੇਂ ਲੈਰੀ ਜਿਹੀ ਉਮਰ ਦੇ ਮੁੰਡੇ ਸਨ। ਸਿਰ 'ਤੇ ਸਾਫੇ ਦੇ ਵਲਾਵੇਂ ਮਾਰ ਰੱਖੇ ਸਨ। ਠੰਢ ਤੋਂ ਬਚਾਅ ਲਈ ਮੋਟੇ ਖੇਸਾਂ ਦੀਆਂ ਮਾਰੀਆਂ ਬੁੱਕਲਾਂ ਦੱਸਦੀਆਂ ਸਨ ਕਿ ਉਹ ਦੋਵੇਂ ਕਿਸੇ ਫੈਕਟਰੀ ਜਾਂ ਵਰਕਸ਼ਾਪ ਵਿਚ ਮਜ਼ਦੂਰ ਹਨ।

"ਡਰੋ ਨਾ ਭਰਾਵੋ। ਮੈਂ ਤਾਂ ਮਜਬੂਰੀ 'ਚ ਫਸਿਆ ਅਜਨਬੀ ਆਂ। ਕੋਈ ਬੰਦਾ ਨੌਕਰੀ ਦਾ ਲਾਰਾ ਲਾ ਕੇ ਲੈ ਆਇਆ ਤੇ ਛੱਡ ਗਿਆ। ਮੈਂ ਤਾਂ ਏਧਰ ਕਿਸੇ ਨੂੰ ਜਾਣਦਾ ਬੁੱਝਦਾ ਵੀ ਹੈਨੀ। ਗੁਰਦੁਆਰੇ ਦਾ ਪਤਾ ਕੀਤਾ ਸੀ, ਉਥੇ ਵੀ ਰਹਿਣ ਦਾ ਪ੍ਰਬੰਧ ਹੈਨੀ। ਬੱਸ ਰਾਤ ਕੱਟਣੀ ਐ—ਜੇ ਕਿਤੇ ਹੱਲ ਹੋਜੇ—। ਮੇਹਰਬਾਨੀ ਹੋਊ ਥੋਡੀ।"

ਮੇਰੇ ਲਈ ਤਾਂ ਉਹ ਰੱਬ ਬਣ ਕੇ ਬਹੁੜੇ ਸਨ।

"ਭਰਾਵਾ, ਸੰਨ ਮਾ ਫਸਾ ਨਾ ਦੇਵੀਂ ਮਾਰੇ ਗਰੀਬਾਂ ਮਾ। ਜੁ ਮਾਰੇ ਗਰੌਂ ਕਿਸੇ ਗਰੀਬ ਮਹਾਤੜ ਗੈਲ ਧੱਕੇ ਨਾਲ ਰੋਟੀ ਖਾਗੇ, ਪੁਲਿਸ ਨੇ ਕੁੱਟ ਕੁੱਟ ਕੇ ਹੱਡੇ ਪੋਲੇ ਕਰੀ ਤੇ ਗਰੀਬਾਂ ਤੇ।"

"ਭਰਾ ਮੇਰਿਓ, ਵਿਸ਼ਵਾਸ ਕਰੋ ਮੇਰੇ 'ਤੇ। ਮੈਂ ਤਾਂ ਵਕਤ ਦਾ ਮਾਰਿਆਂ। ਬਾਕੀ ਥੋਡੀ ਮਰਜ਼ੀ, ਕੋਈ ਜ਼ੋਰ-ਜ਼ਰਬੀ ਤਾਂ ਹੈਨੀ।"

ਉਨ੍ਹਾਂ ਨੇ ਇੱਕ-ਦੂਜੇ ਵੱਲ ਸੁਆਲੀਆ ਨਿਗਾਹਾਂ ਨਾਲ ਵੇਖਿਆ। ਸਿਰ ਤੋਂ ਪੈਰਾਂ ਤੱਕ ਪੁਲਸੀਆ ਝਾਤੀ ਮਾਰਦਿਆਂ ਉਨ੍ਹਾਂ ਨਾਲ ਲਿਜਾਣ ਦੀ ਹਾਮੀ ਭਰ ਦਿੱਤੀ।

"ਰਾਮਪੁਰ ਸੈਣੀਆਂ ਗੈਲ਼ ਗਰੌਂ ਆ ਮਾਰਾ 'ਨਿਬੂੰਆ'। ਬੈਠ ਜਾ ਭਾਈ ਸਾਈਕਲਾ ਕੀ ਕਾਠੀ ਮਾ।" ਨਿਗਾਹ ਉਨ੍ਹਾਂ ਦੀ ਅਜੇ ਵੀ ਵਾਰ-ਵਾਰ ਮੇਰੀ ਪੱਗ ਉੱਤੇ ਹੀ ਜਾ ਠਹਿਰਦੀ ਸੀ।

"ਦੇਖੀ ਜਾਹਾ, ਮਾਤਾ ਰਾਣੀ ਗੈਲ਼ ਡੋਰਾਂ। ਨੈਣਾ ਦੇਵੀ ਭਲੀ ਕਰੇ ਤੇ।"

ਮੈਂ ਪਲੱਥੀ ਮਾਰ ਕੇ ਸਾਈਕਲ ਦੀ ਕਾਠੀ 'ਤੇ ਬੈਠ ਗਿਆ। ਉਹ ਪੈਡਲਾਂ 'ਤੇ ਜ਼ੋਰ ਪਾਉਣ ਲੱਗਾ ਸੀ। ਕਿਤੇ-ਕਿਤੇ ਰਾਹ ਰੇਤਲਾ ਆ ਜਾਂਦਾ ਤਾਂ ਅੱਧਖੜ ਸਾਈਕਲ ਦੀ ਚੈਨ 'ਚੋਂ 'ਕੜੱਚ-ਕੜੱਚ' ਦੀ ਆਵਾਜ਼ ਆਉਣ ਲੱਗਦੀ ਜਿਹੜੀ ਰਾਤ ਦੇ ਸੰਨਾਟੇ ਨੂੰ ਚੀਰਦੀ ਦੂਰ-ਦੂਰ ਤੱਕ ਖਿਲਰ ਜਾਂਦੀ। ਰਾਤ ਦੇ ਗੂੜ੍ਹੇ-ਕਾਲੇ ਹਨੇਰੇ ਵਿਚ ਡਰੇਨ ਦੀ ਪਟੜੀ ਦੇ ਨਾਲ ਨਾਲ ਦੋਵੇਂ ਪਾਸੇ ਉੱਚਾ-ਉੱਚਾ ਸਰਕੰਡਾਂ ਡਰਾਉਣੇ ਆਕਾਰ ਬਣਾਈ ਖੜ੍ਹਾ ਸੀ। ਸਾਈਕਲ ਦੀ ਚੇਨ "ਕੜੱਚ-ਕੜੱਚ" ਕਰਦੀ ਤਾਂ ਸਰਕੰਡਿਆਂ 'ਚੋਂ ਡਰਦੀ ਮਾਰੀ ਕੋਈ ਟਟੀਹਰੀ "ਟੀਂਅ-ਟੀਂਅ" ਕਰਦੀ ਅਸਮਾਨ ਵੱਲ ਉਡਾਰੀ ਮਾਰ ਜਾਂਦੀ। ਸਰਕਾਨੇ ਆਪਸ ਵਿਚ ਤੇਜ਼ੀ ਨਾਲ ਖਹਿੰਦੇ ਤਾਂ 'ਸ਼ਾਂਅ—ਸ਼ਾਂਅ' ਦੀ ਆਵਾਜ਼ ਬੀਂਡਿਆਂ ਦੀ ਆਵਾਜ਼ ਨਾਲ ਰਲ ਕੇ ਅੰਦਰਲੇ ਡਰ ਨੂੰ ਹੋਰ ਸੰਘਣਾ ਕਰ ਦਿੰਦੀ। ਮੈਂ ਲੋਈ ਦੀ ਬੁੱਕਲ ਨੂੰ ਹੋਰ ਜ਼ੋਰ ਨਾਲ ਘੁੱਟ ਲੈਂਦਾ।

"ਬੀਰ ਦੇਖੀਂ ਕਿਤੇ ਗਰੀਬਾਂ ਮਾ ਮਰਾਈ ਦੇਵੇ।" ਰਾਹ 'ਚ ਉਨ੍ਹਾਂ ਨੇ ਦੋ ਤਿੰਨ ਵਾਰ ਆਖਿਆ ਸੀ।

ਜਦੋਂ ਅਸੀਂ ਨਿੰਬੂਆਂ ਪਿੰਡ ਦੀ ਜੂਹ 'ਚ ਪਹੁੰਚੇ, ਬੱਤੀ ਗਈ ਹੋਈ ਸੀ। ਸੰਘਣੇ ਤੇ ਕਾਲੇ ਅੰਨ੍ਹੇਰੇ ਵਿਚ ਰੁੱਖ ਹੋਰ ਵੀ ਡਰਾਉਣੇ ਲੱਗ ਰਹੇ ਸਨ।

"ਜੌਹ ਈ ਗਰੌਂ ਆਪਣਾ।" ਇੱਕ ਘਰ ਦੇ ਖੁੱਲ੍ਹੇ ਵਿਹੜੇ 'ਚ ਵੜਦਿਆਂ ਹੀ ਉਸਨੇ ਸਾਈਕਲ ਕਿਸੇ ਦਰੱਖਤ ਨਾਲ ਲਾ ਦਿੱਤਾ ਸੀ। ਅਸੀਂ ਇੱਕ ਖੁੱਲ੍ਹੇ ਜਿਹੇ ਕਮਰੇ 'ਚ ਜਾ ਵੜੇ ਸਾਂ। ਅਜੀਬ ਜਿਹੀ ਬਦਬੂ ਦਾ ਭੰਬੂਕਾ ਮੇਰੇ ਦਿਮਾਗ ਨੂੰ ਚੜ੍ਹਦਾ ਮਹਿਸੂਸ ਹੋਇਆ। ਸਬਾਤ 'ਚੋਂ ਅੱਧਖੜ ਉਮਰ ਦਾ ਗਰੀਬੀ ਨਾਲ ਬੁਰੀ ਤਰ੍ਹਾਂ ਝੰਬਿਆ ਆਦਮੀ ਮਿੱਟੀ ਦੇ ਤੇਲ ਵਾਲਾ ਦੀਵਾ ਫੜੀ ਬਾਹਰੋਂ ਹੀ ਬੋਲਦਾ ਆਇਆ ਸੀ।

"ਕੈਅ ਬਾਤ ਘਣੀ ਡੇਰ ਕਰੇ ਤੈਂ? ਮਾਰ੍ਹੇ ਗੈਲ ਫਿਕਰ ਮਾ ਜਾਨ ਖੁਸ਼ਕ ਹੋਈ ਜਹਾ। ਯੋ ਬਾਤ ਦੋਮਾਂ ਕੇ ਦਮਾਕ ਮਾ ਨੀ ਆਇਆ, ਪਿਛਲੇ ਮਾਸ ਬੱਸਮਾ ਬਾਰਦਾਤ ਹੋਈ ਐ ਔਰ ਤੀਹ ਕੇ ਬੱਧ ਬੰਦੇ ਮਾਰਤੇ। ਏਹ ਬਾਤ ਕਾ ਤਾ ਰੌਲਾ ਬੀ ਖਾਸਾ ਪਿਆ ਤਾ ਖਬਾਰਾਂ ਮਾ।" ਉਹ ਅੰਦਰ ਆਇਆ ਤਾਂ ਮੁੰਡਿਆਂ ਨਾਲ ਕਿਸੇ ਅਜਨਬੀ ਨੂੰ ਵੇਖ ਕੇ ਠਠੰਬਰ ਜਿਹਾ ਗਿਆ। ਮੇਰੀ ਪੱਗ ਜਿਵੇਂ ਉਸਨੂੰ ਡੰਗ ਮਾਰਦੀ ਲੱਗੀ ਸੀ। ਖੱਬੇ ਹੱਥ ਦੀਆਂ ਉਂਗਲਾਂ 'ਚ ਫਸਾਈ ਬੀੜੀ ਕਾਹਲੀ ਕਾਹਲੀ ਥੱਲੇ ਸੁੱਟ ਕੇ ਪੈਰਾਂ ਥੱਲੇ ਮਸਲ ਦਿੱਤੀ। ਮੈਂ ਦੀਵੇ ਦੀ ਡੋਲਦੀ ਲਾਟ ਦੇ ਮੱਧਮ ਜਿਹੇ ਚਾਨਣ 'ਚ ਦੇਖਿਆ, ਕਮਰੇ ਦੇ ਅੱਧੇ ਹਿੱਸੇ ਨੂੰ ਇੱਕ ਪੱਲੀ ਨਾਲ ਦੋ ਹਿੱਸਿਆਂ 'ਚ ਵੰਡਿਆ ਹੋਇਆ ਸੀ ਤੇ ਦੂਜੇ ਹਿੱਸੇ 'ਚ ਤਿੰਨ ਚਾਰ ਬੱਕਰੀਆਂ ਬੰਨ੍ਹੀਆਂ ਹੋਈਆਂ ਸਨ।

"ਜਾਣੂ ਐ। ਮੋਗੇ 'ਤੇ ਆਇਆ। ਵਰਕਸ਼ਾਪ ਮਿਲਿਆ ਤਾ। ਕਹੇ ਥੋਡਾ ਗਰੌਂ ਦੇਖਣਾ।" ਪਾਲੇ ਨੇ ਕਾਹਲੀ ਕਾਹਲੀ ਮੇਰੇ ਬਾਰੇ ਜਾਣਕਾਰੀ ਦਿੱਤੀ। ਬਜ਼ੁਰਗ ਦੀਆਂ ਵਕਤਾਂ ਮਾਰੀਆਂ ਤੇਜ਼ ਅੱਖਾਂ ਨੇ ਬੜੀ ਤੇਜ਼ੀ ਨਾਲ ਮੇਰੇ ਸਰੀਰ ਦੀ ਸਕੈਨਿੰਗ ਕਰ ਲਈ ਸੀ।

"ਸਤਿ ਸ੍ਰੀ ਆਕਾਲ ਜੀ!" ਮੈਂ ਦੋਵੇਂ ਹੱਥ ਜੋੜ ਦਿੱਤੇ ਸਨ।

"ਸੌ-ਅ—ਸ—ਰੀ ਕਾਅਲ !" ਬਜ਼ੁਰਗ ਤੋਂ ਮਸਾਂ ਹੀ ਬੋਲਿਆ ਗਿਆ ਸੀ। ਸ਼ਾਇਦ ਗਲਾ ਖੁਸ਼ਕ ਹੋ ਗਿਆ ਸੀ ਤੇ ਉਸ ਨੇ ਪੂਰਾ ਜ਼ੋਰ ਲਾ ਥੁੱਕ ਗਲੇ 'ਚ ਲਿਆ ਕੇ ਮਸਾਂ ਇੰਨੇ ਕੁ ਸ਼ਬਦ ਹੀ ਬੋਲੇ ਸਨ।

"ਰੋਟੀ...!" ਉਸਨੇ ਪਾਲੇ ਨੂੰ ਰੋਟੀ ਫੜ ਕੇ ਲੈ ਆਉਣ ਦਾ ਇਸ਼ਾਰਾ ਕਰਦਿਆਂ ਉਹਨੀਂ ਪੈਰੀਂ ਮੁੜ ਜਾਣਾ ਚੰਗਾ ਸਮਝਿਆ ਸੀ। ਰੋਟੀ ਲਿਆਉਣ ਲਈ ਪਾਲਾ ਵੀ ਉਸਦੇ ਮਗਰੇ ਹੀ ਤੁਰ ਗਿਆ। ਗੋਹੇ ਦੀ "ਮਹਿਕ" ਦਾ ਤਾਂ ਜਨਮ ਤੋਂ ਹੀ ਆਦੀ ਸਾਂ ਪਰ ਬੱਕਰੀਆਂ ਦੀਆਂ ਮੀਂਗਣਾ ਦੀ ਆ ਰਹੀ ਤੇਜ਼ ਹਵਾੜ ਮੇਰੇ ਨੱਕ ਨੂੰ ਚੜ੍ਹਦੀ ਜਾਂਦੀ ਸੀ।

"ਯੋਹ ਸਾਲਾ ਬੰਦੇ ਕਾ ਟੈਮ ਮਾੜਾ ਆਵੇ, ਸੁਬੀਆਂ ਬੀ ਸ਼ੀਂਹ ਬਣ ਜਾਹਾ। ਫੇ ਗਾਰੇ ਮਾ ਫਸੀ ਮੈਸ੍ਹ ਮੰਗੂ ਬੇਖੀ ਜਾਹਾ। ਬੰਦਾ ਦੇਖ ਪਰਖ ਕਰ ਘਰ ਲਿਆਣੇ ਕਾ। ਛੋਰਾਂ ਮੱਤ ਕਰੀ। ਥਾਰੇ ਡਮਾਕ ਮਾ ਆਇਆ ਨ੍ਹੀ ਬੀ ਸਾਲ੍ਹਾ ਮਾਰੇ ਗੈਲ ਪੰਗਾ ਖੜਾ ਹੋਜੂ।" ਨਾਲ ਦੇ ਕਮਰੇ 'ਚੋਂ ਹੁੰਦੀ ਘੁਸਰ-ਮੁਸਰ ਸਾਫ ਸੁਣਾਈ ਦਿੰਦੀ ਸੀ। ਇੱਧਰ ਮੀਂਗਣਾ ਜਿਵੇਂ ਮੇਰੇ ਦਿਮਾਗ ਨੂੰ ਚੜ੍ਹਦੀਆਂ ਜਾਂਦੀਆਂ ਸਨ। "ਲਗਦਾ ਨ੍ਹੀ ਐਹੇ ਜਾ। ਦੇਖਣੇ ਮਾ ਤਾ ਸ਼ਰੀਫ਼ ਐ। ਇਸਤੇ ਬਾਤ ਕਰੀ ਤੇ ਸਮਝ ਮਾ ਏਹੀ ਆ ਜਹਾ ਬੀ ਐਸਾ ਵੈਸਾ ਗੈਰ ਬੰਦਾ ਨ੍ਹੀ।"

"ਐਹੇ ਜੇ ਸ਼ਰੀਫ਼ ਦਿਖਣੇ ਆਲੇ ਗਰੌਂ ਬੰਦਾ ਮਾਰ ਕੈ ਭੱਜੇ ਹੁੰਦੇ।"

"ਦੇਖੀ ਜਾਊ। ਹੁਣ ਤਾਂ ਬਲਾ ਗੈਲ਼ ਆ ਪੜੀ।" ਉਹ ਆਪਸ ਵਿਚ ਹੌਲੀ ਹੌਲੀ ਗੱਲਾਂ ਕਰੀ ਜਾਂਦੇ ਸਨ।

ਰੋਟੀ ਟੁੱਕ ਖਾਣ ਬਾਅਦ ਅਸੀਂ ਰਜਾਈਆ 'ਚ ਵੜ ਗਏ। ਠੰਢ ਹੱਡਾਂ ਨੂੰ ਚੀਰਦੀ ਜਾਂਦੀ ਸੀ। ਮੈਂ ਅਲਾਣੀ ਜਿਹੀ ਮੰਜੀ 'ਚ ਅੱਧਖੜ ਰਜਾਈ 'ਚ ਗੁੱਛੀ-ਮੁੱਛੀ ਹੋ ਕੇ ਪੈ ਗਿਆ। ਮਿੱਟੀ ਦੇ ਤੇਲ ਵਾਲੇ ਦੀਵੇ ਦੀ ਲਾਟ ਹੌਲੀ-ਹੌਲੀ ਮੱਧਮ ਹੁੰਦੀ ਆਖਰ "ਫੱਕ" ਕਰ ਕੇ ਬੁੱਝ ਗਈ। ਮੈਂ ਮੂੰਹ ਸਿਰ ਰਜਾਈ 'ਚ ਦੇ ਕੇ ਸੌਣ ਦੀ ਕੋਸ਼ਿਸ਼ ਕੀਤੀ ਪਰ ਨੀਂਦ ਨੇੜੇ ਨਹੀਂ ਸੀ ਆ ਰਹੀ। ਪਾਲਾ ਅਤੇ ਦੂਸਰਾ ਮੁੰਡਾ ਦਿਨ ਦੇ ਕੰਮ ਦੇ ਭੰਨ੍ਹੇ ਹੋਣ ਕਰਕੇ ਛੇਤੀ ਹੀ ਹੂੰਗਰੇ ਮਾਰਨ ਲੱਗ ਪਏ। ਥੋੜ੍ਹੇ ਚਿਰ ਬਾਅਦ ਕੋਈ ਬੱਕਰੀ "ਮੈਂਅ—ਮੈਂਅ" ਕਰਨ ਲੱਗਦੀ ਤਾਂ ਮੈਂ ਮਹਾਤਮਾ ਗਾਂਧੀ ਦੇ ਭਾਰਤ ਛੱਡੋ ਅੰਦੋਲਨ 'ਚ ਉਲਝ ਉਸਦੇ ਸੁਪਨਿਆਂ ਦੇ ਰਾਮਰਾਜ ਬਾਰੇ ਸੋਚਣ ਲੱਗ ਜਾਂਦਾ।

ਰਾਤ ਨੇ ਅਗਲੇ ਪਹਿਰ 'ਚ ਪੈਰ ਰੱਖ ਲਿਆ ਹੋਵੇਗਾ। ਮੈਨੂੰ ਬਾਹਰ ਵਿਹੜੇ 'ਚ ਕੋਈ ਤੁਰਿਆ ਫਿਰਦਾ ਮਹਿਸੂਸ ਹੋਇਆ। ਫੇਰ ਇਹ ਪੈੜਚਾਲ ਸਾਡੇ ਵਾਲੀ ਸਬਾਤ 'ਚ ਤੁਰ ਆਈ। ਮੈਂ ਰਜਾਈ ਹੋਰ ਜ਼ੋਰ ਨਾਲ ਆਪਣੇ ਦੁਆਲੇ ਘੁੱਟ ਲਈ। ਸਬਾਤ 'ਚ ਆਉਣ ਵਾਲਾ ਸ਼ਖਸ ਖਾਸਾ ਚਿਰ ਇੱਧਰ-ਉਧਰ ਹੱਥ ਕਰੋਲੇ ਦਿੰਦਾ ਰਿਹਾ। ਉਸਨੇ ਕਾਨਸ 'ਤੇ ਰੱਖੇ ਮੇਰੇ ਬੈਗ ਵਿਚਲੇ ਸਮਾਨ ਦੀ ਫੋਲਾਫਾਲੀ ਕੀਤੀ ਤੇ ਚਲਾ ਗਿਆ। ਹੁਣ ਵਿਹੜੇ 'ਚੋਂ ਆਉਣ ਵਾਲੀ ਪੈੜਚਾਲ ਬੰਦ ਹੋ ਚੁੱਕੀ ਸੀ। ਵਿਹੜੇ 'ਚ ਤੁਰਿਆ ਫਿਰਨ ਵਾਲਾ ਸ਼ਖਸ ਸ਼ਾਇਦ ਰਜਾਈ 'ਚ ਜਾ ਵੜਿਆ ਸੀ।

ਸਵੇਰੇ ਸਾਝਰੇ ਹੀ ਪਾਲੇ ਦਾ ਬਾਪ ਬੱਕਰੀ ਦੇ ਦੁੱਧ ਦੀ ਬਣੀ ਚਾਹ ਲੈ ਆਇਆ। ਚਾਹ 'ਚੋਂ ਲੂਣਾ ਲੂਣਾ ਜਿਹਾ ਸੁਆਦ ਆ ਰਿਹਾ। ਗੁੜ ਤੇ ਚੌਲਾਂ ਦੀਆਂ ਬਣੀਆਂ ਪਿੰਨੀਆਂ ਖਾਂਦਿਆਂ ਮੈਂ ਨੀਵੀਂ ਪਾਈ ਵੇਖਦਾ ਰਿਹਾ, ਪਾਲੇ ਦੇ ਬਾਪ ਦੇ ਚਿਹਰੇ ਉਪਰ ਡਰ ਦੀ ਹੁਣ ਕੋਈ ਨਿਸ਼ਾਨੀ ਨਹੀਂ ਸੀ।

ਸਾਡੇ ਜੰਗਲ ਪਾਣੀ ਜਾ ਕੇ ਆਉਂਦਿਆਂ ਨੂੰ ਉਸਨੇ ਨਹਾਉਣ ਵਾਸਤੇ ਪਾਣੀ ਕੱਚੀਆਂ-ਪੱਕੀਆਂ ਇੱਟਾਂ ਦਾ ਵਾਗਲਾ ਜਿਹਾ ਮਾਰ ਕੇ ਬਣਾਏ ਆਰਜ਼ੀ ਗੁਸਲਖਾਨੇ 'ਚ ਰੱਖ ਦਿੱਤਾ ਸੀ। ਤੱਤੇ ਤੱਤੇ ਪਾਣੀ ਨਾਲ ਨਹਾਉਂਦਿਆਂ 'ਮਨੋਹਰ ਬਾਬੂ' ਦੀ ਮੈਲ ਵੀ ਦਿਮਾਗ ਤੋਂ ਲਾਹ ਕੇ ਪਰ੍ਹੇ ਸੁੱਟ ਦਿੱਤੀ ਸੀ। ਹੁਣ ਤਾਂ ਜਵਾਂ ਹੌਲਾ ਫੁੱਲ ਵਰਗਾ ਸਾਂ।

ਰੋਟੀ ਟੁੱਕ ਖਾਂਦਿਆਂ ਪਾਲੇ ਦਾ ਬਾਪ ਹੁਣ ਮੇਰੇ ਨਾਲ ਖੁੱਲ੍ਹ ਕੇ ਗੱਲਾਂ ਕਰ ਰਿਹਾ ਸੀ। ਮਨੋਹਰ ਬਾਬੂ ਦੀ ਮੇਹਰਬਾਨੀ ਵਾਲੀ ਸਾਰੀ ਕਥਾ ਵੀ ਮੈਂ ਹੁਣ ਉਸਨੂੰ ਸੁਣਾ ਦਿੱਤੀ ਸੀ। ਗੱਲਾਂ ਕਰਦਿਆਂ ਕਰਦਿਆਂ ਉਸਨੇ ਦੋ-ਤਿੰਨ ਬੀੜੀਆਂ ਵੀ ਖਿੱਚ ਲਈਆਂ ਸਨ। ਬੱਕਰੀਆਂ ਦੀਆਂ ਮੀਂਗਣਾਂ ਦਾ ਮੁਸ਼ਕ ਵੀ ਪਤਾ ਨਹੀਂ ਕਿੱਧਰ ਗਾਇਬ ਹੋ ਗਿਆ ਸੀ। ਸਬਜ਼ੀ ਨਾਲੋਂ ਵੱਧ ਮੈਂ ਤੁੱਕਿਆਂ ਦਾ ਆਚਾਰ ਖਾ ਗਿਆ ਸਾਂ।

"ਯੋਹ ਤੋ ਬੜੀ ਮਾੜੀ ਹੋਈ ਤੇਰ੍ਹੇ ਗੈਲ਼। ਰੱਬ ਨੇ ਕਈ ਬੰਦੇ ਤਾ ਜਮਾ ਰਹਾਮ ਦੇ ਪੈਦਾ ਕਰਾ ਤੇ। ਹਲੇ ਤੈ ਕਰਮਾ ਵਾਲਾ ਹੋਆਂ ਯੋਹ ਬਚ ਗਿਆ। ਐਹ ਸੀ ਪੀ ਆਰਾਂ ਆਲਿਆਂ ਗੈਲ ਕਾਬੂ ਆਈ ਜਾਂਦੈ, ਗੈਲ਼ ਕੁਛ ਨ੍ਹੀ ਤਾ ਬਨਣਾ। ਨਾ ਗਾਹਾਂ ਆਲਿਆਂ ਗੈਲ ਪਤਾ ਲੱਗਣਾ ਤਾ ਨਾ ਘਰਦਿਆਂ ਗੈਲ"

"ਜੇ ਸੀ ਆਰ ਪੀ ਵਾਲਿਆਂ ਦੇ ਕਿਵੇਂ ਕਾਬੂ ਆ ਜਾਂਦਾ? ਮੈਂ ਤਾਂ ਥੋਡੇ ਕਾਬੂ ਆਉਣਾ ਸੀ।" ਮੇਰੇ ਹਾਸੇ 'ਚ ਉਨ੍ਹਾਂ ਸਾਰਿਆਂ ਦਾ ਨਿਰਮਲ ਹਾਸਾ ਵੀ ਰਲ ਗਿਆ ਸੀ।

"ਦੇਖ ਲਿਓ ਬਈ ਸ਼ਰਾਬੀ ਬਾਬੂ ਤੋ ਅੱਜ ਸਬੇਰੀਂ-ਕੱਲ੍ਹ ਸਬੇਰੀਂ ਮਰਿਆ ਲੈ।"

"ਚੱਲ ਆਪਾਂ ਕਾਹਨੂੰ ਕਿਸੇ ਦਾ ਬੁਰਾ ਚਿਤਵਨਾ।"

ਫੇਰ ਕਿੰਨਾ ਚਿਰ ਇੱਧਰ-ਉਧਰ ਦੀਆਂ ਗੱਲਾਂ ਕਰਦੇ ਰਹੇ। ਉਨ੍ਹਾਂ ਦੀ ਬਾਂਗਰੂ ਬੋਲੀ ਮੇਰੇ ਕੰਨਾਂ 'ਚ ਰਸ ਘੋਲਦੀ ਰਹੀ। ਮੇਰਾ ਜੀਅ ਕਰਦਾ ਸੀ ਉਹ ਬੋਲੀ ਜਾਣ ਤੇ ਮੈਂ ਸੁਣੀ ਜਾਵਾਂ।

ਘਰੋਂ ਤੁਰਨ ਲੱਗਿਆਂ ਮੈਂ ਬਜ਼ੁਰਗ ਦੇ ਗੋਡਿਆਂ ਨੂੰ ਹੱਥ ਲਾਇਆ ਤਾਂ ਉਸਨੇ ਮੇਰੇ ਮੋਢੇ ਪਲੋਸਦਿਆਂ ਆਖਿਆਂ, "ਇਬ ਕਬੀ ਇਧਰ ਚੰਦੀਗੜਾ ਗੈਲ਼ ਆਵੈ, ਗਾਹਾਂ ਨਿਬੂੰਆਂ ਤਾ ਜਰੂਰ ਆਣੈ।"

"ਜਰੂਰ ਆਊਂ ਚਾਚਾ! ਸੁੱਖ ਚਾਹੀਦੀ ਜਰੂਰ ਆਊਂ ਕਦੀ।" ਸਮਾਨ ਵਾਲਾ ਬੈਗ ਮੋਢੇ ਪਾਉਂਦਿਆਂ ਮੈਂ ਹੌਲੀ ਜਿਹੇ ਆਖਿਆ, "ਚਾਚਾ! ਸਮਾਨ 'ਚ ਕੋਈ ਇਤਰਾਜ ਵਾਲੀ ਚੀਜ਼ ਤਾਂ ਨ੍ਹੀ ਸੀ?"

ਤੇ ਉਸ ਬਾਂਗਰੂ ਚਾਚੇ ਨੇ ਅੱਖਾਂ ਭਰਦਿਆਂ ਮੈਨੂੰ ਬੁੱਕਲ ਵਿਚ ਘੁੱਟ ਲਿਆ।

# ਕੌਮਾਂ ਬਾਰੇ ਪਹਿਲੀ ਗੰਭੀਰ ਪੁਸਤਕ ਆਈ ਪੰਜਾਬ ਦੇ ਵਿਹੜੇ

## ਕੀ ਹੈ ਸਿੱਖ ਕੌਮ ਅਤੇ ਕਿਉਂ ਤੇ ਕਿਵੇਂ ਹੈ ਇਹ ਕੌਮ- ਅੰਤਰਰਾਸ਼ਟਰੀ ਪ੍ਰਸੰਗ ਵਿਚ ਇਨ੍ਹਾਂ ਵੱਡੇ ਸਵਾਲਾਂ ਦੇ ਜਵਾਬ

ਜਦੋਂ ਆਪਣਾ ਕੋਈ ਇਹ ਕਹੇ ਕਿ ਸਿੱਖ ਇੱਕ ਕੌਮ ਹਨ ਤਾਂ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਖਾਲਸਾ ਪੰਥ ਦੇ ਚਮਨ ਵਿਚ ਕਿੰਨੇ ਫੁੱਲ ਇੱਕੋ ਸਮੇਂ ਖਿੜ ਗਏ ਹੋਣ ਜਾਂ ਇਉਂ ਵੀ ਲੱਗਦਾ ਹੈ ਕਿ ਭੁੱਲ ਚੁੱਕੇ ਅਤੀਤ ਅਤੇ ਰੁਲਦੇ ਵਰਤਮਾਨ ਦੇ ਵਲਵਲਿਆਂ ਦਾ ਕੋਈ ਸਾਂਝਾ ਦਰਬਾਰ ਲੱਗ ਗਿਆ ਹੋਵੇ ਜਾਂ ਇਹ ਮਹਿਸੂਸ ਹੁੰਦਾ ਹੈ ਜਿਵੇਂ ਰਾਜ ਕਰਨ ਦੀ ਤਮੰਨਾ ਤੇ ਰੀਝ ਦੇ ਜਜ਼ਬੇ ਅਤੇ ਰਾਜ ਦੇ ਖੁੱਸ ਜਾਣ ਦਾ ਡੂੰਘਾ ਤੇ ਅਕਹਿ ਦਰਦ ਇਕੋ ਵੇਲੇ ਕਿਸੇ ਡੂੰਘੀ ਨੀਂਦ ਵਿਚੋਂ ਜਾਗ ਪਿਆ ਹੋਵੇ। ਕੌਮ ਅਤੇ ਕੌਮਵਾਦ ਦੇ ਸਾਰੇ ਵਿਦਵਾਨ ਆਪਸੀ ਮਤਭੇਦਾਂ ਦੇ ਬਾਵਜੂਦ ਇਹ ਗੱਲ ਮੰਨਦੇ ਹਨ, ਹੈਰਾਨ




**ਕਰਮਜੀਤ ਸਿੰਘ ਚੰਡੀਗੜ੍ਹ**
**ਫੋਨ: 99150-91063**

ਵੀ ਹਨ ਅਤੇ ਇਸ ਸਵਾਲ ਦਾ ਜਵਾਬ ਵੀ ਲੱਭਦੇ ਹਨ ਕਿ ਆਖਰਕਾਰ ਕੌਮ ਸ਼ਬਦ ਨੇ ਸਾਰੀ ਦੁਨੀਆ ਨੂੰ ਆਪਣੀ ਬੁੱਕਲ ਵਿਚ ਕਿਵੇਂ ਅਤੇ ਕਿਉਂ ਲੈ ਲਿਆ ਹੈ? ਕੌਮ ਇੱਕ ਇਹੋ ਜਿਹਾ ਸ਼ਬਦ ਬਣ ਚੁੱਕਾ ਹੈ ਜਿਸ ਨੇ ਸਾਰੀਆਂ ਕੋਮਲ ਕਲਾਵਾਂ, ਬਰੀਕ ਤੋਂ ਬਰੀਕ ਜਜ਼ਬੇ, ਆਸਾਂ ਉਮੀਦਾਂ, ਮਾਣ, ਗੌਰਵ, ਅਣਖ, ਗ਼ੈਰਤ, ਨਾਦ, ਸੰਗੀਤ, ਅਹਿਸਾਸ, ਇੱਛਾਵਾਂ, ਵਫਾਦਾਰੀਆਂ, ਇਤਿਹਾਸ ਵਿਚ ਮਿਲੇ ਜ਼ਖ਼ਮ, ਹਸਰਤਾਂ ਤੇ ਪੀੜਾਂ ਨੂੰ ਆਪਣੇ ਵਿਚ ਸਮੋ ਲਿਆ ਹੈ। ਜਦੋਂ ਕੌਮ ਦੀ ਗੱਲ ਕਰਦੇ ਹਾਂ ਤਾਂ ਇਹ ਹੋਰ ਵੀ ਹੈਰਾਨੀ ਹੁੰਦੀ ਹੈ ਕਿ ਕਈ ਹਾਲਤਾਂ ਵਿਚ ਤਾਂ ਕੌਮ ਦਾ ਰੁਤਬਾ ਧਰਮ ਨਾਲ ਜੁੜੇ ਸੁੱਚੇ ਜਜ਼ਬਿਆਂ ਤੋਂ ਵੀ ਉੱਚਾ ਸਥਾਨ ਅਖਤਿਆਰ ਕਰ ਲੈਂਦਾ ਹੈ। ਪਰ ਫਿਰ ਤੁਸੀਂ ਪੁੱਛੋਗੇ ਕਿ ਆਖਰ ਕੌਮ ਹੈ ਕੀ? ਕੌਮਵਾਦ ਕਿਸ ਨੂੰ ਕਹਿੰਦੇ ਹਨ? ਨੇਸ਼ਨ-ਸਟੇਟ ਤੇ ਸਟੇਟ ਨੇਸ਼ਨ ਵਿਚ ਬਰੀਕ ਫਰਕ ਕਿਹੜਾ ਹੈ? ਫਿਰ ਤੁਸੀਂ ਇਹ ਸਵਾਲ ਵੀ ਕਰੋਗੇ ਕਿ ਭਾਰਤ ਦੀ ਨੇਸ਼ਨ-ਸਟੇਟ ਦਾ ਮੁਹਾਂਦਰਾ ਕਿਹੋ ਜਿਹਾ ਹੈ? ਕੀ ਇਹ ਅਣਦਿਸਦੀ ਹਿੰਦੂ ਸਟੇਟ ਹੈ ਜਿਸ ਨੇ ਅਜੇ ਸਾਹਮਣੇ ਆਉਣ ਦੀ ਗੱਲ ਅੱਗੇ ਪਾਈ ਹੋਈ ਹੈ? ਇਹੋ ਜਿਹੇ ਵੱਡੇ ਅਤੇ ਗੁੰਝਲਦਾਰ ਸਵਾਲਾਂ ਦੇ ਡੂੰਘੇ ਜਵਾਬਾਂ ਦਾ ਸਿਲਸਿਲਾ ਸਾਡੀ ਕੌਮ ਵਿਚ ਕਦੇ ਵੀ ਸ਼ੁਰੂ ਨਹੀਂ ਹੋਇਆ। ਤੁਹਾਨੂੰ ਇਹ ਜਾਣ ਕੇ ਦੁੱਖ ਵੀ ਲੱਗੇਗਾ ਤੇ ਗੁੱਸਾ ਵੀ ਆ ਸਕਦਾ ਹੈ ਕਿ ਸਾਡੀ ਕੌਮ ਦੇ ਵਿਦਵਾਨਾਂ ਵਿਚ ਕੌਮ ਬਾਰੇ ਜਾਣਨ ਦੀ ਰਾਜਨੀਤਕ ਪਿਆਸ ਕਿਉਂ ਨਹੀਂ ਪੈਦਾ ਹੋਈ? ਉਦੋਂ ਵੀ ਅਸੀਂ ਵਿਚਾਰਾਂ ਦੀ ਲਹਿਰ ਨਹੀਂ ਚਲਾਈ ਜਦੋਂ ਸਿਰਦਾਰ ਕਪੂਰ ਸਿੰਘ ਨੇ ਅਨੰਦਪੁਰ ਸਾਹਿਬ ਮਤੇ ਦੇ ਪਹਿਲੇ ਪਹਿਰੇ ਵਿਚ ਹੀ ਇਹ ਐਲਾਨ ਕਰ ਦਿੱਤਾ ਸੀ ਕਿ ਸਿੱਖ ਬਾਕਾਇਦਾ ਮਾਨਤਾ ਪ੍ਰਾਪਤ ਰਾਜਨੀਤਿਕ ਕੌਮ ਹੈ ਜਿਸ ਦਾ ਆਰੰਭ ਖਾਲਸਾ ਪੰਥ ਦੇ ਜਨਮ ਨਾਲ ਹੀ ਹੋ ਗਿਆ ਸੀ। ਸਿੱਖ ਪੰਥ ਦੇ ਇਸ ਮਹਾਨ ਦਾਨਸ਼ਵਰ ਵੱਲੋਂ ਸਿਰਜੇ ਇਸ ਇਤਿਹਾਸਕ ਮਤੇ ਤੋਂ ਪਿੱਛੋਂ ਵੀ ਕੌਮ ਸ਼ਬਦ ਦੇ ਡੂੰਘੇ ਅਰਥਾਂ ਦੀਆਂ ਡੂੰਘੀਆਂ ਗੱਲਾਂ ਕਿਸੇ ਵੀ ਉੱਚੇ ਪੱਧਰ ਦੀ ਰਾਜਨੀਤਕ ਮਹਿਫਲ ਵਿਚ ਨਹੀਂ ਹੋਈਆਂ। ਹਾਂ, ਕੋਈ ਟਾਵਾਂ ਟੱਲਾ ਲੇਖ ਜਾਂ ਕੌਮ ਨਾਲ ਜੁੜੀਆਂ ਜਜ਼ਬਾਤੀ ਕਿਸਮ ਦੀਆਂ ਹਮਦਰਦੀਆਂ ਤੇ ਕੱਚੇ ਪਿੱਲੇ ਬਿਆਨ ਤਾਂ ਜ਼ਰੂਰ ਮਿਲ ਜਾਣਗੇ ਪਰ ਠਿਠ ਕੇ ਵੱਡੀ ਡਿਬੇਟ ਕਦੇ ਵੀ ਨਹੀਂ ਹੋਈ। ਫਿਰ 1981 ਦਾ ਸਾਲ ਚੜ੍ਹਿਆ ਜਦੋਂ ਇੱਕ ਉੱਘੇ ਅਮਰੀਕਨ ਸਿੱਖ ਸਰਦਾਰ ਗੰਗਾ ਸਿੰਘ ਢਿੱਲੋਂ ਨੇ ਆਲ ਇੰਡੀਆ ਸਿੱਖ ਐਜੂਕੇਸ਼ਨਲ ਕਾਨਫਰਸ ਦੀ 54ਵੀਂ ਵਰ੍ਹੇਗੰਢ ਮੌਕੇ ਚੰਡੀਗੜ੍ਹ ਵਿਚ ਹੋਏ ਇੱਕ ਸਮਾਗਮ ਦੌਰਾਨ ਪ੍ਰਧਾਨਗੀ ਭਾਸ਼ਨ ਦਿੰਦਿਆਂ ਐਲਾਨ ਕੀਤਾ ਕਿ ਸਿੱਖ ਵੱਖਰੀ ਕੌਮ ਹਨ। ਉਸ ਸਮੇਂ ਸਿੱਖਾਂ ਦੇ ਵੱਡੇ ਹਿੱਸੇ ਵਿਚ ਕੌਮ ਬਾਰੇ ਜਾਣਨ ਦਾ ਉਤਸ਼ਾਹ ਪੈਦਾ ਜ਼ਰੂਰ ਹੋਇਆ ਪਰ ਗੰਗਾ ਸਿੰਘ ਢਿੱਲੋਂ ਵਿਰੁੱਧ ਇੰਨਾ ਰੌਲਾ ਪਿਆ, ਇੰਨਾ ਸ਼ੋਰ ਸ਼ਰਾਬਾ ਹੋਇਆ ਕਿ ਇਹ ਸ਼ੋਰ ਅਸਮਾਨ ਦੀਆਂ ਕੰਧਾਂ ਨਾਲ ਜਾ ਲੱਗਾ ਅਤੇ ਵਿਚਾਰੇ ਗੰਗਾ ਸਿੰਘ ਢਿੱਲੋਂ ਨੂੰ ਵਾਪਸ ਅਮਰੀਕਾ ਵੱਲ ਤੋਰ ਦਿੱਤਾ ਗਿਆ, ਹਾਲਾਂਕਿ ਉਸ ਨੇ ਅਜੇ ਤਤਕਾਲੀਨ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵੱਲੋਂ ਆਏ ਸੱਦਾ ਪੱਤਰ ਦੇ ਜਵਾਬ ਵਿਚ ਮਿਲਣਾ ਸੀ। ਪਰ ਸਾਰੇ ਜਣੇ ਮਿਲਣ ਤੋਂ ਜਵਾਬ ਦੇ ਗਏ। ਉਦੋਂ ਹੀ ਪਤਾ ਲੱਗਾ ਕਿ ਭਾਰਤ ਸਰਕਾਰ ਦੀਆਂ ਨਜ਼ਰਾਂ ਵਿਚ ਸਿੱਖ ਕੌਮ ਲਈ 'ਕੌਮ' ਦਾ ਸ਼ਬਦ ਵਰਤਣਾ ਕਿੰਨਾ ਖ਼ਤਰਨਾਕ ਹੈ। ਮੈਂ ਇਤਫਾਕ ਵਸ ਪੰਜਾਬੀ ਟ੍ਰਿਬਿਊਨ ਲਈ ਉਸ ਕਾਨਫਰੰਸ ਦੀ ਕਵਰੇਜ ਵੀ ਕੀਤੀ ਸੀ ਅਤੇ ਇਹ ਵੀ ਕਿਹਾ ਸੀ ਕਿ ਕੌਮ ਦੀ ਗੱਲ ਹੁਣ ਦੂਰ ਤੱਕ ਜਾਵੇਗੀ। ਅੱਜ ਭਾਵੇਂ ਹਰ ਕੋਈ ਕੌਮ-ਕੌਮ ਸ਼ਬਦ ਦੀ ਖੁੱਲ੍ਹ ਕੇ ਵਰਤੋਂ ਕਰਦਾ ਹੈ ਤੇ ਸਰਕਾਰਾਂ ਨੂੰ ਵੀ ਬਹੁਤਾ ਫਰਕ ਨਹੀਂ ਪੈਂਦਾ, ਪਰ ਜਦੋਂ ਤੁਸੀਂ ਕੌਮ ਦੇ ਡੂੰਘੇ ਤੇ ਗਹਿਰ ਗੰਭੀਰ ਅਰਥਾਂ ਦੀ ਨਦੀ ਵਿਚ ਤਰਨ ਲੱਗ ਜਾਓਗੇ ਤਾਂ 'ਬੇਗਾਨੇ' ਤੁਹਾਨੂੰ ਉਸੇ ਨਦੀ ਵਿਚ ਡਬੋ ਕੇ ਹੀ ਸਾਹ ਲੈਣਗੇ। ਇੱਕ ਹੋਰ ਦੁੱਖ ਵੀ ਤੁਹਾਡੇ ਨਾਲ ਸਾਂਝਾ ਕਰਨ ਨੂੰ ਦਿਲ ਕਰ ਆਇਆ ਹੈ, ਜਿਸ ਦੁੱਖ ਵਿਚ ਰੋਸ, ਗਿਲੇ, ਮਿਹਣੇ ਤੇ ਨਿਹੋਰੇ ਵੀ ਸ਼ਾਮਿਲ ਹਨ। ਸਾਡੀ ਕੌਮ ਦੇ ਪਹਿਲੇ ਤੇ ਦੂਜੇ ਦਰਜੇ ਦੇ ਰਾਜਸੀ ਆਗੂ, ਪ੍ਰਚਾਰਕ, ਕਥਾਵਾਚਕ, ਵਿਦਵਾਨ ਅਤੇ ਡੂੰਘੀ ਵਿਦਵਤਾ ਵਿਚ ਰੰਗੇ ਬੁੱਧੀਜੀਵੀ ਵੀ ਅਤੇ ਸੁਲਝੇ ਹੋਏ ਪੱਤਰਕਾਰ ਵੀ ਧਾਰਮਿਕ ਤੇ ਰਾਜਨੀਤਕ ਜਲਸਿਆਂ ਅਤੇ ਸੈਮੀਨਾਰਾਂ ਵਿਚ ਕਦੇ ਹਲੇਮੀ ਰਾਜ, ਕਦੇ ਨਿਹਚਲ ਰਾਜ, ਕਦੇ ਬੇਗਮਪੁਰਾ, ਕਦੇ ਪੂਰਨ ਆਜ਼ਾਦੀ, ਕਨਫੈਡਰੇਸ਼ਨ, ਖਾਲਸਾ ਰਾਜ, ਅਤੇ ਕਦੇ ਸਿੱਖ ਹੋਮਲੈਂਡ ਵਰਗੀਆਂ ਗੱਲਾਂ ਕਰਦੇ ਹਨ ਤੇ ਇਹੋ ਜਿਹਾ ਰਾਜ ਕਾਇਮ ਕਰਨ ਦੀਆਂ ਇੱਛਾਵਾਂ ਦਾ ਪ੍ਰਗਟਾਵਾ ਤਾਂ ਕਰਦੇ ਹਨ ਤੇ ਲਗਾਤਾਰ ਕਰਦੇ ਜਾ ਵੀ ਰਹੇ ਹਨ। ਪਰ ਇਹ ਸਾਰਾ ਕਾਫਲਾ ਸਿੱਖ ਕੌਮ ਦੇ ਰਾਜਨੀਤਕ ਨਿਸ਼ਾਨੇ ਬਾਰੇ ਵੱਡਾ ਧੁੰਦਲਕਾ ਫੈਲਾਉਂਦਾ ਹੈ ਅਤੇ ਜੇਕਰ ਇਨ੍ਹਾਂ ਵੀਰਾਂ ਦੀ ਰਾਜਨੀਤਕ ਤੇ ਵਿਚਾਰਧਾਰਕ ਫੋਲਾਫਰੋਲੀ ਕੀਤੀ ਜਾਵੇ ਤਾਂ ਇਹ ਸਾਰੇ ਥੋੜ੍ਹੇ ਬਹੁਤੇ ਫਰਕ ਨਾਲ ਭਾਰਤ ਦੇ ਅੰਦਰ ਹੀ ਆਪਣੀ ਰਾਜਨੀਤਕ ਹੋਣੀ ਦੀ ਤਲਾਸ਼ ਕਰਦੇ ਹਨ। ਇਹ ਵੀਰ ਉਪਰੋਕਤ ਸ਼ਬਦਾਂ ਦਾ ਵਿਸ਼ਲੇਸ਼ਣ ਤੇ ਵਿਆਖਿਆ ਕਰਦਿਆਂ ਕਦੇ ਵੀ ਹਲੇਮੀ ਰਾਜ ਵਰਗੇ ਵਿਚਾਰਾਂ ਨੂੰ ਕੌਮ ਬਾਰੇ ਚੱਲ ਰਹੀਆਂ ਅੰਤਰਰਾਸ਼ਟਰੀ ਬਹਿਸਾਂ ਨਾਲ ਜੋੜ ਕੇ ਕੋਈ ਸਾਰਥਕ ਦਿਸ਼ਾ ਜਾਂ ਸੇਧ ਨਹੀਂ ਦਿੰਦੇ। ਕਿਉਂ ਸੇਧ ਨਹੀਂ ਦਿੰਦੇ? ਇਸ ਸਵਾਲ ਦੇ ਵੱਖਰੇ-ਵੱਖਰੇ ਜਵਾਬ ਲੱਭਣ ਦੀ ਜ਼ਿੰਮੇਵਾਰੀ ਤੁਸੀਂ ਖੁਦ ਹੀ ਆਪਣੇ ਰਾਜਨੀਤਕ ਮੋਢਿਆਂ 'ਤੇ ਕਿਉਂ ਨਹੀਂ ਚੁੱਕਦੇ? ਪਰ ਹੁਣ ਕੌਮ ਅਤੇ ਕੌਮਵਾਦ ਬਾਰੇ ਅਤੇ ਇਨ੍ਹਾਂ ਸ਼ਬਦਾਂ ਨਾਲ ਜੁੜੇ ਹੋਰ ਵਰਤਾਰਿਆਂ ਤੇ ਗੰਭੀਰ ਟਰਮਾਂ ਬਾਰੇ ਅੱਧ ਕੱਚੀਆਂ ਗੱਲਾਂ, ਵੇਲਾ ਵਿਹਾ ਚੁੱਕੀਆਂ ਗੱਲਾਂ ਤੇ ਬਹੀਆਂ ਤਰਬਈਆਂ ਗੱਲਾਂ ਦਾ ਦੌਰ ਖਤਮ ਹੋ ਗਿਆ ਹੈ ਅਤੇ ਅਸੀਂ ਨਵੇਂ ਦੌਰ ਵਿਚ ਦਾਖਲ ਹੋ ਰਹੇ ਹਾਂ, ਜਿਸ ਦੀ ਸ਼ੁਰੂਆਤ ਸਰਦਾਰ ਅਵਤਾਰ ਸਿੰਘ ਇੰਗਲੈਂਡ ਨੇ ਆਪਣੀ ਪਲੇਠੀ ਪੁਸਤਕ 'ਸਿੱਖ ਕੌਮਵਾਦ ਦਾ ਸੰਕਲਪ' ਵਿਚ ਕੀਤੀ ਹੈ ਤੇ ਇਸੇ ਕਿਤਾਬ ਦੇ ਸਬ-ਹੈਡਿੰਗ ਵਿਚ ਐਲਾਨ ਕੀਤਾ ਹੈ ਕਿ 'ਨਾ ਹਮ ਹਿੰਦੂ ਨ ਮੁਸਲਮਾਨ'। ਛੋਟੇ ਜਿਹੇ ਇਸ ਸਿਰਲੇਖ ਵਿਚ ਲੇਖਕ ਯਾਦ ਕਰਾਉਂਦਾ ਹੈ ਕਿ ਕੌਮ ਨੂੰ ਇਹ ਅਹਿਸਾਸ ਪਲ-ਪਲ ਹੋਣਾ ਚਾਹੀਦਾ ਹੈ ਕਿ ਉਹ ਕੀ ਹਨ ਅਤੇ ਕੀ ਨਹੀਂ ਹਨ ਤਾਂ ਕਿ ਕੋਈ ਦੁਸ਼ਮਣ ਉਨ੍ਹਾਂ ਦੀ ਗਲਤ ਵਿਆਖਿਆ ਨਾ ਕਰੇ। ਕੌਮ ਆਪਣੇ ਆਪ ਵਿਚ ਇੱਕ ਸਵੈ-ਪਰਿਭਾਸ਼ਤ ਸਮੂਹ ਹੈ ਜਾਂ ਦੂਜੇ ਲਫਜ਼ਾਂ ਵਿਚ ਕੌਮ ਆਪਣੀ ਵਿਆਖਿਆ ਖੁਦ ਕਰਦੀ ਹੈ ਅਤੇ ਕਿਸੇ ਬੇਗਾਨੇ ਦੀਆਂ ਪਰੀ ਭਾਸ਼ਾਵਾਂ ਜਾਂ ਵਿਆਖਿਆਵਾਂ ਦੀ ਮੁਥਾਜ ਨਹੀਂ ਹੁੰਦੀ ਬਲਕਿ ਆਪਣੇ ਆਪ ਬਾਰੇ ਖੁਦ ਫੈਸਲੇ ਕਰਦੀ ਹੈ। 413 ਪੰਨਿਆਂ ਵਿਚ ਫੈਲੀ ਇਸ ਪੁਸਤਕ ਦੇ 17 ਕਾਂਡ ਹਨ ਅਤੇ ਗੰਭੀਰ ਪੁਸਤਕਾਂ ਨੂੰ ਪਾਠਕਾਂ ਦੇ ਵਿਹੜੇ ਵਿਚ ਲਿਆਉਣ ਵਾਲੀ ਸੰਸਥਾ 'ਰੀਥਿੰਕ ਬੁਕਸ' ਵੱਲੋਂ ਇਹੋ ਪੁਸਤਕ ਛਾਪੀ ਗਈ ਹੈ। ਦਿਲਚਸਪ ਗੱਲ ਇਹ ਹੈ ਕਿ ਇਸ ਪੁਸਤਕ ਦੀ ਭੂਮਿਕਾ ਡੈਨਮਾਰਕ ਸਥਿਤ ਵਿਦਵਾਨ ਡਾਕਟਰ ਜਸਵੀਰ ਸਿੰਘ ਨੇ ਲਿਖੀ ਹੈ ਜਿਨ੍ਹਾਂ ਨੂੰ ਕੌਮਾਂ ਅਤੇ ਰਾਜ ਵਿਹੂਣੀਆਂ ਕੌਮਾਂ ਅਤੇ ਮੁਲਕਾਂ ਦੀਆਂ ਵੱਖ-ਵੱਖ ਨੇਸ਼ਨ-ਸਟੇਟਸ ਦੇ ਮੂੰਹ ਮੁਹਾਂਦਰੇ, ਰੂਪਾਂ, ਕਿਸਮਾਂ ਤੇ ਉਨ੍ਹਾਂ ਵਿਚ ਵੱਖ-ਵੱਖ ਫਰਕਾਂ ਬਾਰੇ ਡੂੰਘੀ ਸਮਝ ਹੈ। ਇਸ ਦਿਸ਼ਾ ਵਿਚ ਉਨ੍ਹਾਂ ਦੀ ਕਿਤਾਬ ਵੀ ਛੇਤੀ ਹੀ ਦਸਤਕ ਦੇ ਰਹੀ ਹੈ। ਪਹਿਲੇ ਦੋ ਕਾਂਡਾਂ ਨੂੰ ਜੇ ਤੁਸੀਂ ਠਿਠ ਕੇ ਅਤੇ ਦੋ ਤਿੰਨ ਵਾਰ ਪੜ੍ਹਨ ਦੀ ਵਿਹਲ ਕੱਢੋਗੇ ਤਾਂ ਤੁਸੀਂ ਕੌਮ ਤੇ ਕੌਮਵਾਦ, ਕੌਮ ਦੀ ਪਰਿਭਾਸ਼ਾ ਤੇ ਕੌਮਾਂ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਕੌਮਾਂ ਦੀ ਸਥਿਤੀ ਬਾਰੇ ਅਤੇ ਇਸ ਪੱਖ ਤੋਂ ਸੰਸਾਰ ਭਰ ਦੇ ਵਿਦਵਾਨਾਂ ਵਿਚ ਕੌਮ ਬਾਰੇ ਟਕਰਾਉਂਦੇ ਤੇ ਮਿਲਦੇ-ਜੁਲਦੇ ਵਿਚਾਰਾਂ ਨਾਲ ਲੈਸ ਹੋ ਜਾਓਗੇ। ਤੁਸੀਂ ਕਿਸੇ ਵੀ



ਲੇਖਕ ਅਵਤਾਰ ਸਿੰਘ।




ਮਹਿਫਲ ਵਿਚ ਸੰਜੀਦਾ ਬਹਿਸ ਕਰਨ ਦੇ ਵੀ ਕਾਬਲ ਹੋਵੋਗੇ ਤੇ ਹੋਰਨਾਂ ਦੇ ਅੰਦਰ ਵੀ ਕੌਮਾਂ ਬਾਰੇ ਜਾਣਨ ਦੀ ਜਗਿਆਸਾ ਪੈਦਾ ਕਰੋਗੇ। ਉਚਾ ਉਡਣ ਦੇ ਖੰਭ ਦੇ ਰਹੀ ਹੈ ਇਹ ਕਿਤਾਬ। ਇਹ ਕਾਂਡ ਪੜ੍ਹਦਿਆਂ ਤੁਹਾਨੂੰ ਸਿੱਖ ਕੌਮ ਦੀ ਵਰਤਮਾਨ ਸਥਿਤੀ ਬਾਰੇ ਆਪਣੇ ਆਪ ਹੀ ਸਮਝ ਆ ਜਾਵੇਗੀ। ਮੈਂ ਇਸ ਪੁਸਤਕ ਦਾ ਕੋਈ ਅਕਾਦਮਕ ਕਿਸਮ ਦਾ ਰਿਵਿਊ ਨਹੀਂ ਕਰ ਰਿਹਾ ਅਤੇ ਨਾ ਹੀ ਇਸ ਪੁਸਤਕ ਨੂੰ ਗੰਭੀਰ ਊਣਤਾਈਆਂ ਅਤੇ ਕਮਜ਼ੋਰੀਆਂ ਤੋਂ ਸੱਖਣਾ ਦੱਸ ਰਿਹਾ ਹਾਂ। ਇਸ ਕਿਤਾਬ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਕਿਤਾਬ ਤੁਹਾਡੇ ਅੰਦਰ 'ਪ੍ਰਭੂ ਸੰਪੰਨ ਸਿੱਖ ਸਟੇਟ' ਦਾ ਇੱਕ ਠੋਸ ਆਧਾਰ ਜ਼ਰੂਰ ਸਥਾਪਿਤ ਕਰ ਦੇਵੇਗੀ ਅਤੇ ਨਾਲ ਹੀ ਕੌਮ ਬਾਰੇ ਅਹਿਸਾਸ ਦਾ ਇੱਕ ਆਲਮ ਵੀ ਸਿਰਜ ਦੇਵੇਗੀ। ਇਹ ਪੁਸਤਕ ਬਹੁਤ ਸਾਰੇ ਉਨ੍ਹਾਂ ਭੁਲੇਖਿਆਂ ਨੂੰ ਵੀ ਦੂਰ ਕਰ ਦੇਵੇਗੀ ਜੋ ਸਰਕਾਰਾਂ ਜਾਂ ਸਰਕਾਰ-ਪ੍ਰਸਤ ਵਿਦਵਾਨਾਂ ਜਾਂ ਖੱਬੇ ਪੱਖੀ ਵਿਦਵਾਨਾਂ ਦੇ ਬਿਰਤਾਂਤਾਂ ਵਿਚ ਅਕਸਰ ਹੀ ਅਤੇ ਆਸਾਨੀ ਨਾਲ ਲੱਭੇ ਜਾ ਸਕਦੇ ਹਨ। ਇਹ ਕਿਤਾਬ ਉਨ੍ਹਾਂ ਵੀਰਾਂ ਨੂੰ ਵੀ ਸਿਧਮ ਸਿੱਧੀ ਚੁਣੌਤੀ ਹੈ ਜੋ ਅਸਲ ਵਿਚ ਪ੍ਰਭੂ ਸੰਪੰਨ ਸਿੱਖ ਸਟੇਟ ਦੇ ਸੰਕਲਪ ਵੱਲ ਪਿੱਠ ਕਰ ਕੇ ਬੈਠੇ ਹਨ ਅਤੇ ਉਪਰੋਂ-ਉਪਰੋਂ ਭਾਵੇਂ ਖਾਲਿਸਤਾਨ ਦੇ ਹੱਕ ਵਿਚ ਬੋਲਦੇ ਹਨ ਪਰ ਢਿੱਡੋਂ ਜਾਂ ਲੁਕ-ਛਿਪ ਕੇ ਜਾਂ 'ਆਫ ਦੀ ਰਿਕਾਰਡ' ਇਹੋ ਕਹਿੰਦੇ ਹਨ ਕਿ ਸਿੱਖ ਇੱਕ ਕੌਮ ਨਹੀਂ ਹਨ ਪਰ ਕੌਮ ਤੋਂ ਪਾਰ ਦੀ ਕੋਈ ਗੱਲ ਹੈ। ਜਾਂ ਇਹ ਕਹਿਣਗੇ ਪਈ ਸਿੱਖ ਤਾਂ ਸਮੁੱਚੇ ਬ੍ਰਹਿਮੰਡ ਦੇ ਹਾਣੀ ਹਨ ਅਤੇ ਏਨਾ ਹੀ ਨਹੀਂ ਉਹ ਵੀਰ ਆਪਣੀਆਂ ਸਰਗਰਮੀਆਂ ਕਰਦਿਆਂ ਇਥੋਂ ਤੱਕ ਚਲੇ ਗਏ ਹਨ ਕਿ ਸਿੱਖਾਂ ਦੇ ਮੁਲਕ ਦੀਆਂ ਕੋਈ ਹੱਦਾਂ ਹੀ ਨਹੀਂ ਹੋ ਸਕਦੀਆਂ। ਇਨ੍ਹਾਂ ਵੀਰਾਂ ਦੀ ਵਿਹਾਰਕ ਸਿਆਸਤ ਤੋਂ ਸੱਖਣੀ 'ਬ੍ਰਹਿਮੰਡੀ ਗਲਵੱਕੜੀ' ਨੂੰ ਵੀ ਲੇਖਕ ਨੇ ਆਲੋਚਨਾ ਦੇ ਘੇਰੇ ਵਿਚ ਰੱਖਿਆ ਹੈ। ਇਉਂ ਲੱਗਦਾ ਹੈ ਕਿ ਇਹ ਬ੍ਰਹਿਮੰਡੀ ਗਲਵੱਕੜੀ ਦੀ ਸਰਗਰਮੀ ਓੜਕ ਨੂੰ ਭਾਰਤੀ ਸਟੇਟ ਵਿਚ ਹੀ ਆਪਣੀ ਥਾਂ ਤਲਾਸ਼ ਕਰ ਰਹੀ ਹੈ ਜੋ ਕਈ ਕਾਰਨਾਂ ਕਰਕੇ ਅਜੇ ਅਣਦਿਸਦੀ ਰੱਖੀ ਗਈ ਹੈ। ਹੋਰ ਗੱਲ। ਇਹ ਪੁਸਤਕ ਸੁਣੀਆਂ-ਸੁਣਾਈਆਂ ਗੱਲਾਂ ਉੱਤੇ ਅਧਾਰਤ ਨਹੀਂ, ਸਗੋਂ ਠੋਸ ਦਲੀਲਾਂ ਅਤੇ ਹਵਾਲਿਆਂ ਨਾਲ ਸਿੱਧ ਕਰਦੀ ਹੈ ਕਿ ਸਿੱਖ ਪੰਥ ਨੇ ਜੇ ਇੱਕ ਸੰਪੂਰਨ ਕੌਮ ਬਣਨਾ ਹੈ ਤਾਂ ਉਸ ਲਈ ਪ੍ਰਭੂ ਸੰਪੰਨ ਸਟੇਟ ਕਾਇਮ ਕਰਨੀ ਜ਼ਰੂਰੀ ਹੈ। ਜਦੋਂ ਕੌਮ ਸੰਪੂਰਨ ਹੋ ਜਾਂਦੀ ਹੈ ਤਾਂ ਸਟੇਟ ਅਤੇ ਕੌਮ ਦਾ ਫਰਕ ਮਿਟ ਜਾਂਦਾ ਹੈ ਅਤੇ ਕੌਮ ਪੂਰੀ ਤਰ੍ਹਾਂ ਰੂਹਾਨੀ ਵਰਤਾਰਾ ਬਣ ਜਾਂਦੀ ਹੈ। ਲੇਖਕ ਸਿੱਖ ਸਟੇਟ ਦੀ ਰੂਪਰੇਖਾ ਨੂੰ ਵੀ ਕੁਝ ਇਸ ਤਰ੍ਹਾਂ ਹੀ ਦੇਖਦਾ ਹੈ। ਲੇਖਕ ਸ਼ਾਇਦ ਇਹ ਕਹਿਣਾ ਚਾਹੁੰਦਾ ਹੈ ਕਿ ਜਦੋਂ ਕੌਮ ਇੱਕ ਰੂਹਾਨੀ ਵਰਤਾਰਾ ਬਣ ਕੇ ਉਸਰਦੀ ਹੈ ਤਾਂ ਉਸ ਵੱਲੋਂ ਉਸਾਰੀ ਸਟੇਟ ਵਿਚ ਕਿਸੇ ਵੀ ਤਸ਼ੱਦਦ, ਕਤਲੇਆਮ ਜਾਂ ਅਣਮਨੁੱਖੀ ਸਰਗਰਮੀ ਦਾ ਕੋਈ ਤਰਕ ਹੀ ਨਹੀਂ ਰਹਿ ਜਾਂਦਾ। ਵੈਸੇ ਸਾਡੇ ਸੁਪਨਿਆਂ ਦੀ ਸਿੱਖ ਸਟੇਟ ਵਿਚ ਇਹੋ ਜਿਹੇ ਤੱਤ ਜ਼ਰੂਰ ਹੋਣੇ ਚਾਹੀਦੇ ਹਨ। 1984 ਦੇ ਦਰਬਾਰ ਸਾਹਿਬ ਦੇ ਸਾਕੇ ਪਿੱਛੋਂ ਜਿਨ੍ਹਾਂ ਨੇ ਪੰਜਾਬੀ ਕੌਮ ਦਾ ਸੰਕਲਪ ਠੇਲਿਆ, ਲੇਖਕ ਉਨ੍ਹਾਂ ਨੂੰ ਵੀ ਭਟਕੇ ਹੋਏ ਇਤਿਹਾਸਕਾਰ ਅਤੇ ਮੌਕਾਪ੍ਰਸਤ ਖ਼ੁਦਗਰਜ਼ ਵਿਦਵਾਨ ਆਖਦਾ ਹੈ ਜੋ ਕਈ ਕਿਸਮ ਦੀਆਂ ਵਿਆਖਿਆਵਾਂ ਪਰਨਾਲੀਆਂ ਰਾਹੀਂ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਸਿੱਖ ਇੱਕ ਕੌਮ ਨਹੀਂ ਹਨ, ਮਹਿਜ਼ ਇੱਕ ਭਾਈਚਾਰਾ ਹੀ ਹੈ। ਲੇਖਕ ਪ੍ਰਸਿੱਧ ਯਹੂਦੀ ਵਿਦਵਾਨ ਸਾਈਮਨ ਡੁਬਨਾਓ ਦੇ ਸਿਧਾਂਤ ਨੂੰ ਸਿੱਖ ਪ੍ਰਸੰਗ ਵਿਚ ਰੱਖ ਕੇ ਇਹ ਐਲਾਨ ਕਰ ਰਿਹਾ ਹੈ ਕਿ ਸਿੱਖਾਂ ਦੀ ਕੌਮੀਅਤ ਧਰਮ ਦੇ ਗਿਲਾਫ ਵਿਚ ਲਪੇਟੀ ਹੋਈ ਹੈ ਅਤੇ ਧਰਮ ਤੋਂ ਬਿਨਾਂ ਸਿੱਖ ਕੌਮ ਦਾ ਤਸਵਰ ਵੀ ਨਹੀਂ ਕੀਤਾ ਜਾ ਸਕਦਾ। ਜਿਹੜੇ ਅਜਿਹਾ ਕਰਨ ਦੀ ਹਿਮਾਕਤ ਕਰ ਰਹੇ ਹਨ, ਉਹ ਡੁਬਨਾਓ ਦੇ ਸ਼ਬਦਾਂ ਵਿਚ ਸਿੱਖ ਧਰਮ ਦੀ ਸਰਬਉੱਚਤਾ 'ਤੇ ਸਵਾਲ ਚੁੱਕ ਰਹੇ ਹਨ। ਕੀ ਕੋਈ ਕੌਮ 'ਸਟੇਟ' ਤੋਂ ਬਿਨਾਂ ਵੀ ਬਚ ਸਕਦੀ ਹੈ? ਅਵਤਾਰ ਸਿੰਘ ਮੁਤਾਬਕ ਬਚ ਸਕਦੀ ਹੈ ਬਸ਼ਰਤੇ ਉਹ ਕੌਮ ਆਪਣੇ ਅੰਦਰੂਨੀ ਖੋਰੇ ਨੂੰ ਖਤਮ ਕਰੇ ਤੇ ਜਾਂਬਾਜ਼ ਸੂਰਮਿਆਂ ਅਤੇ ਆਪਣੇ ਗੁਰੂਆਂ, ਪਵਿੱਤਰ ਸੰਤ ਪੁਰਸ਼ਾਂ ਦੀ ਰਹਿਨੁਮਾਈ ਥੱਲੇ ਕੰਮ ਕਰੇ। ਇਸ ਦਿਸ਼ਾ ਵਿਚ ਉਸ ਨੂੰ ਆਪਣੇ ਨਿਆਰੇ ਕੌਮੀ ਮਿਥਾਂ ਦੀ ਯਾਦ ਨੂੰ ਹਰ ਸਮੇਂ ਆਪਣੇ ਦਿਲ ਵਿਚ ਸਾਂਭ ਕੇ ਰੱਖਣਾ ਚਾਹੀਦਾ ਹੈ। ਇਹ ਨਿਸ਼ਾਨ ਉਸ ਕੌਮ ਨੂੰ ਬਾਕੀ ਕੌਮਾਂ ਨਾਲੋਂ ਵੱਖਰਾ ਦਰਸਾਉਂਦੇ ਹਨ। ਇਸ ਸਬੰਧ ਵਿਚ ਨਿਆਰੇ ਬੋਲ ਬਾਲੇ, ਇਸ ਦੇ ਨਿਸ਼ਾਨ, ਭਾਸ਼ਾ, ਪਹਿਰਾਵਾ, ਅਤੇ ਇਥੋਂ ਤੱਕ ਲਹਿਲਹਾਉਂਦੇ ਖੇਤ, ਝਰਨੇ, ਨਦੀਆਂ, ਟੋਭੇ, ਪਹਾੜ, ਪਗਡੰਡੀਆਂ, ਸੂਏ, ਨਹਿਰਾਂ, ਕਸੀਆਂ, ਕਿਲੇ, ਬੁੰਗੇ, ਹਵੇਲੀਆਂ, ਢੱਠੀਆਂ ਹੋਈਆਂ ਇਮਾਰਤਾਂ, ਖੰਡਰ, ਯਾਦਾਂ ਵਿਚ ਇੱਕ ਤਰ੍ਹਾਂ ਨਾਲ ਇਲਾਹੀ ਚਿੰਨ੍ਹ ਬਣ ਜਾਂਦੇ ਹਨ। ਕਈ ਵਾਰ ਕੌਮਾਂ ਲੰਮੇ ਸਮੇਂ ਲਈ ਕੌਮੀ ਜਜ਼ਬੇ ਦੀ ਇਹੋ ਜਿਹੀ ਉਦਾਸ ਹਾਲਤ ਵਿਚੋਂ ਵੀ ਲੰਘਦੀਆਂ ਹਨ ਜਿਸ ਨੂੰ ਇੱਕ ਵਿਦਵਾਨ ਡੌਰਨ ਮੈਂਡਰਜ਼ ਅਧਸੁਤੀ ਭਾਵਨਾ ਜਾਂ ਪੈਸਿਵ ਨੈਸ਼ਨਲਿਜ਼ਮ ਵੀ ਕਹਿੰਦਾ ਹੈ। ਕਈ ਵਾਰ ਕੌਮ ਜਾਂ ਕੌਮਵਾਦ ਇਤਿਹਾਸਕ ਝਟਕਿਆਂ ਨਾਲ ਵੀ ਜਾਗਦਾ ਹੈ। ਮਿਸਾਲ ਵਜੋਂ ਦਰਬਾਰ ਸਾਹਿਬ ਉੱਤੇ ਫੌਜੀ ਹਮਲਾ ਇਹੋ ਜਿਹਾ ਹੀ ਇਕ ਇਤਿਹਾਸਕ ਝਟਕਾ ਸੀ। ਅਵਤਾਰ ਸਿੰਘ ਕੌਮਵਾਦੀ ਜਜ਼ਬੇ ਬਾਰੇ ਅਰਥ ਭਰਪੂਰ ਟਿੱਪਣੀ ਕਰਦੇ ਹਨ ਕਿ ਕੌਮਾਂ ਵਿਚ ਕੌਮਵਾਦੀ ਜਜ਼ਬਾ ਬੇਸ਼ਕ ਕੁਝ ਸਮੇਂ ਲਈ ਮੱਠਾ ਪੈ ਜਾਵੇ, ਪਰ ਉਸ ਦੀ ਮੌਤ ਕਦੇ ਵੀ ਨਹੀਂ ਹੁੰਦੀ। ਜਦੋਂ ਵੀ ਕੌਮ ਉੱਤੇ ਕੋਈ ਵੱਡਾ ਬਾਹਰੀ ਹਮਲਾ ਜਾਂ ਸਿਧਾਂਤਕ ਹਮਲਾ ਹੁੰਦਾ ਹੈ ਤਾਂ ਕੌਮ ਫਿਰ ਆਪਣੇ ਪੁਰਖਿਆਂ ਤੋਂ ਪ੍ਰੇਰਨਾ ਲੈ ਕੇ ਆਜ਼ਾਦੀ ਦਾ ਸੰਘਰਸ਼ ਸ਼ੁਰੂ ਕਰ ਦਿੰਦੀ ਹੈ। ਅਸਲ ਵਿਚ ਸਿੱਖ ਕੌਮ ਵੀ ਅੱਜ ਕੱਲ੍ਹ ਕੁਝ ਇਸ ਤਰ੍ਹਾਂ ਦੀ ਹੀ ਹਾਲਤ ਵਿਚੋਂ ਲੰਘ ਰਹੀ ਹੈ। ਜੇ ਕਿਸੇ ਕੌਮ ਨੇ ਸਦ-ਜਾਗਤ ਅਵਸਥਾ ਵਿਚ ਰਹਿਣਾ ਹੈ ਤਾਂ ਉਸ ਨੂੰ ਅੰਦਰੂਨੀ ਤੇ ਬਾਹਰੀ ਸੁਰੱਖਿਆ ਕਵਚ ਮਜ਼ਬੂਤ ਰੱਖਣੇ ਚਾਹੀਦੇ ਹਨ। ਇਨ੍ਹਾਂ ਕਵਚਾਂ ਦੀ ਪੁਸਤਕ ਵਿਚ ਵਿਆਖਿਆ ਕੀਤੀ ਗਈ ਹੈ। ਕਾਮਰੇਡ ਭਰਾ ਕੌਮਾਂ ਨੂੰ ਕਿਵੇਂ ਵੇਖਦੇ ਹਨ? ਕਿਤਾਬ ਦੇ 32 ਪੰਨੇ ਇਸੇ ਵਿਸ਼ੇ 'ਤੇ ਠਿਠ ਕੇ ਬਹਿਸ ਕਰਦੇ ਹਨ। ਮੈਨੂੰ ਲੱਗਦਾ ਹੈ ਕਿ ਇਹ ਕਾਂਡ ਪੰਜਾਬ ਦੇ ਕਮਿਊਨਿਸਟ ਭਰਾਵਾਂ ਵਿਚ ਦਿਲਚਸਪ ਬਹਿਸ ਦਾ ਕੇਂਦਰ ਬਣੇਗਾ ਕਿਉਂਕਿ ਅਵਤਾਰ ਸਿੰਘ ਨੇ ਮਾਰਕਸ, ਏਂਗਲਜ਼, ਮਾਓ ਜ਼ੇ ਤੁੰਗ ਅਤੇ ਸਟਾਲਨ ਦੇ ਹਵਾਲਿਆਂ ਨਾਲ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਨ੍ਹਾਂ ਰਾਜਸੀ ਵਿਦਵਾਨਾਂ ਨੇ ਅਜਿਹਾ ਕੋਈ ਬਝਵਾਂ ਯਤਨ ਨਹੀਂ ਕੀਤਾ ਜਿਸ ਤੋਂ ਇਨ੍ਹਾਂ ਸਿਧਾਂਤਕਾਰਾਂ ਦੀ ਕੌਮੀ ਸਵਾਲ ਬਾਰੇ ਕਿਸੇ ਸਿਆਣਪ ਦਾ ਮੁਜ਼ਾਹਰਾ ਹੁੰਦਾ ਹੋਵੇ। ਲੇਖਕ ਵਿਅੰਗ ਕਰਦਾ ਹੈ ਕਿ ਕਮਿਊਨਿਸਟ ਕੌਮ ਤੇ ਕੌਮਵਾਦ ਨੂੰ ਆਪਣੇ ਮਾਰਕਸਵਾਦੀ ਹਿੱਤਾਂ ਲਈ ਅਤੇ ਸੇਵਾ ਲਈ ਵਰਤਣ ਦੀ ਸਿਆਸੀ ਜਾਚ ਤੇ ਜੁਗਤ ਬਹੁਤ ਜਲਦੀ ਸਿੱਖ ਗਏ ਹਨ, ਜਦਕਿ ਲੇਖਕ ਇਸ ਕਾਂਡ ਦੇ ਸ਼ੁਰੂ ਵਿਚ ਹੀ ਇਹ ਫੈਸਲਾ ਸੁਣਾ ਦਿੰਦਾ ਹੈ ਕਿ ਕੌਮਵਾਦ ਅਤੇ ਮਾਰਕਸਵਾਦ ਸਿਧਾਂਤਕ ਅਤੇ ਫਲਸਫੇ ਦੇ ਤੌਰ 'ਤੇ ਬੇਮੇਲ ਹਨ। ਇਸ ਲੇਖ ਵਿਚ ਲੇਖਕ ਨੇ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ 60 ਹਵਾਲੇ ਦਿੱਤੇ ਹਨ ਤੇ ਕਰੀਬ 18 ਵਿਦਵਾਨਾਂ ਦੀਆਂ ਲਿਖਤਾਂ ਨੂੰ ਚੰਗੀ ਤਰ੍ਹਾਂ ਘੋਖਿਆ ਹੈ, ਏਂਗਲਜ਼ ਦੀਆਂ ਕੁਝ ਚਿੱਠੀਆਂ ਦਾ ਵੀ ਜ਼ਿਕਰ ਕੀਤਾ ਗਿਆ ਹੈ। ਵੈਸੇ ਕਿਤਾਬ ਦੇ 17 ਕਾਂਡਾਂ ਵਿਚ ਵੀ ਹਰ ਕਾਂਡ ਵਿਚ ਜਿਨ੍ਹਾਂ ਕਿਤਾਬਾਂ ਦੇ ਹਵਾਲੇ ਦਿੱਤੇ ਗਏ ਹਨ, ਉਹ ਕਿਤਾਬਾਂ ਲੇਖਕ ਨੇ ਨਾ ਕੇਵਲ ਪੜ੍ਹੀਆਂ ਹਨ ਸਗੋਂ ਉਨ੍ਹਾਂ ਦੇ ਵਿਚਾਰਾਂ ਨੂੰ ਆਪਣੇ ਅੰਦਰ ਵਸਾਉਣ ਅਤੇ ਰਚਾਉਣ ਪਿੱਛੋਂ ਹੀ ਆਪਣੇ ਵਿਚਾਰਾਂ ਨੂੰ ਉਸਨੇ ਮੌਲਿਕ ਸ਼ਕਲ ਦਿੱਤੀ। ਅਸੀਂ ਹੋਰਨਾਂ ਧਰਮਾਂ, ਕੌਮਾਂ ਤੇ ਸੱਭਿਆਚਾਰਾਂ ਨਾਲੋਂ ਵੱਖਰੇ ਕਿਵੇਂ ਹਾਂ, ਇਸ ਸਬੰਧ ਵਿਚ ਵੀ ਲੇਖਕ ਨੇ ਇੱਕ ਵਿਸ਼ੇਸ਼ ਕਾਂਡ ਪੇਸ਼ ਕੀਤਾ ਹੈ। ਹਰ ਕਾਂਡ ਵਿਚ ਕੌਮ ਤੇ ਕੌਮਵਾਦ ਬਾਰੇ ਵਿਚਾਰ ਪੇਸ਼ ਕਰਦਿਆਂ ਲੇਖਕ ਬਹੁਤ ਦੁਹਰਾਓ ਕਰਦਾ ਹੈ, ਪਰ ਸ਼ਾਇਦ ਇਸ ਲਈ ਕਿ ਯੂਨੀਵਰਸਿਟੀਆਂ ਦੇ ਵਿਦਿਆਰਥੀ ਤੇ ਹੋਰ ਸਿੱਖ ਵਿਦਵਾਨਾਂ ਅੰਦਰ ਇਸ ਅਹਿਮ ਤੇ ਅਣਗੌਲੇ ਵਿਸ਼ੇ ਬਾਰੇ ਹੋਰ ਕਿਤਾਬਾਂ ਪੜ੍ਹਨ, ਸੋਚਣ ਤੇ ਮਹਿਸੂਸ ਕਰਨ ਦਾ ਮਾਹੌਲ ਪੈਦਾ ਹੋਵੇ। ਲੇਖਕ ਅੰਦਰ ਇਹ ਕਹਿਣ ਦੀ ਝਿਜਕ ਨਹੀਂ ਕਿ ਕੌਮ ਬਾਰੇ ਜੋ ਗੱਲਾਂ ਕਿਤਾਬ ਵਿਚ ਕੀਤੀਆਂ ਗਈਆਂ ਹਨ ਉਹ ਅੰਤਿਮ ਨਹੀਂ, ਪਰ ਇਹ ਕਿਤਾਬ ਹੋਰ ਕਿਤਾਬਾਂ ਦੀ ਸਿਰਜਣਾ ਕਰਨ ਲਈ ਰਾਹ ਜ਼ਰੂਰ ਪੱਧਰਾ ਕਰੇਗੀ। ਇਸ ਕਿਤਾਬ ਦੀ ਪ੍ਰੇਰਨਾ ਤੇ ਸਹਾਇਤਾ ਲਈ ਯੂ.ਕੇ. ਸਥਿਤ ਇੱਕ ਉੱਘੀ ਸੰਸਥਾ ਸਿੱਖ ਐਜੂਕੇਸ਼ਨਲ ਕੌਂਸਲ ਅਤੇ ਅਮਰੀਕਾ ਸਥਿਤ ਪੰਜਾਬੀ ਰੇਡੀਓ ਨੇ ਵੱਡਾ ਰੋਲ ਅਦਾ ਕੀਤਾ। ਕਿਤਾਬ ਦੇ ਆਖਰੀ ਕਾਂਡ ਦੇ ਆਖਰੀ ਪਹਿਰੇ ਵਿਚ ਹਿੰਸਾ ਦੀ ਵਰਤੋਂ ਬਾਰੇ ਖਾਲਸਾ -ਪ੍ਰਸੰਗ ਤੇ ਖਾਲਸਾ- ਰੌਸ਼ਨੀ ਦਾ ਆਸਰਾ ਲੈ ਕੇ ਲੇਖਕ ਇਤਿਹਾਸਕ ਟਿੱਪਣੀ ਕਰ ਰਿਹਾ ਹੈ ਕਿ ਸਿੱਖਾਂ ਦੀ ਧਾਰਮਿਕ ਪਰੰਪਰਾ ਵਿਚ ਉਹ ਹਿੰਸਾ ਜਾਇਜ਼ ਹੈ ਜੋ ਮਨੁੱਖਤਾ ਦੇ ਉਧਾਰ ਅਤੇ ਜ਼ੁਲਮ ਦੇ ਖਾਤਮੇ ਲਈ ਕੀਤੀ ਜਾਂਦੀ ਹੈ। ਜੁਝਾਰੂ ਲਹਿਰ, ਨਾਮਧਾਰੀ ਲਹਿਰ ਅਤੇ ਗਦਰ ਲਹਿਰ ਦਾ ਹਵਾਲਾ ਦਿੰਦਿਆਂ ਲੇਖਕ ਇਹ ਆਖ ਰਿਹਾ ਹੈ ਕਿ ਸਿੱਖਾਂ ਦੇ 'ਮਨੁੱਖੀ ਜੁਝਾਰੂਪਣ' ਨੂੰ 'ਫੌਜੀ ਜੁਝਾਰੂਪਣ' ਵਿਚ ਬਦਲਣ ਦੀਆਂ ਅਣਗਿਣਤ ਮਿਸਾਲਾਂ ਇਤਿਹਾਸ ਵਿਚ ਮਿਲਦੀਆਂ ਹਨ। ਕਿਨ੍ਹਾਂ ਕਿਨ੍ਹਾਂ ਨੂੰ ਇਹ ਕਿਤਾਬ ਪੜ੍ਹਨੀ ਚਾਹੀਦੀ ਹੈ ਜਾਂ ਪੜ੍ਹਨੀ ਪੈਣੀ ਹੈ? ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਰੇ ਧੜਿਆਂ ਦੇ ਜਾਗਦੇ ਵਿਦਿਆਰਥੀਆਂ ਨੂੰ, ਆਜ਼ਾਦੀ ਲਈ ਲੜ ਰਹੀਆਂ ਜਥੇਬੰਦੀਆਂ ਤੇ ਪਾਰਟੀਆਂ ਦੇ ਪੜ੍ਹੇ-ਲਿਖੇ ਆਗੂਆਂ ਨੂੰ, ਰਾਜਨੀਤਕ ਵਿਦਵਤਾ ਵਿਚ ਨਿਪੁੰਨ ਪੰਜਾਬ ਦੀਆਂ ਤਮਾਮ ਰਾਜਨੀਤਕ ਪਾਰਟੀਆਂ ਨੂੰ, ਵਿਸ਼ੇਸ਼ ਕਰਕੇ ਅਕਾਲੀ ਦਲ ਦੇ ਉਨ੍ਹਾਂ ਆਗੂਆਂ ਨੂੰ ਜੋ ਬਹੁਤੀ ਵਾਰ ਕੌਮ ਤੇ ਕੌਮਵਾਦ ਬਾਰੇ ਨਿਆਣਿਆਂ ਵਾਲੀਆਂ ਗੱਲਾਂ ਕਰਦੇ ਹਨ, ਸੋਸ਼ਲ ਮੀਡੀਏ ਉੱਤੇ ਗੰਭੀਰ ਟਿੱਪਣੀਆਂ ਕਰਨ ਵਾਲਿਆਂ ਨੂੰ, ਪੰਜਾਬ ਦੇ ਇਤਿਹਾਸਕਾਰਾਂ ਨੂੰ, ਪੰਜਾਬ ਦੇ ਮਸਲਿਆਂ ਨਾਲ ਜੁੜੇ ਗੰਭੀਰ ਪੱਤਰਕਾਰਾਂ ਅਤੇ ਲੇਖਕਾਂ ਨੂੰ ਵਿਹਲ ਕੱਢ ਕੇ ਪੜ੍ਹਨ ਦੀ ਲੋੜ ਹੈ ਤਾਂ ਜੋ ਪੰਜਾਬ ਵਿਚ ਮਿਲਦੇ-ਜੁਲਦੇ ਤੇ ਇੱਕ ਦੂਜੇ ਨਾਲ ਟਕਰਾਉਂਦੇ ਵਿਚਾਰਾਂ ਦਾ ਇੱਕ ਭਰਪੂਰ ਮੇਲਾ ਲੱਗ ਸਕੇ। ਕਿਤਾਬ ਉਨ੍ਹਾਂ ਰਾਜਨੀਤਕ ਅੱਖਾਂ ਵਿਚ ਵੀ ਝਾਕਣਾ ਚਾਹੁੰਦੀ ਹੈ ਜੋ ਇਕ ਕਤਰੇ ਵਿਚ ਸਮੁੰਦਰ ਦੇਖ ਸਕਣ ਦੀ ਯੋਗਤਾ ਤੇ ਕਾਬਲੀਅਤ ਰੱਖਦੇ ਹਨ।

# ਫ਼ਿਲਮ ਲੋਕ



## ਮਾਨਸਿਕ ਤੰਦਰੁਸਤੀ ਜ਼ਰੂਰੀ ਹੈ: ਦੀਪਿਕਾ ਪਾਦੂਕੋਨ

ਆਖਿਰ ਕੁਝ ਖ਼ਾਸ ਗੱਲ ਹੈ ਤਾਂ ਹੀ ਦੀਪਿਕਾ ਪਾਦੂਕੋਨ ਨੂੰ 'ਪਰੀਕਸ਼ਾ ਪੇ ਚਰਚਾ' ਵਿਦਿਆਰਥੀਆਂ ਦੇ ਸਾਲਾਨਾ ਇਮਤਿਹਾਨਾਂ 'ਤੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਕਹਿਣ 'ਤੇ ਸੱਦਾ ਪੱਤਰ ਦਿੱਤਾ ਗਿਆ ਤਾਂ ਇਸ ਦੇ ਬਣੇ ਅੱਠ ਭਾਗਾਂ ਵਿਚੋਂ ਇਕ ਭਾਗ ਦੀਪਿਕਾ ਪਾਦੂਕੋਨ 'ਤੇ ਆਧਾਰਿਤ ਰਿਹਾ। ਦੀਪਿਕਾ ਨੇ ਪਹਿਲਾਂ ਤਾਂ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ ਤੇ ਫਿਰ ਵਿਦਿਆਰਥੀਆਂ ਨੂੰ ਕਈ ਖ਼ਾਸ ਗੱਲਾਂ ਦੱਸੀਆਂ। ਦੀਪਿਕਾ ਨੇ ਕਿਹਾ ਕਿ ਵਿਦਿਆਰਥੀ ਪੂਰੀ ਨੀਂਦ ਵੀ ਲੈਣ ਤਾਂ ਹੀ ਤਰੋਤਾਜ਼ਾ ਹੋ ਕੇ ਪੜ੍ਹਾਈ ਕੀਤੀ ਜਾ ਸਕਦੀ ਹੈ। ਦੀਪਿਕਾ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਪਹਿਲਾਂ ਮਾਨਸਿਕ ਤੰਦਰੁਸਤੀ ਜ਼ਰੂਰੀ ਹੈ। ਉਸ ਨੇ ਇਹ ਵੀ ਕਿਹਾ ਕਿ ਉਹ ਆਪ ਮਾਨਸਿਕ ਤੌਰ 'ਤੇ ਬਿਮਾਰ ਹੋ ਗਈ ਸੀ। ਤੁਸੀਂ ਬੋਝ ਨਹੀਂ ਲੈਣਾ, ਇਹ ਗੱਲ ਦੀਪਿਕਾ ਨੇ ਕੱਲ੍ਹ ਦੁਬਾਰਾ ਰਿਲੀਜ਼ ਹੋਈ ਦੀਪਿਕਾ ਦੀ ਫ਼ਿਲਮ 'ਯੇਹ ਜਵਾਨੀ ਹੈ ਦਿਵਾਨੀ' ਦੇ ਮੌਕੇ ਕਹੀ ਹੈ ਤੇ ਇਸ ਨੇ ਮੁੜ ਰਿਲੀਜ਼ ਹੋ ਕੇ 26 ਕਰੋੜ ਦਾ ਵਪਾਰ ਕਰ ਲਿਆ ਹੈ। ਇਧਰ ਟੀ.ਵੀ. 'ਤੇ 'ਕਲਕੀ 2898 ਏ.ਡੀ.' ਆਉਣ ਨਾਲ ਦੀਪਿਕਾ ਦੀ ਸ਼ਲਾਘਾ ਉਹ ਲੋਕ ਕਰ ਰਹੇ ਹਨ ਜਿਨ੍ਹਾਂ ਨੇ ਇਹ ਫ਼ਿਲਮ ਟੀ.ਵੀ. 'ਤੇ ਦੇਖੀ ਜਾਂ ਕਹਿ ਲਓ ਕਿ ਸਿਨੇਮਾ 'ਚ ਇਹ ਫ਼ਿਲਮ ਦੇਖ ਨਾ ਸਕਣ ਵਾਲੇ ਟੀ.ਵੀ. 'ਤੇ ਇਹ ਫ਼ਿਲਮ ਦੇਖ ਕੇ ਦੇ ਦੀਪਿਕਾ ਦੀ ਸ਼ਲਾਘਾ 'ਚ ਰਹੇ ਹਨ। ਇਹ ਸਾਰੀਆਂ ਗੱਲਾਂ ਵਿਦਿਆਰਥੀਆਂ ਨਾਲ ਚਰਚਾ, ਪ੍ਰਧਾਨ ਮੰਤਰੀ ਦੀਆਂ ਨਜ਼ਰਾਂ 'ਚ ਚੰਗੀ ਦਿਖਾ 'ਯੇ ਜਵਾਨੀ ਹੈ ਦਿਵਾਨੀ' ਨੂੰ ਫਿਰ ਕਾਮਯਾਬੀ ਤੇ 'ਕਲਕੀ 2898 ਏ.ਡੀ.' ਟੀ.ਵੀ. 'ਤੇ ਪ੍ਰਸਾਰਿਤ ਦੀਪਿਕਾ ਪਾਦੂਕੋਨ ਦੇ ਫ਼ਿਲਮੀ ਕੈਰੀਅਰ ਨੂੰ ਉਭਾਰਨ 'ਚ ਕਾਮਯਾਬ ਸਿੱਧ ਹੋ ਰਹੀਆਂ ਹਨ। 500 ਕਰੋੜ ਤੋਂ ਵੱਧ ਦੀ ਜਾਇਦਾਦ ਦੀ ਮਾਲਕਣ ਦੀਪਿਕਾ ਖ਼ੁਦ ਹਿਸਾਬ ਵਿਚ ਬੇਹੱਦ ਕਮਜ਼ੋਰ ਰਹੀ ਹੈ ਤੇ ਉਹ ਅੱਜ ਵੀ ਹਿਸਾਬ-ਕਿਤਾਬ ਕਰਦਿਆਂ ਬਹੁਤ ਕੁਝ ਭੁੱਲ ਜਾਂਦੀ ਹੈ। ਦੀਪਿਕਾ ਨੂੰ ਇੰਫੋਸਿਸ ਦੇ ਸਹਾਇਕ ਚੇਅਰਮੈਨ ਆਰ. ਨਰਾਇਣ ਮੂਰਤੀ ਦੀ ਇਹ ਗੱਲ ਚੰਗੀ ਨਹੀਂ ਲੱਗੀ ਕਿ ਲੋਕ ਹਫ਼ਤੇ 'ਚ 70 ਘੰਟੇ ਕੰਮ ਕਰਨ। ਫਿਰ ਉਨ੍ਹਾਂ 90 ਘੰਟੇ ਕੰਮ ਕਰਨ 'ਤੇ ਜ਼ੋਰ ਦਿੱਤਾ। ਦੀਪਿਕਾ ਨੇ ਕਿਹਾ ਕਿ ਕਿਸੇ 'ਤੇ ਕੰਮ ਦਾ ਬੋਝ ਨਹੀਂ ਪਾਉਣਾ ਚਾਹੀਦਾ। ਮੂਰਤੀ ਤਾਂ ਚਾਹੁੰਦੇ ਨੇ ਕਿ ਲੋਕ ਐਤਵਾਰ ਵੀ ਕੰਮ ਕਰਿਆ ਕਰਨ। ਬੇਟੀ ਦੁਆ ਦੇ ਜਨਮ ਤੋਂ ਬਾਅਦ ਦੀਪੀ ਫਿਰ ਕੰਮ 'ਤੇ ਪਰਤ ਆਈ ਹੈ ਤੇ ਉਸ ਦੀ ਨਵੀਂ ਦਿੱਖ ਦੇਖ ਕੇ ਲੋਕ ਖ਼ਾਸ ਕਰ ਦੀਪਿਕਾ ਦੇ ਦਿਵਾਨੇ ਉਸ ਨੂੰ ਅਭਿਨੇਤਰੀ ਰੇਖਾ ਦੀ ਕਾਰਬਨ ਕਾਪੀ ਆਖ ਰਹੇ ਹਨ। ਇੱਧਰ 570 ਕਰੋੜ ਕਮਾਉਣ ਵਾਲੀ ਦੀਪਿਕਾ ਦੀ ਇਕ ਹੋਰ ਫ਼ਿਲਮ 'ਪਦਮਾਵਤ' ਮੁੜ ਰਿਲੀਜ਼ ਕਰਨ ਦੀਆਂ ਤਿਆਰੀਆਂ ਜ਼ੋਰ-ਸ਼ੋਰ 'ਤੇ ਹਨ।

## ਵਿੱਕੀ ਕੌਸ਼ਲ ਦਾ ਸੁਪਨਾ ਹੋਇਆ ਸਾਕਾਰ



ਬਾਇਓਪਿਕ 'ਸਰਦਾਰ ਊਧਮ', 'ਸੈਮ ਸਦਕੇ ਅਭਿਨੇਤਾ ਵਿੱਕੀ ਕੌਂਸਲ ਦੀ ਤੀਜੀ ਬਾਇਓਪਿਕ 'ਛਾਵਾਂ' ਰਿਲੀਜ਼ ਹੋ ਚੁੱਕੀ ਹੈ। ਇਤਿਹਾਸਕ ਕਥਾਨਕ ਵਾਲੀਆਂ ਫਿਲਮਾਂ ਕਰਨਾ ਕਲਾਕਾਰਾਂ ਦਾ ਸੁਪਨਾ ਹੁੰਦਾ ਹੈ। 'ਛਾਵਾ' ਨਾਲ ਵਿਕੀ ਦਾ ਉਹ ਸੁਪਨਾ ਪੂਰਾ ਹੋਇਆ ਹੈ।

ਪੂਰੀ ਟੀਮ 'ਤੇ ਜ਼ਿੰਮੇਵਾਰੀ - ਵਿਕੀ ਛਤਰਪਤੀ ਸੰਭਾਜੀ ਮਹਾਰਾਜ ਦੀ ਭੂਮਿਕਾ ਵਿਚ ਐਕਸ਼ਨ ਕਰਦੇ ਦਿਖਾਈ ਦਿੱਤੇ ਹਨ। ਇਸ ਇਤਿਹਾਸਕ ਫਿਲਮ ਨੂੰ ਕਰਦੇ ਸਮੇਂ ਵਿੱਕੀ ਨੂੰ ਕਿਹੜੀਆਂ ਚੀਜ਼ਾਂ ਭੁੱਲਣੀਆਂ ਪਈਆਂ। ਉਹ ਕਹਿੰਦ ਹਨ ਕਿ ਭੁੱਲਣ ਤੋਂ ਜ਼ਿਆਦਾ ਮੈਨੂੰ ਉਸ ਦੁਨੀਆ ਨੂੰ ਸਮਝਣਾ ਪਿਆ। ਸਾਢੇ ਤਿੰਨ ਸੌ ਸਾਲ ਪਹਿਲਾਂ ਦੇ ਦੌਰ ਤੇ ਸੱਭਿਆਚਾਰ ਨੂੰ ਸਮਝਣਾ ਪਿਆ। ਉਨ੍ਹਾਂ ਦੀਆਂ ਮਾਨਤਾਵਾਂ ਕੀ ਸਨ, ਉਹ ਕਿਨ੍ਹਾਂ ਅਸੂਲਾਂ 'ਤੇ ਚੱਲਦੇ ਸਨ, ਕਿੰਨ੍ਹਾਂ ਮੰਨਦੇ ਸਨ। ਮਹਾਰਾਸ਼ਟਰ ਲਈ ਤਾਂ ਛਤਰਪਤੀ ਸੰਭਾਜੀ ਭਗਵਾਨ ਦੇ ਬਰਾਬਰ ਹਨ। ਜਦੋਂ ਇੰਨੀ ਵੱਡੀ ਡੂੰਘੀ ਆਸਥਾ ਤੇ ਭਾਵਨਾਵਾਂ ਜੁੜੀਆਂ ਹੁੰਦੀਆਂ ਹਨ ਤਾਂ ਨਾ ਸਿਰਫ਼ ਬਤੌਰ ਕਲਾਕਾਰ ਮੇਰੇ' ਤੇ 'ਤੇ, ਬਲਕਿ ਪੂਰੀ ਟੀਮ 'ਤੇ ਵੱਡੀ ਜ਼ਿੰਮੇਦਾਰੀ ਆ ਜਾਂਦੀ ਹੈ।

ਫਿਰ ਚਾਹੇ ਪ੍ਰੋਫੋਰਮੈਂਸ ਹੋਵੇ, ਸੈੱਟ ਜਾਂ ਕੌਸਟਿਊਮ ਹੋਵੇ, ਸਭ ਕੁਝ ਬਹੁਤ ਭਰੋਸੇਯੋਗ ਹੋਣਾ ਚਾਹੀਦਾ ਹੈ। ਵਿੱਕੀ ਕਹਿੰਦੇ ਹਨ ਕਿ ਜਦੋਂ ਮੇਰੇ ਕੋਲ ਇਸ ਰੋਲ ਦਾ ਪ੍ਰਸਤਾਵ ਆਇਆ ਸੀ ਤਾਂ ਮੈਂ ਖ਼ੁਦ ਤੋਂ ਇਹੀ ਸਵਾਲ ਪੁੱਛਿਆ ਸੀ ਕਿ ਕੀ ਮੈਂ ਆਪਣੇ ਪੈਰ ਉਨ੍ਹਾਂ ਦੇ ਜੁੱਤੇ ਵਿਚ ਪਾ ਸਕਾਂਗਾ। ਛਤਰਪਤੀ ਸੰਭਾਜੀ ਮਹਾਰਾਜ ਮਹਾਨ ਯੋਧਾ ਸਨ। ਮੈਨੂੰ ਤਿਆਰੀ ਕਰਨ ਲਈ ਛੇ-ਸੱਤ ਮਹੀਨੇ ਮਿਲੇ ਸਨ। ਉਨ੍ਹਾਂ ਦੀ ਸਰੀਰਕ ਬਨਾਵਟ ਸੀ ਜਾਂ ਫਿਰ ਉਨ੍ਹਾਂ ਦੀ ਤਰ੍ਹਾਂ ਘੋੜਸਵਾਰੀ ਕਰਨੀ, ਇਨ੍ਹਾਂ ਸਾਰਿਆਂ ਲਈ ਹਿੰਮਤ ਜੋੜਨ ਦਾ ਆਤਮਵਿਸ਼ਵਾਸ ਫਿਲਮ ਦੇ ਨਿਰਦੇਸ਼ਕ ਲਕਸ਼ਮਣ (ਉਤੇਕਰ) ਸਰ ਤੋਂ ਮਿਲਿਆ। ਉਹ ਉਦੋਂ ਤੋਂ ਲੈ ਕੇ ਅੱਜ ਤੱਕ ਮੈਨੂੰ 'ਰਾਜੇ' ਬੁਲਾਉਂਦੇ ਹਨ। ਉਹ ਸ਼ਬਦ ਮੇਰੀ ਚੇਤਨਾ ਵਿਚ ਰਹਿ ਗਿਆ ਹੈ। ਇਹ ਸ਼ਬਦ ਇਕ ਕਲਾਕਾਰ ਵਿਚ ਇੰਨਾ ਆਤਮਵਿਸ਼ਵਾਸ ਭਰ ਦਿੰਦਾ ਹੈ ਕਿ ਤੁਸੀਂ ਖ਼ੁਦ ਨੂੰ ਉਸ ਜਗ੍ਹਾ 'ਤੇ ਦੇਖਣ ਲੱਗ ਜਾਂਦੇ ਹੋ। ਫਿਲਮ ਵਿਚ ਵਿੱਕੀ ਨੇ ਬਿਨਾ ਕਿਸੇ ਬਾਡੀ ਡਬਲ ਦੇ ਘੋੜਾ ਦੌੜਾਇਆ ਹੈ, ਸਟੰਟ ਸੀਨ ਕੀਤੇ ਹਨ। ਉਹ ਕਹਿੰਦੇ ਹਨ ਕਿ ਮੈਂ ਪਹਿਲਾਂ ਘੋੜੇ ਨਾਲ ਦੋਸਤੀ ਕਰਨੀ ਸੀ। ਉਸ ਦਾ ਨਾਂ ਆਜ਼ਾਦ ਸੀ। ਛੇ-ਸੱਤ ਮਹੀਨੇ ਮੈਂ ਘੋੜੇ ਨਾਲ ਗੁਜ਼ਾਰੇ ਸਨ। ਉਸ ਨਾਲ ਟ੍ਰੇਨਿੰਗ ਹੋਈ ਸੀ। ਸਾਡੇ ਕੋਲ ਸਪੈਸ਼ਲਾਈਜ਼ਡ ਵਿਦੇਸ਼ੀ ਟੀਮ ਸੀ, ਜੋ ਮੈਨੂੰ ਘੋੜਸਵਾਰੀ ਸਿਖਾਉਂਦੀ ਸੀ

ਇਤਿਹਾਸਕ ਫਿਲਮ ਕਰਨ ਤੋਂ ਬਾਅਦ ਅਕਸਰ ਕਲਾਕਾਰ ਥੋੜ੍ਹੀ ਜਿਹੀ ਬ੍ਰੇਕ ਲੈਂਦੇ ਹਨ ਤਾਂ ਕਿ ਪਾਤਰ ਦੀ ਤਿਆਰੀ ਕਰ ਸਕਣ ਪਰ ਵਿੱਕੀ ਕੌਸ਼ਲ ਵੱਖਰੀ ਸੋਚ ਰੱਖਦੇ ਹਨ। ਉਹ ਕਹਿੰਦੇ ਹਨ ਕਿ ਚੰਗੀਆਂ ਕਹਾਣੀਆਂ ਤੋਂ ਬਾਅਦ ਹੋਰ ਚੰਗੀਆਂ ਕਹਾਣੀਆਂ ਦਾ ਹਿੱਸਾ ਬਣਨਾ ਹੈ। ਮੈਂ ਜੋ ਫਿਲਮ ਅੱਗੋਂ ਕਰਨ ਵਾਲਾ ਹਾਂ, ਉਸ ਫਿਲਮ ਵਿਚ ਵੀ ਇਕ ਮਹਾਨ ਪਾਤਰ ਦੀ ਕਹਾਣੀ ਹੈ। ਇਹ ਸਭ ਪਾਤਰ ਅਜਿਹੇ ਹਨ, ਜਿੱਥੇ ਮੇਰੀ ਕਲਾ ਦੀ ਪ੍ਰੀਖਿਆ ਹੁੰਦੀ ਹੈ। ਮੈਂ ਅਜਿਹੇ ਮੌਕਿਆਂ ਦਾ ਪਿਛਲੇ 10 ਸਾਲ ਤੋਂ ਇੰਤਜ਼ਾਰ ਕਰ ਰਿਹਾ ਸੀ। ਹੁਣ ਮੌਕੇ ਮਿਲ ਰਹੇ ਹਨ ਤਾਂ ਬਸ ਇਹੀ ਚਾਹੀਦਾ ਹੈ।

## ਆਪਣੀ 'ਬੋਲਡਨੈੱਸ' ਨਾਲ ਮਸ਼ਹੂਰ ਹੋਈ ਅਦਿਤੀ ਮਿਸਤਰੀ



'ਬਿੱਗ ਬੌਸ-18' ਵਿਚ ਡਰਾਮਾ ਅਤੇ ਰੋਮਾਂਸ ਨੂੰ ਵਧਾਉਣ ਲਈ ਵਾਈਲਡ ਕਾਰਡ ਜ਼ਰੀਏ 'ਬਿੱਗ ਬੌਸ' ਦੇ ਘਰ ਵਿਚ ਦਾਖਲਾ ਲੈਣ ਵਾਲੀਆਂ 3 ਮਹਿਲਾ ਅਦਾਕਾਰਾਂ ਵਿਚੋਂ ਅਦਿਤੀ ਮਿਸਤਰੀ ਵੀ ਇਕ ਸੀ। ਹਰਮਨਪਿਆਰੀ ਮਾਡਲ ਅਤੇ ਇੰਵਲੂਐਂਸਰ ਅਦਿਤੀ ਮਿਸਤਰੀ ਮਲਹੋਤਰਾ ਨਾਲ ਸ਼ੋਅ ਵਿਚ ਦਾਖਲਾ ਲਿਆ ਸੀ। ਅਦਿਤੀ ਮਿਸਤਰੀ ਦੇ ਸ਼ੋਅ ਵਿਚ ਦਾਖਲੇ ਤੋਂ ਬਾਅਦ ਸ਼ੋਅ ਦਾ ਪਾਰਾ ਅਚਾਨਕ ਵਧ ਗਿਆ ਸੀ। ਆਪਣੀ ਬੋਲਡਨੈੱਸ ਕਰਕੇ ਸੁਰਖੀਆਂ ਵਿਚ ਰਹਿਣ ਵਾਲੀ ਅਦਿਤੀ ਮਿਸਤਰੀ ਸੋਸ਼ਲ ਮੀਡੀਆ 'ਤੇ ਕਾਫ਼ੀ ਮਸ਼ਹੂਰ ਹੈ। ਉਸ ਨੂੰ ਉਸ ਦੀ ਬੋਲਡਨੈੱਸ, ਆਕਰਸ਼ਣ ਅਤੇ ਫਿਟਨੈੱਸ ਪ੍ਰਤੀ ਜਾਨੂੰਨ ਲਈ ਜਾਣਿਆ ਜਾਂਦਾ ਹੈ। ਕਦੇ ਐਕਟਰ ਸਾਹਿਲ ਖਾਨ ਨੂੰ ਡੇਟ ਕਰ ਚੁੱਕੀ ਅਦਿਤੀ ਅਤੇ ਸਾਹਿਲ ਦੀਆਂ ਵੈਕੇਸ਼ਨਲ ਤੋਂ ਸਾਹਮਣੇ ਆਈਆਂ ਕਈ ਤਸਵੀਰਾਂ ਕਾਰਨ ਵੀ ਉਹ ਸੋਸ਼ਲ ਮੀਡੀਆ 'ਤੇ ਕਾਫ਼ੀ ਸੁਰਖੀਆਂ ਵਿਚ ਰਹਿ ਚੁੱਕੀ ਹੈ। ਅਦਿਤੀ ਮਿਸਤਰੀ ਅਕਸਰ ਆਪਣੀ ਫਿਟਨੈੱਸ ਨਾਲ ਜੁੜੇ ਕੰਟੈਂਟ ਪ੍ਰਸੰਸਕਾਂ ਦੇ ਨਾਲ ਸੋਸ਼ਲ ਮੀਡੀਆ 'ਤੇ ਸਾਂਝਾ ਕਰਦੀ ਰਹਿੰਦੀ ਹੈ। ਉਸ ਦੀ ਦਿਖ, ਉਸ ਦੀ ਗੱਲਬਾਤ ਅਤੇ ਹਰ ਅੰਦਾਜ਼ ਵਿਚ ਉਸ ਦਾ ਆਤਮ-ਵਿਸ਼ਵਾਸ ਸਾਫ਼ ਝਲਕਦਾ ਹੈ। ਇਕੱਲੇ ਇੰਸਟਾਗ੍ਰਾਮ 'ਤੇ ਉਸ ਦੇ ਲਗਭਗ 2.4 ਮਿਲੀਅਨ ਫਾਲੋਅਰਜ਼ ਹਨ। 24 ਸਾਲ ਦੀ ਅਦਿਤੀ ਨੂੰ ਮਾਡਲਿੰਗ ਦੀ ਦੁਨੀਆ ਵਿਚ ਜ਼ਬਰਦਸਤ ਕਾਮਯਾਬੀ ਮਿਲੀ ਹੈ। ਡਿਜੀਟਲ ਮੀਡੀਆ 'ਤੇ ਉਸ ਦਾ ਖ਼ੁਦ ਦਾ ਇਕ ਐਪ ਵੀ ਮੌਜੂਦ ਹੈ, ਜਿਸ ਜ਼ਰੀਏ ਉਸ ਦੇ ਪ੍ਰਸੰਸਕ ਉਸ ਨਾਲ ਫੋਨ 'ਤੇ ਗੱਲ ਕਰਦੇ ਹਨ।

## 'ਸੋਨੀ ਸੱਬ' ਦੇ ਨਵੇਂ ਸ਼ੋਅ ਵਿਚ ਅਮਨਦੀਪ ਸਿੱਧੂ ਦੀ ਝੰਡੀ



'ਸੋਨੀ ਸੱਬ' ਦੇ ਨਵੇਂ ਸ਼ੋਅ 'ਬਾਦਲ' ਪੇ ਪਾਂਵ ਹੈਂ" ਵਿਚ 'ਬਾਣੀ' ਦੀ ਭੂਮਿਕਾ ਨਿਭਾਅ ਰਹੀ ਅਭਿਨੇਤਰੀ ਅਮਨਦੀਪ ਸਿੱਧੂ ਆਪਣੇ ਇਸ ਕਿਰਦਾਰ ਦੀ ਵਜ੍ਹਾ ਕਰਕੇ ਦਰਸ਼ਕਾਂ ਦੇ ਨਾਲ ਸਿੱਧੇ ਤੌਰ 'ਤੇ ਜੁੜ ਚੁੱਕੀ ਹੈ। ਕਦੀ ਹਾਰ ਨਾ ਮੰਨਣ ਵਾਲਾ 'ਬਾਣੀ' ਦਾ ਰਵੱਈਆ ਹਰ ਕਿਸੇ ਨੂੰ ਕਾਫ਼ੀ ਪਸੰਦ ਆ ਰਿਹਾ ਹੈ।

ਪਰਿਵਾਰ, ਪਿਆਰ ਅਤੇ ਚੁਣੌਤੀਆਂ ਸਭ ਕੁਝ ਇਸ ਸ਼ੋਅ ਵਿਚ ਨਜ਼ਰ ਆਉਂਦਾ ਹੈ। ਇਸ ਸ਼ੋਅ ਵਿਚ ਸਾਰੀਆਂ ਹਾਲਤਾਂ ਕੁਝ ਇਸ ਤਰ੍ਹਾਂ ਨਜ਼ਰ ਆਉਂਦੀਆਂ ਹਨ, ਜਿਨ੍ਹਾਂ ਨਾਲ ਦਰਸ਼ਕ ਖ਼ੁਦ ਨੂੰ ਜੁੜਿਆ ਮਹਿਸੂਸ ਕਰਦੇ ਹਨ। ਇਹ ਕੋਈ ਆਮ ਸ਼ੋਅ ਨਹੀਂ ਹੈ। ਇਹ ਇਸ ਤਰ੍ਹਾਂ ਦਾ ਅਨੁਭਵ ਹੈ ਜੋ ਵੱਡੇ ਸੁਪਨੇ ਦੇਖਣ ਦੀ ਹਿੰਮਤ ਕਰਨ ਵਾਲੀ, ਬਾਣੀ ਵਰਗੇ ਆਮ ਲੋਕਾਂ ਦੀ ਸੰਭਾਵਨਾਵਾਂ, ਸੰਘਰਸ਼ਾਂ ਅਤੇ ਜਿੱਤਾਂ ਨੂੰ ਦਰਸਾਉਂਦਾ ਹੈ। ਇਹ ਇਸ ਤਰ੍ਹਾਂ ਦੀ ਕਹਾਣੀ ਹੈ ਜੋ ਸਭ ਰੁਕਾਵਟਾਂ ਦੇ ਬਾਵਜੂਦ ਸੁਪਨਿਆਂ ਨੂੰ ਪੂਰਾ ਕਰਨ 'ਤੇ ਜ਼ੋਰ ਦਿੰਦੀ ਹੈ। 'ਬਾਦਲ ਪੇ ਪਾਵ ਹੈ ਖ਼ਾਸ ਕਰਕੇ ਉਨ੍ਹਾਂ ਕੁੜੀਆਂ ਨੂੰ ਪ੍ਰੇਰਿਤ ਕਰਦਾ ਰਿਹਾ ਹੈ ਜਿਨ੍ਹਾਂ ਨੂੰ ਪੜ੍ਹਾਈ ਜਾਂ ਕੰਮ ਕਰਨ ਦਾ ਮੌਕਾ ਨਹੀਂ ਮਿਲਦਾ। ਇਹ ਸ਼ੋਅ ਉਨ੍ਹਾਂ ਨੂੰ ਸਿਖਾਉਂਦਾ ਹੈ ਕਿ ਦ੍ਰਿੜ੍ਹ ਸੰਕਲਪ ਨਾਲ ਉਹ ਆਪਣੇ ਸੁਪਨਿਆਂ ਦਾ ਪਿੱਛਾ ਕਰਦੇ ਹੋਏ ਆਪਣੇ ਜੀਵਨ ਵਿਚ ਬਦਲਾਅ ਲਿਆ ਰਵੀ ਦੂਬੇ ਅਤੇ ਸਰਗੁਨ ਮਹਿਤਾ ਵਲੋਂ ਬਣਾਏ ਸ਼ੋਅ 'ਬਾਦਲ ਪੇ ਪਾਂਵ ਹੈਂ, ਪੰਜਾਬ ਦੀ ਪਿੱਠਭੂਮੀ 'ਤੇ ਆਧਾਰਿਤ ਹੈ। ਸ਼ੋਅ ਇਕ ਮਿਹਨਤੀ ਅਤੇ ਦ੍ਰਿੜ੍ਹ ਸੰਕਲਪਿਤ ਛੋਟੇ ਸ਼ਹਿਰ ਦੀ ਸਾਧਾਰਨ ਕੁੜੀ, ਬਾਣੀ ਦੀ ਕਹਾਣੀ ਹੈ, , ਜੋ ਸੀਮਤ ਸਾਧਨਾਂ ਨਾਲ ਜਿਊਣ ਦੇ ਵਿਚਾਰ 'ਤੇ ਯਕੀਨ ਨਹੀਂ ਕਰਦੀ। ਉਸ ਦਾ ਮੰਨਣਾ ਹੈ ਕਿ ਭਾਵੇਂ ਜੀਵਨ ਦੇ ਉਸ ਨੂੰ ਸੀਮਤ ਸਾਧਨ ਮਿਲੇ ਹਨ, ਪਰ ਉਸ ਨੇ ਇਨ੍ਹਾਂ ਤੱਕ ਹੀ ਸੀਮਤ ਨਹੀਂ ਰਹਿਣਾ ਹੈ, ਆਪਣੇ ਤੇ ਆਪਣੇ ਪਰਿਵਾਰ ਦੇ ਜੀਵਨ ਨੂੰ ਬਿਹਤਰ ਬਣਾਉਣਾ ਉਸ ਦੇ ਹੱਥ ਵਿਚ ਹੈ। ਉਹ ਆਪਣੀ ਕਿਸਮਤ ਖ਼ੁਦ ਬਣਾਉਣ ਅਤੇ ਆਪਣੇ ਜੀਵਨ ਦੀ ਕਹਾਣੀ ਖ਼ੁਦ ਲਿਖਣ ਵਿਚ ਯਕੀਨ ਕਰਦੀ ਹੈ।ਜੋ ਜ਼ਿੰਦਗੀ ਵਲੋਂ ਉਸ ਦੇ ਸਾਹਮਣੇ ਆਉਣ ਵਾਲੀ ਹਰ ਰੁਕਾਵਟ ਨੂੰ ਪਾਰ ਕਰਨ ਲਈ ਤਿਆਰ ਹੈ। ਅਮਨਦੀਪ ਦਾ ਬਾਣੀ ਵਾਲਾ ਕਿਰਦਾਰ ਬਹੁਤ ਹੀ ਭਰੋਸੇਮੰਦ ਹੈ ਅਤੇ ਕਹਾਣੀ ਵਿਚ ਇਕ ਇਸ ਤਰ੍ਹਾਂ ਦਾ ਪ੍ਰਵਾਹ ਹੈ ਜੋ ਲੋਕਾਂ ਨੂੰ ਬਿਨਾਂ ਕਿਸੇ ਗ਼ੈਰ-ਜ਼ਰੂਰੀ ਮੋੜ ਤੋਂ ਦਿਲਚਸਪੀ ਬਣਾਈ ਰੱਖਦਾ ਹੈ।

# ਅਯੁਧਿਆ ਸਲਵਾਨ ਨੂੰ ਬਰਸੀ 'ਤੇ ਸ਼ਰਧਾਂਜਲੀਆਂ!

'ਪੰਜਾਬ ਟਾਈਮਜ਼ ਦੇ ਆਨਰੇਰੀ ਸਲਾਹਕਾਰ ਬੋਰਡ' ਦੇ ਮੈਂਬਰ, ਸ਼ੁਭ ਚਿੰਤਕ ਅਤੇ ਹਮਦਰਦ ਸ੍ਰੀ ਅਯੁਧਿਆ ਸਲਵਾਨ, ਫਰਵਰੀ 2021 ਨੂੰ ਇਸ ਫਾਨੀ ਦੁਨੀਆ ਨੂੰ ਅਲਵਿਦਾ ਆਖ ਗਏ ਸਨ। ਉਹ 'ਪੰਜਾਬ ਟਾਈਮਜ਼' ਦੇ ਮੋਢੀ ਮੈਂਬਰਾਂ ਵਿਚੋਂ ਇਕ ਸਨ ਅਤੇ ਉਨ੍ਹਾਂ ਨੇ ਅਖਬਾਰ ਨੂੰ ਸ਼ੁਰੂ ਕਰਨ ਵਿਚ ਵੱਡਾ ਰੋਲ ਅਦਾ ਕੀਤਾ। ਉਹ 'ਪੰਜਾਬ ਟਾਈਮਜ਼' ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ (ਮਰਹੂਮ) ਦੇ ਬਹੁਤ ਕਰੀਬ ਸਨ ਅਤੇ ਉਨ੍ਹਾਂ ਹਮੇਸ਼ਾ ਅਖਬਾਰ ਦੀ ਚੜ੍ਹਦੀ ਕਲਾ ਲਈ ਕੰਮ ਕੀਤਾ। ਉਹ ਜਿੱਥੇ ਆਪ ਅਖਬਾਰ ਦੀ ਭਲਾਈ ਲਈ ਕੰਮ ਕਰਦੇ ਉਥੇ ਉਨ੍ਹਾਂ ਨੇ ਲੋਕਾਂ ਨੂੰ ਵੀ ਇਸ ਨਾਲ ਜੋੜਨ ਦੇ ਉਪਰਾਲੇ ਕੀਤੇ।

ਉਨ੍ਹਾਂ ਦੀ ਚੌਥੀ ਬਰਸੀ 'ਤੇ ਅਦਾਰਾ 'ਪੰਜਾਬ ਟਾਈਮਜ਼' ਅਤੇ ਇਸ ਦੇ ਸਲਾਹਕਾਰ ਬੋਰਡ ਦੇ ਸਾਰੇ ਮੈਂਬਰਾਂ ਵਲੋਂ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਂਦੀਆਂ ਹਨ।



ਅਯੁਧਿਆ ਸਲਵਾਨ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਦਰਸ਼ਨ ਸਿੰਘ ਗਰੇਵਾਲ


ਡਾ. ਹਰਗੁਰਮੁਖਪਾਲ ਸਿੰਘ



ਹਰਦਿਆਲ ਸਿੰਘ ਦਿਓਲ


ਡਾ. ਗੁਰਦਿਆਲ ਸਿੰਘ ਬਸਰਾਨ


ਜੈਦੇਵ ਸਿੰਘ ਭੱਠਲ


ਜਗਦੀਸ਼ਰ ਸਿੰਘ ਕਲੇਰ


ਗੁਰਚਰਨ ਸਿੰਘ ਗਰੇਵਾਲ


ਹਰਜੀਤ ਸਿੰਘ ਸਾਹੀ


ਦਰਸ਼ਨ ਸਿੰਘ ਦਰੜ



ਮਨਦੀਪ ਸਿੰਘ ਭੂਰਾ


ਰਾਜਿੰਦਰ ਸਿੰਘ ਬੈਂਸ


ਸੁਰਿੰਦਰ ਸਿੰਘ ਸੁੰਨੜ


ਰਘਬੀਰ ਸਿੰਘ ਘੁੰਨ


ਪਰਮਿੰਦਰ ਸਿੰਘ ਵਾਲੀਆ


ਅਮਰੀਕ ਸਿੰਘ (ਅਮਰ ਕਾਰਪੈਟ)


ਜਸਕਰਨ ਸਿੰਘ ਧਾਲੀਵਾਲ


ਡਾ. ਤੇਜਿੰਦਰ ਸਿੰਘ ਮੰਡੇਰ


ਅਵਤਾਰ ਸਿੰਘ ਸਪਰਿੰਗਫੀਲਡ



ਗੁਲਜ਼ਾਰ ਸਿੰਘ ਮੁਲਤਾਨੀ


ਭੁਪਿੰਦਰ ਸਿੰਘ ਧਾਲੀਵਾਲ



ਗੁਰਦੇਵ ਸਿੰਘ ਜੌੜਾ


ਅੰਮ੍ਰਿਤਪਾਲ ਸਿੰਘ ਸੰਘਾ


ਜਸਵੀਰ ਕੌਰ ਢਿਲੋਂ


ਡਾ. ਇਨਕਲਾਬੀ ਥਾਂਦੀ


ਡਾ. ਨਵਦੀਪ ਕੌਰ ਸੰਧੂ



ਬਲਵਿੰਦਰ ਕੌਰ (ਨਿੱਕੀ) ਸੇਖੋਂ



ਹਰਵਿੰਦਰ ਪਾਲ ਸਿੰਘ ਲੈਲ


ਜਗਜੀਤ ਸਿੰਘ ਢੀਂਡਸਾ


ਸਰਵਣ ਸਿੰਘ ਟਿਵਾਣਾ


ਸੁਖਮੇਲ ਸਿੰਘ ਅਟਵਾਲ


ਸ. ਹੈਪੀ ਸਿੰਘ ਹੀਰ


ਅਮੋਲਕ ਸਿੰਘ ਗਾਖਲ


ਜੱਸੀ ਗਿੱਲ